# ਆਸ ਅਜੇ ਬਾਕੀ ਹੈ

(ਕਹਾਣੀ ਸੰਗ੍ਰਹਿ)



**ਇਸੇ ਕਲਮ ਤੋਂ**

ਉਸ ਪਲ (ਕਹਾਣੀ ਸੰਗ੍ਰਹਿ) -2015

ਸੱਤ ਪਰੀਆਂ (ਬਾਲ ਕਹਾਣੀ ਸੰਗ੍ਰਹਿ) 2014,2015



ਭਾਰਤੀ ਸਾਹਿਤ ਅਕਾਦਮੀ ਯੁਵਾ ਪੁਰਸਕਾਰ ਪ੍ਰਾਪਤ

# ਆਸ ਅਜੇ ਬਾਕੀ ਹੈ

ਸਿਮਰਨ ਧਾਲੀਵਾਲ

ਸਾਹਿਬਦੀਪ ਪ੍ਰਕਾਸ਼ਨ ਭੀਖੀ (ਮਾਨਸਾ)
ਪੰਜਾਬ-151504

**Aas Aje Baki Hai**
By
Simran Dhaliwal
V.P.O. Dhariwal Teh. Patti
Distt:TarnTaran-143416
Mob:94632-15168
Email:dhaliwalsimran77@gmail.com

**ISBN:978-93-84717-12-4**

Price:₹100

© Author
Peparback
Printed & Bound in India
Wishav Printing Agency
75086-75501

Edition: Second-2015

SAHIBDEEP PUBLICATON,
BHIKHI (MANSA)-INDIA
-151504
MOB.099889-13155,
Email-sahibdeep2013@gmail.com

www.facebook.com/pages/Sahibdeep-Publication-bhikhi

All rights are reserved. No Part of this publication may be reproduced, stored in a retrieval system or transmitted, in any form or by any means, mechanical, photocopying, recording or otherwise, without prior written permission of the author and publisher.



## -ਸਮਰਪਿਤ-

ਪਰਿਵਾਰ ਅਤੇ ਪਿਆਰੇ ਦੋਸਤਾਂ ਦੇ ਨਾਂ

## ਤਰਤੀਬ


ਪ੍ਰਤੀਕਰਮ/7
ਘੁੰਮਣਘੇਰੀਆਂ/10
ਮੈਂ ਨਾਟਕ ਤੇ ਜ਼ਿੰਦਗੀ/20
ਆਸ ਅਜੇ ਬਾਕੀ ਹੈ/32
ਪੱਟੀ ਤੋਂ ਪਟਿਆਲਾ ਵਾਇਆ ਬੁੱਘੀਪੁਰਾ/40
ਕੇਂਦਰ ਬਿੰਦੂ/50
ਰੂਪ ਤੂੰ ਨਾ ਜਾਹ/61
ਲਾਲ ਚੂੜੀਆਂ/68
ਅਧੂਰੀ ਕਹਾਣੀ ਤੇ ਉਹ/77
ਹੁਣ ਮੈਂ ਝੂਠ ਨਹੀਂ ਬੋਲਦਾ/84




## ਪ੍ਰਤੀਕਰਮ

ਇਹ ਸਭ ਕਹਾਣੀਆਂ ਮੁੱਖ ਸਮੱਸਿਆਂ ਦੀ ਪੇਸ਼ਕਾਰੀ ਵਜੋਂ ਤਾਂ ਵੱਖ-ਵੱਖ ਹਨ ਪਰ ਇਹਨਾਂ ਵਿਚ ਉੱਪ ਸਮੱਸਿਆਵਾਂ ਵਜੋਂ ਕਈ ਤੰਦਾਂ ਸਾਂਝੀਆਂ ਹਨ। ਜਿਨ੍ਹਾਂ ਰਾਹੀਂ ਪਿਆਰ ਤੇ ਵਿਆਹ ਸਬੰਧ, ਜਾਤ-ਪਾਤ, ਭ੍ਰਿਸ਼ਟਾਚਾਰ, ਬੇਰੁਜ਼ਗਾਰੀ, ਵਿਵਸਥਾ ਅਤੇ ਭੂਪਵਾਦੀ ਸੰਸਕਾਰਾਂ ਦਾ ਸੱਚ ਬਹੁਤ ਖ਼ੂਬਸੂਰਤੀ ਨਾਲ ਰੂਪਮਾਨ ਹੋਇਆ ਹੈ। 'ਰੂਪ ਤੂੰ ਨਾ ਜਾਹ' ਅਤੇ 'ਕੇਂਦਰ ਬਿੰਦੂ' ਇਹਨਾਂ ਨਾਲੋਂ ਰਤਾ ਹਟਵੀਆਂ ਕਹਾਣੀਆਂ ਹਨ, ਜਿਨ੍ਹਾਂ ਵਿਚ ਸਮਲਿੰਗਤਾ ਬਾਜ਼ਾਰ ਅਤੇ ਬਾਜ਼ਾਰ ਦੇ ਫੈਲਾਅ ਵਰਗੇ ਨਵੇਂ ਮੁੱਦਿਆਂ ਨੂੰ ਛੋਹਿਆ ਗਿਆ ਹੈ। ਭਾਸ਼ਾਗਤ ਮੁਹਾਰਤ ਅਤੇ ਕਹਾਣੀ ਕਹਿਣ ਦੀ ਉਸਦੀ ਜੁਗਤ ਬਾਰੇ ਤਾਂ ਇਸ ਤੋਂ ਵੱਧ ਕੀ ਕਿਹਾ ਜਾਵੇ ਕਿ ਵਿਸ਼ਾ ਵਸਤੂ ਭਾਵੇਂ ਕਿੰਨਾ ਵੀ ਰੁੱਖਾ ਮਿੱਸਾ ਹੋਵੇ, ਸਿਮਰਨ ਦੀ ਕਹਾਣੀ ਰਚਨਾ ਵਿਚ ਰਸਿਕਤਾ ਦੀ ਕੋਈ ਘਾਟ ਨਹੀਂ ਮਹਿਸੂਸ ਹੋ ਸਕਦੀ।

**-ਸਿਰਜਣਾ**

ਸਿਮਰਨ ਧਾਲੀਵਾਲ ਨੇ ਆਪਣੀਆਂ ਕੁਝ ਕੁ ਕਹਾਣੀਆਂ ਦੁਆਰਾ ਹੀ ਸਮਕਾਲ ਦੀ ਪੰਜਾਬੀ ਕਹਾਣੀ ਵਿਚ ਆਪਣੀ ਅਲੱਗ ਪਹਿਚਾਣ ਬਣਾਈ ਹੈ। ਉਹ ਆਧੁਨਿਕ ਜੀਵਨ ਦੇ ਨਵੇਂ ਯਥਾਰਥ ਦੀਆਂ ਪੇਚੀਦਗੀਆਂ ਨੂੰ ਸਮਝਣ ਵਾਲਾ ਕਥਾਕਾਰ ਹੈ। ਆਪਣੀਆਂ ਕਹਾਣੀਆਂ ਦੁਆਰਾ ਉਸਨੇ ਸਮਕਾਲ ਦੇ ਜਟਿਲ ਵਸਤੂ-ਜਗਤ ਦੀਆਂ ਅਸਮਾਨਤਾਵਾਂ ਨੂੰ ਮਨੁੱਖ ਦੇ ਮਾਨਸਿਕ ਕਸ਼ਮਕਸ਼ ਦੁਆਰਾ ਪੇਸ਼ ਕਰਕੇ ਰੌਚਿਕ ਕਥਾ-ਬਿੰਬਾਂ ਦੀ ਸਿਰਜਣਾ ਕੀਤੀ ਹੈ। ਮਨੁੱਖੀ ਮਨ ਦੀਆਂ ਦਿਸਦੀਆਂ ਅਤੇ ਅਣਦਿਸਦੀਆਂ ਪਰਤਾਂ ਨੂੰ ਸਮਾਜਕ ਪ੍ਰਬੰਧ ਦੇ ਅਸਾਵੇਂ ਰੂਪ ਨਾਲ ਜੋੜ ਕੇ ਪੇਸ਼ ਕਰਦਿਆਂ ਉਹ ਮਨੋਯਥਾਰਥ ਦੇ ਗੁੱਝੇ ਧਰਾਤਲ 'ਤੇ ਆਪਣੇ ਕਲਾ-ਬਿੰਬਾਂ ਦੀ ਉਸਾਰੀ ਕਰ ਜਾਂਦਾ ਹੈ।

ਸਿਮਰਨ ਨੇ ਆਪਣੀ ਕਹਾਣੀ ਨੂੰ ਜਟਿੱਲ ਕਥਾ ਜੁਗਤਾਂ ਤੋਂ ਰਹਿਤ ਰੱਖਿਆ ਹੈ। ਇਸਦੇ ਨਾਲ ਹੀ ਠੇਠ ਭਾਸ਼ਾਈ ਮੁਹਾਵਰਾ, ਠੋਸ ਵਾਰਤਾਲਾਪ ਤੇ ਮਨੋ ਸੰਸਾਰ ਦੀ ਸੁਭਾਵਕ ਪੇਸ਼ਕਾਰੀ ਨਾਲ ਉਹ ਪਾਤਰਾਂ ਦੀਆਂ ਗੁੰਝਲਦਾਰ ਮਾਨਸਿਕ ਬਣਤਰਾਂ ਨੂੰ ਖੋਲ੍ਹਦਾ ਜਾਂਦਾ ਹੈ। ਉਸਦੀ ਕਹਾਣੀ ਸੌਖੀ ਤੇ ਕਥਾ ਰਸ ਨਾਲ ਭਰੀ ਹੈ।

**-ਸ਼ਬਦ**

ਸਿਮਰਨ ਧਾਲੀਵਾਲ ਦੀਆਂ ਇਨ੍ਹਾਂ ਸਾਰੀਆਂ ਹੀ ਕਹਾਣੀਆਂ ਦਾ ਪੈਟਰਨ ਉੱਤਮ ਪੁਰਖੀ ਹੈ। ਅਖਾਣ-ਮੁਹਾਵਰਿਆਂ ਦੀ ਵਰਤੋਂ ਸਾਰੀਆਂ ਹੀ ਕਹਾਣੀਆਂ ਵਿਚ ਭਰਪੂਰ ਰੂਪ ਵਿਚ ਹੋਈ ਹੈ। ਭਾਸ਼ਾ ਸਰਲ, ਠੇਠ ਅਤੇ ਭਾਵਪੂਰਕ ਹੈ। ਛੋਟੇ-ਛੋਟੇ ਵਾਕ ਰਚਨਾ ਨੂੰ ਹੋਰ ਵੀ ਖ਼ੂਬਸੂਰਤੀ ਪ੍ਰਦਾਨ ਕਰਦੇ ਹਨ। ਇਨ੍ਹਾਂ ਕਹਾਣੀਆਂ ਰਾਹੀਂ ਕਹਾਣੀਕਾਰ ਨੇ ਬੰਦੇ ਅੰਦਰ ਬੈਠੇ ਬੰਦੇ ਨੂੰ ਫੜਨ ਦਾ ਯਤਨ ਕੀਤਾ ਹੈ। ਪ੍ਰਸਥਿਤੀਆਂ ਮਾਨਸਿਕਤਾ ਤੇ ਕਿਵੇਂ ਅਤੇ ਕੀ ਅਸਰ ਕਰਦੀਆਂ ਹਨ, ਇਹੀ ਇਨ੍ਹਾਂ ਕਹਾਣੀਆਂ ਦਾ ਮੂਲ ਸਰੋਕਾਰ ਹੈ।

**-ਅੱਖਰ**

ਸਾਰੀਆਂ ਹੀ ਕਹਾਣੀਆਂ ਦੀ ਬੋਲੀ, ਸ਼ੈਲੀ, ਵਿਉਂਤ, ਤਕਨੀਕ ਲਗਪਗ ਸਮਾਨ ਹੈ ਤੇ ਬਹੁਤੇ ਸਮਕਾਲੀਨ ਕਥਾਕਾਰਾਂ ਤੋਂ ਨਿਵੇਕਲੀ ਤੇ ਮੌਲਿਕ। ਲੇਖਕ ਮਨੋ ਬਚਨੀ, ਉਤਮ ਪੁਰਖ ਅਤੇ ਫਲੈਸ਼ਬੈਕ ਢੰਗ ਦੀ ਵਰਤੋਂ ਕਰਦਾ ਹੈ। ਛੋਟੇ-ਛੋਟੇ ਭਾਵਪੂਰਕ ਵਾਕ ਉਸ ਦਾ ਹਾਸਲ ਹਨ। ਰਚਨਾ ਵਿਚ ਪ੍ਰੋਢਤਾ ਅਤੇ ਗੰਭੀਰਤਾ ਹੈ।

**-ਮਹਿਰਮ**

ਲੇਖਕ ਹਰ ਕਹਾਣੀ ਵਿਚ ਘਟਨਾਵਾਂ ਨੂੰ ਮਨੋਵਿਗਿਆਨਕ ਦ੍ਰਿਸ਼ਟੀਕੋਣ ਤੋਂ ਫੜ੍ਹਨ ਜਾਨਣ ਅਤੇ ਪਰਖਣ ਦੀ ਕੋਸ਼ਿਸ਼ ਕਰਦਾ ਹੈ। 'ਆਸ ਅਜੇ ਬਾਕੀ ਹੈ' ਇਸ ਪੁਸਤਕ ਦੀ ਸਭ ਤੋਂ ਜਾਨਦਾਰ ਕਹਾਣੀ ਹੈ। ਇਸ ਵਿਚ ਆਰਥਿਕਤਾ ਨੂੰ ਧੁਰਾ ਮੰਨ ਕੇ ਜ਼ਿੰਦਗੀ ਦੇ ਹਰ ਪੱਖ ਉੱਪਰ ਪੈਣ ਵਾਲੇ ਇਸਦੇ ਪ੍ਰਭਾਵਾਂ ਨੂੰ ਪੇਸ਼ ਕੀਤਾ ਗਿਆ ਹੈ। ਇਹਨਾਂ ਕਹਾਣੀਆਂ ਵਿਚ ਸਮਾਜਕ ਨਾ ਬਰਾਬਰੀ, ਮਾਨਸਿਕ ਅਤੇ ਸਰੀਰਕ ਲੋੜ ਅਤੇ ਵਿਸ਼ਵੀਕਰਨ ਦੇ ਵਰਤਾਰਿਆਂ ਨੂੰ ਪੇਸ਼ ਕੀਤਾ ਗਿਆ ਹੈ। ਭਾਸ਼ਾ ਸ਼ੈਲੀ ਵਧੀਆ ਹੈ।

**-ਪ੍ਰਤਿਮਾਨ**

ਭਾਸ਼ਾਈ ਕੌਸ਼ਲਤਾ ਠੇਠ ਮੁਹਾਵਰਾ ਸਿਮਰਨ ਧਾਲੀਵਾਲ ਦੀ ਭਾਸ਼ਾਗਤ ਖਾਸੀਅਤ ਹੈ। ਸ਼ਿਲਪਕਾਰੀ ਪੱਖੋਂ ਵੇਖਿਆ ਜਾਵੇ ਤਾਂ ਉਸ ਦਾ ਕਥਾ ਬਿਰਤਾਂਤ ਕਿਸੇ ਮਾਨਸਿਕ ਅਥਵਾ ਵਸਤੂਗਤ ਸਥਿਤੀ ਤੋਂ ਆਰੰਭ ਹੋ ਕੇ 'ਰਹੱਸ ਸਿਰਜਣ' ਵਿਚ ਆਉਂਦਾ ਹੈ ਅਤੇ ਫਿਰ ਹੌਲੀ-ਹੌਲੀ ਇਸ ਰਹੱਸ ਦਾ ਉਦਘਾਟਨ ਹੁੰਦਾ ਹੈ। ਸੰਕੇਤ ਲਟਕਾਓ, ਅਧੂਰਾ ਪ੍ਰਗਟਾਓ, ਸਥਗਨ ਮੁੱਖ ਬਿਰਤਾਂਤ ਵਿਚ ਲਘੂ ਪ੍ਰਸੰਗ ਬੀੜਣਾ, ਨਾਟਕੀ ਤਬਦੀਲੀ, ਉਸ ਦੀਆਂ ਅਜਿਹੀਆਂ ਬਿਰਤਾਂਤਕ ਜੁਗਤਾਂ ਹਨ, ਜਿਨ੍ਹਾਂ ਸਦਕਾ ਉਹ ਕਥਾ ਬਿਰਤਾਂਤ ਨੂੰ ਲਕੀਰੀ ਤੇ ਸਰਲ ਨਹੀਂ ਰਹਿਣ ਦਿੰਦਾ। ਬਿਰਤਾਂਤਕਾਰੀ ਦੀ ਉਸ ਦੀ ਪ੍ਰਮੁੱਖ ਵਿਧੀ 'ਚੇਤਨਾ ਪ੍ਰਵਾਹ' ਤੇ 'ਏਕਾਲਾਪ' ਦੀ ਹੈ। ਵਾਰਤਾਲਾਪੀ ਅੰਸ਼, ਨਾਟਕੀ ਮੋੜ ਇਸ ਵਿਚ ਨਾਟਕੀ ਰੰਗ ਭਰਦੇ ਹਨ। ਚੇਤਨਾ ਦੇ ਪ੍ਰਵਾਹ ਵਿਚ ਵਹਿੰਦਿਆਂ ਪਾਤਰ ਦੀ ਸੂਰਤ ਕਿਸੇ ਖਿਆਲ ਤੇ ਆ ਕੇ ਨਾਟਕੀ ਮੋੜ ਖਾ ਜਾਂਦੀ ਹੈ। ਇਹ 'ਮੋੜ' ਬਿਰਤਾਂਤ ਨੂੰ ਗਤੀ ਵੀ ਦਿੰਦਾ ਹੈ ਤੇ ਨਵੀਂ ਦਿਸ਼ਾ ਵੀ।



**-ਨਵਾਂ ਜ਼ਮਾਨਾ**

ਇਸ ਕਿਤਾਬ ਦੀਆਂ ਕਹਾਣੀਆਂ ਮਨੋਵਿਗਿਆਨਕ ਧਰਾਤਲ 'ਤੇ ਲਿਖੀਆਂ ਗਈਆਂ ਹਨ। ਲੇਖਕ ਗੱਲ ਦੇ ਵਿਚੋਂ ਗੱਲ ਕੱਢਦਾ ਹੈ। ਪਾਤਰਾਂ ਦੀ ਮਾਨਸਿਕ ਟੁੱਟ-ਭੱਜ ਦੇ ਕਾਰਨ, ਸਮਾਜਕ ਵੀ ਨੇ ਆਰਥਿਕ ਵੀ ਤੇ ਸਰੀਰਕ ਵੀ। ਭਾਸ਼ਾ ਸਰਲ ਅਤੇ ਮੁਹਾਵਰੇਦਾਰ ਹੈ।

**-ਅਜੀਤ**

ਇਹ ਸਾਰੀਆਂ ਹੀ ਕਹਾਣੀਆਂ ਮਨੁੱਖੀ ਮਨ ਤੇ ਫੋਕਸ ਹਨ। ਮਨੁੱਖੀ ਮਨ ਉੱਪਰ ਸਥਿਤੀਆਂ ਕਿਵੇਂ ਅਸਰ ਕਰਦੀਆਂ ਹਨ, ਇਹ ਇਹਨਾਂ ਕਹਾਣੀਆਂ ਰਾਹੀਂ ਦੇਖਿਆ ਜਾ ਸਕਦਾ ਹੈ। ਮਨ ਦੀਆਂ ਅਨੇਕਾਂ ਪਰਤਾਂ ਹਨ। ਇਨਸਾਨ ਦਾ ਵਿਹਾਰ ਸਥਿਤੀਆਂ ਨਾਲ ਬਦਲਦਾ ਹੈ। ਬੰਦੇ ਦੀਆਂ ਇਹਨਾਂ ਹੀ ਪਰਤਾਂ ਨੂੰ ਕਹਾਣੀਕਾਰ ਆਪਣੀਆਂ ਵਿਚ ਚਿਤਰ ਰਿਹਾ ਹੈ। ਸ਼ੈਲੀ ਪਾਠਕਾਂ ਨੂੰ ਬੰਨ੍ਹ ਕੇ ਰੱਖਣ ਵਾਲੀ ਹੈ ਅਤੇ ਕਹਾਣੀ ਨਾਲ ਜੋੜਨ ਤੇ ਨਾਲ ਤੋਰਨ ਵਾਲੀ ਹੈ।

**-ਮੇਘਲਾ**

## ਘੁੰਮਣਘੇਰੀਆਂ

ਮੈਂ ਹੁਣ ਸਹਿਜ ਹਾਂ।

ਸ਼ਾਂਤ ਤੇ ਅਡੋਲ।

ਜਿਵੇਂ ਸਮੁੰਦਰ ਵਿੱਚ ਤੂਫ਼ਾਨ ਆ ਕੇ ਚਲਿਆ ਗਿਆ ਹੋਵੇ। ਇਹ ਮਨ ਵੀ ਤਾਂ ਕਿਸੇ ਸਮੁੰਦਰ ਵਾਂਗ ਹੈ ਕਿੰਨੇ ਹੀ ਜਵਾਰਭਾਟੇ ਉਠਦੇ ਨੇ ਇਸ ਵਿੱਚ। ਮਨ ਵਿੱਚ ਉਠੇ ਇਸ ਸ਼ੋਰ ਤੋਂ ਹੀ ਤਾਂ ਲੁਕਿਆ ਬੈਠਾਂ ਸਾਂ ਮੈਂ।

ਪਰ ਹੁਣ .......

ਉਹ ਸਾਰਾ ਬੋਝ ਮੈਂ ਲਾਹ ਸੁੱਟਿਆ ਹੈ।

ਇਸੇ ਲਈ, ਹੁਣ ਮੈਂ ਸ਼ਾਂਤ ਹਾਂ।

ਹੁਣ ਮੈਂ ਸਹਿਜ ਹਾਂ।

ਮੈਨੂੰ ਕਾਮਰੇਡ ਚੇਤਨ ਦੀ ਉਹ ਗੱਲ ਯਾਦ ਆਈ। ਉਸਨੇ ਆਖਿਆ ਸੀ,

"ਜੀਣਾ ਹੈ ਤੋ ਮਰਨਾ ਸੀਖੋ !"

ਪਰ ਮੈਂ......ਚੇਤਨ ਤਾਂ.....!

ਕੁੱਝ ਪਲ ਪਹਿਲਾਂ ਚੇਤਨ ਦੀ ਆਵਾਜ਼ ਮੇਰੇ ਕੰਨਾਂ ਵਿੱਚ ਗੂੰਜ ਰਹੀ ਸੀ ।

"ਭੱਜ ਲੈ ਜੈਲੀ.....ਜੈਲੀ ਭੱਜ ਲੈ ......।"

ਪਰ ਉਸੇ ਹੀ ਪਲ ਜਿਵੇਂ ਕਿੱਧਰੇ ਬਾਪੂ ਬੋਲਿਆ ਹੋਵੇ ।

"ਤਵਾਜ਼ਨ ਹਿਲ ਗਿਆ ਤੇਰਾ। ਮੈਂ ਕਿਹਾ ਸੀ ਨਾ ਬਚ ਲਓ ! ਡਾਢੇ ਦੀ ਮਾਰ ਬੁਰੀ ਹੁੰਦੀ ।"

ਗੁਰਜੀਤ ਦੇ ਨਾਲ-ਨਾਲ ਹੁਣ ਬਾਪੂ ਵੀ ਇਹੀ ਸਮਝਦਾ। ਪਰ ਕੀ ਗੋਲ਼ੀ ਵੱਜੀ ਹੈ ਮੇਰੇ ਤਵਾਜ਼ਨ ਨੂੰ ? ਗੋਲ਼ੀ ਤਾਂ ਅਨੰਦ ਚੇਤਨ ਨੂੰ ਵੱਜੀ ਸੀ।

ਉਸ ਨੂੰ ਤੜਫ਼ਦਿਆਂ ਛੱਡ ਕੇ ਮੈਂ ਭੱਜ ਨਿਕਲਿਆ। ਪਰ ਦੁਸ਼ਮਣ ਤਾਂ ਮੇਰੇ ਆਪਣੇ ਘਰ ਬੈਠਾ ਸੀ ।

ਅੱਖਾਂ ਸਾਹਵੇਂ ਜਿਵੇਂ ਹਨ੍ਹੇਰਾ ਪਸਰ ਗਿਆ। ਹੋਸ਼ ਪਰਤੀ ਤਾਂ ਹਸਪਤਾਲ ਪਿਆਂ ਸਾਂ। ਬਾਪੂ ਸਿਰਹਾਣੇ ਬੈਠਾ ਸੀ । ਉਸਦੇ ਚਿਹਰੇ ਉਪਰ ਸੈਂਕੜੇ ਸਵਾਲ ਲਟਕਦੇ ਪਏ ਸਨ। ਪਰ ਮੈਂ ਨਿਰਉਤਰ ਸਾਂ। ਬੋਲਣਾ ਚਾਹੁੰਦਾ ਸਾਂ ਪਰ ਮੇਰੇ ਅੰਦਰੋਂ ਅਵਾਜ਼ ਨਾ ਨਿਕਲੀ । ਬਾਪੂ ਉਠ ਕੇ ਚਲਾ ਗਿਆ।

.....ਤੇ ਮੈਂ ਮੁੜ ਘਰ ਨਾ ਵੜਿਆ ।

ਇੱਕ ਦੌੜ ਸ਼ੁਰੂ ਹੋ ਗਈ ਸੀ ਜਿਵੇਂ। ਅੰਦਰ ਵੀ ਤੇ ਬਾਹਰ ਵੀ। ਇੱਕ ਭਟਕਣਾ ਮੈਨੂੰ ਭਟਕਾਈ ਰੱਖਦੀ। ਲੱਗਦਾ ਜਿਵੇਂ ਕਿੱਧਰੇ ਕਾਮਰੇਡ ਚੇਤਨ ਮੈਨੂੰ ਸਮਝਾ ਰਿਹਾ ਹੋਵੇ। ਬਿਲਕੁਲ ਉਸੇ ਤਰ੍ਹਾਂ। ਉਸੇ ਅੰਦਾਜ਼ ਵਿੱਚ।



"ਸਾਥੀ ਸਿਰਫ਼ ਭਾਵੁਕ ਹੋਣਾ ਹੀ ਸਾਰਾ ਕੁੱਝ ਨਹੀਂ ਹੁੰਦਾ। ਕੱਚੀ ਉਮਰ ਦੀਆਂ ਯਾਰੀਆਂ ਤਾਂ ਇੰਜ ਹੀ ਹੁੰਦੀਆਂ ਨੇ । ਤੁਸਾਂ ਨੌਜਵਾਨਾਂ ਨੇ ਹੀ ਨਵਾਂ ਸਮਾਜ ਸਿਰਜਣਾ। ਪਾਸ਼ ਨੂੰ ਪੜ੍ਹ ਕੇ ਦੇਖ.....! ਕੀ ਆਖਦਾ ਉਹ ? ਹੱਥ ਜੇ ਹੋਣ ਤਾਂ ਹੀਰ ਹੱਥੋਂ ਚੂਰੀ ਫੜ੍ਹਨ ਲਈ ਹੀ ਨਹੀਂ ਹੁੰਦੇ ।"

ਉਦੋਂ ਵੀ ਕਾਮਰੇਡ ਚੇਤਨ ਬੋਲ ਰਿਹਾ ਸੀ , ਪਰ ਮੈਂ ਪਾਸ਼ ਦੇ ਹੀ ਬੋਲਾਂ 'ਚ ਕਿੱਥੇ ਗੁਆਚ ਗਿਆ ਸੀ ।

ਪਾਸ਼ ਤਾਂ ਇਹ ਵੀ ਆਖਦਾ ਹੈ ਕਿ ਹੱਥ ਸਿਰਫ਼ ਕਿਰਤ ਕਰਨ ਲਈ ਹੀ ਨਹੀਂ ਹੁੰਦੇ ਲੋਟੂ ਹੱਥਾਂ ਨੂੰ ਤੋੜਨ ਲਈ ਵੀ ਹੁੰਦੇ ਨੇ .....।

ਰਾਜੀਵ ਸੇਠੀ ਨੇ ਲੁਟਿਆ ਸੀ ਮੈਨੂੰ। ਮੈਨੂੰ ਹਵਾ ਵਿੱਚ ਉਸਦਾ ਚਿਹਰਾ ਦਿਸਣ ਲੱਗਦਾ।

"ਆ ਦੱਸਾਂ ਤੈਨੂੰ ਕਿਵੇਂ ਠੱਗੀਆਂ ਮਾਰੀ ਦੀਆਂ ਨੇ। ਤੇਰੀ ਭੈਣ.....।"

ਮੈਨੂੰ ਦੌਰਾ ਜਿਹਾ ਪੈਣ ਲੱਗਦਾ।

ਬਾਪੂ ਜਿਵੇਂ ਕਿਸੇ ਬੋਝ ਥੱਲੇ ਦੱਬ ਗਿਆ ਸੀ। ਉਹ ਹੱਥ-ਪੈਰ ਮਾਰਦਾ ਰਿਹਾ। ਪਰ ਲੀਹੋਂ ਲੱਥੀ ਗੱਡੀ ਮੁੜ ਲੀਹੇ ਨਾ ਚੜ੍ਹੀ।

"ਭਾਈ ਗੱਡੀ ਮੰਗਦੇ ਅਗਲੇ। ਹੱਡ ਵੇਚ ਦਿਆਂ ਹੁਣ .....।"

ਅਮਨ ਦੇ ਸਹੁਰਿਆਂ ਦੀ ਗੱਲ ਸੁਣ ਕੇ ਬਾਪੂ ਜਿਵੇਂ ਧੁਰ ਤੱਕ ਕੰਬ ਗਿਆ ਸੀ। ਵਿਆਹ ਦੇ ਕਾਰਡ ਤੱਕ ਵੰਡੇ ਗਏ ਸੀ ।

ਪਰ ਅਚਾਨਕ.....

ਵਿਚੋਲਾ ਰਿਸ਼ਤੇ ਤੋਂ ਸਿਰ ਫੇਰ ਗਿਆ ਸੀ। ਬਾਪੂ 'ਤੇ ਜਿਵੇਂ ਅਸਮਾਨੀ ਬਿਜਲੀ ਆਣ ਡਿੱਗੀ ਹੋਵੇ।

..ਤੇ ਇਸ ਤੋਂ ਵੀ ਵੱਡਾ ਕਹਿਰ ਉਦੋਂ ਟੁੱਟਿਆ ਜਦੋਂ ਸਵੇਰੇ ਬੈਠਕ ਵਿੱਚੋਂ ਅਮਨ ਦੀ ਲਾਸ਼ ਮਿਲੀ ਸੀ ।

ਫਾਹਾ ਲੈ ਲਿਆ ਸੀ ਉਸਨੇ। ਬਾਪੂ ਦੇ ਸਿਰੋਂ ਬੋਝ ਉਤਾਰਨ ਦਾ ਸ਼ਾਇਦ ਇਸ ਤੋਂ ਸੌਖਾ ਰਾਹ ਉਸਨੂੰ ਹੋਰ ਕੋਈ ਨਹੀਂ ਸੀ ਦਿੱਸਿਆ।

ਜਿਸ ਨੇ ਸੁਹਾਗ ਦਾ ਜੋੜਾ ਪਾਉਣਾ ਸੀ, ਵਿਹੜੇ ਵਿੱਚ ਉਸਦੀ ਲਾਸ਼ ਪਈ ਸੀ ।

ਬੇਬੇ ਦੀਆਂ ਚੀਕਾਂ ਜਿਵੇਂ ਅੰਬਰ ਤੀਕ ਗੂੰਜ ਉਠੀਆਂ। ਪਰ ਬਾਪੂ ਤਾਂ ਜਿਵੇਂ ਬੁੱਤ ਬਣ ਕੇ ਰਹਿ ਗਿਆ ਸੀ। ਅਡੋਲ ਪੱਥਰ ।

"ਕਿੰਨਾ ਜਜ਼ਬਾਤ ਹੀਣ ਹੋ ਗਿਆ ਏ ਤੂੰ । ਕਿਸੇ ਨਿਰਜਾਨ ਪੱਥਰ ਵਰਗਾ । ਬੇਈਮਾਨ । ਬੇਵਫ਼ਾ......।"

ਉਸ ਦਿਨ ਬਾਰ-ਬਾਰ ਮੇਰੀਆਂ ਅੱਖਾਂ ਅੱਗੇ ਰਮਨ ਦਾ ਚਿਹਰਾ ਘੁੰਮਦਾ ਰਿਹਾ। ਕਿਸ ਗੁਨਾਹ ਦੀ ਸਜ਼ਾ ਦਿੱਤੀ ਸੀ ਮੈਂ ਉਸਨੂੰ ?

ਮੈਂ ਖ਼ੁਦ ਨੂੰ ਪੁੱਛਦਾ ।

"ਪਿਆਰ ਕਰਨ ਦੀ ਸਜ਼ਾ!"

ਮੇਰੇ ਹੀ ਅੰਦਰੋਂ ਕੋਈ ਬੋਲਣ ਲੱਗਦਾ।

ਉਹ ਮੇਰੀ ਮਰਦਾਨਗੀ ਨੂੰ ਲਲਕਾਰਦੀ ਰਹੀ ਤੇ ਮੈਂ ਘੁੱਗੂ ਜਿਹਾ ਬਣ ਕੇ ਕਿਸੇ ਕ੍ਰਿਸ਼ਮੇ ਦੇ ਵਾਪਰਨ ਦਾ ਇੰਤਜ਼ਾਰ ਕਰਦਾ ਰਿਹਾ।

ਪਰ ਨਾ ਹੀ ਕੋਈ ਕ੍ਰਿਸ਼ਮਾ ਵਾਪਰਿਆ ਤੇ ਨਾ ਹੀ ਰਮਨ ਦੀ ਡੋਲੀ ਰੁਕੀ ਸੀ।

ਮੈਂ ਤੇ ਰਮਨ ਇਕੱਠੇ ਪੜ੍ਹੇ ਸਾਂ।

ਅਸੀਂ ਪਿਆਰ ਕੀਤਾ। ਕਦੀ ਵੱਖ ਨਾ ਹੋਣ ਦੀਆਂ ਸਹੁੰਆਂ ਖਾਧੀਆਂ । ਸੈਂਕੜੇ ਸੁਪਨੇ ਸਿਰਜੇ। ਪਰ ਸਾਡਾ ਪਿਆਰ ਪਰਵਾਨ ਨਾ ਚੜ੍ਹ ਸਕਿਆ। ਮੈਂ ਹਿੱਕ ਤਾਣ ਕੇ ਉਸਦੀ ਬਾਂਹ ਨਾ ਫੜ ਸਕਿਆ। ਉਹ ਸਾਰੇ ਬੰਧਨ ਤੋੜ ਕੇ ਕਿਤੇ ਦੂਰ ਤੁਰ ਜਾਣ ਲਈ ਤਿਆਰ ਬੈਠੀ ਸੀ। ਪਰ ਮੇਰੀਆਂ ਨਸਾਂ ਵਿੱਚ ਦੌੜਦਾ ਖ਼ੂਨ ਜਿਵੇਂ ਬਰਫ਼ ਬਣ ਕੇ ਜੰਮ ਗਿਆ ਸੀ ।

"ਇੱਕ ਰਿਸ਼ਤਾ ਜੋੜਨ ਲਈ ਅਸੀਂ ਇੰਨੇ ਰਿਸ਼ਤੇ ਨਹੀਂ ਗੁਆ ਸਕਦੇ । ਇੱਥੇ ਸਾਡੇ ਮਾਪੇ ਨੇ.....। ਇੱਕ ਸਮਾਜ ਹੈ। ਸਮਝਦੀ ਹੈ ਨਾ ਤੂੰ ?"

ਕਿੰਨਾ ਖ਼ੂਬਸੂਰਤ ਸ਼ਬਦ ਜਾਲ ਬੁਣਿਆ ਸੀ ਮੈਂ। ਸ਼ਾਇਦ ਆਪਣੀ ਕਮਜ਼ੋਰੀ ਨੂੰ ਲੁਕਾਉਣ ਲਈ।

ਮੈਂ ਉਸਨੂੰ ਜ਼ਿੰਦਗੀ ਦੀ ਫਿਲਾਸਫੀ ਹੀ ਸਮਝਾਉਂਦਾ ਰਹਿ ਗਿਆ ਸੀ ਤੇ ਉਹ ਹਮੇਸ਼ਾ-ਹਮੇਸ਼ਾ ਲਈ ਪਰਾਈ ਹੋ ਗਈ।

"ਤੂੰ ਨਹੀਂ ਤੇਰੇ ਅੰਦਰੋਂ ਕਾਮਰੇਡ ਅਨੰਦ ਚੇਤਨ ਬੋਲਦਾ। ਉਹਨੇ ਪੱਟ ਦੇਣਾ ਥੋਨੂੰ ਸਾਰਿਆਂ ਨੂੰ......।"

ਬਾਪੂ ਮੇਰੀ ਫਿਲਾਸਫੀ ਦੇ ਖਿਲਾਫ਼ ਖੜ੍ਹਾ ਸੀ।

ਉਹ ਮੇਰੇ ਸਮੇਤ ਸਾਡੇ ਸਾਰੇ ਟੋਲੇ ਨੂੰ ਗਾਹਲਾਂ ਕੱਢਦਾ ਨਾ ਥੱਕਦਾ। ਕਾਮਰੇਡ ਚੇਤਨ ਬਾਪੂ ਨੂੰ ਜਿਵੇਂ ਜ਼ਹਿਰ ਵਾਂਗ ਲੱਗਦਾ। ਉਹ ਖਿਝਦਾ ਰਹਿਦਾ।

"ਵੇ ਪੁੱਤ ਕਿਉਂ ਦੁਖੀ ਕਰਦਾ ਏ ਆਪਣੇ ਬਾਪੂ ਨੂੰ। ਉਹ ਵਿਚਾਰਾ ਤਾਂ ਪਹਿਲਾਂ ਹੀ ਬਥੇਰਾ ਔਖਾ। ਕੋਈ ਸਿੱਧਾ ਕੰਮ ਵੀ ਕਰ ਲਿਆ ਕਰ।"

ਮੈਂ 'ਸਿੱਧੇ' ਕੰਮ ਕਰਨ ਦਾ ਭਰੋਸਾ ਦਿੰਦਾ। ਪਰ ਮੇਰਾ ਕੀਤਾ ਹਰ ਕੰਮ ਜਿਵੇਂ ਖ਼ੁਦ ਹੀ ਪੁੱਠਾ ਪੈ ਜਾਂਦਾ ਰਿਹਾ।

ਉਸ ਦਿਨ ਗੁਰਪੁਰਬ ਵਾਲੇ ਦਿਨ ਵੀ ਅਸੀਂ ਘਰੋਂ ਸਿੱਧਾ ਕੰਮ ਕਰਨ ਲਈ ਹੀ ਨਿਕਲੇ ਸਾਂ। ਪਰ ਪਿੰਡ ਵਿੱਚ ਕਲੇਸ਼ ਖੜ੍ਹਾ ਹੋ ਗਿਆ। ਕਾਮਰੇਡ ਚੇਤਨ ਨੇ ਸਾਨੂੰ ਤੋਤੇ ਵਾਂਗ ਰਟਾਇਆ ਸੀ।

"ਕ੍ਰਾਂਤੀ ਗੱਲਾਂ ਨਾਲ ਨਹੀਂ ਆਉਂਦੀ। ਕਿਸ ਬਰਾਬਰੀ ਨੂੰ ਰੋਂਦੇ ਹੋ ਤੁਸੀਂ ? ਸੁਧਾਰ ਤਾਂ ਜੜ੍ਹਾਂ ਤੋਂ ਕਰਨਾ ਪੈਂਦਾ। ਐਤਕੀ ਪੰਜ-ਪਿਆਰੇ ਹਰ ਜਾਤ ਦੇ ਬਣਾਓ। ਗੁਰਦੁਆਰਿਆਂ ਤੇ ਜੱਟਵਾਦ ਹਾਵੀ ਹੁੰਦਾ ਜਾਂਦਾ ।"

ਸਾਡੇ ਨੌਜਵਾਨ ਚੇਤਨਾ ਮੰਚ ਨੇ ਲੱਤ ਅੜਾ ਦਿੱਤੀ। ਅੜੀ 'ਚ ਨਗਰ ਕੀਰਤਨ ਰੁਕ ਗਿਆ। ਪਿੰਡ ਵਿੱਚ ਸਾਡੀ ਤੋਏ-ਤੋਏ ਹੋਣ ਲੱਗੀ। ਮੈਂ ਸ਼ਾਮੀ ਪਏ ਘਰ ਪਹੁੰਚਿਆ ਤਾਂ ਬਾਪੂ ਡਾਂਗ ਚੁੱਕੀ ਖੜ੍ਹਾ ਸੀ।



"ਤੂੰ ਠੇਕਾ ਲਿਆ ਸਮਾਜ ਸੁਧਾਰਨ ਦਾ। ਲੋਕੀ ਥੁਕਦੇ ਫਿਰਦੇ ਤੁਹਾਡੀ ਕਰਤੂਤ 'ਤੇ। ਸਾਲੇ ਸਰਬ ਸਾਂਝੀਵਾਲਤਾ ਦੇ।"

ਪਰ ਰਮਨ ਦੇ ਵਿਆਹ ਮੌਕੇ ਮੇਰੇ ਸਾਰੇ ਫਲਸਫ਼ੇ ਝੂਠੇ ਪੈ ਗਏ ਸਨ। ਉਸਦੀ ਛੋਟੀ ਜਾਤ ਤੋਂ ਡਰਦਿਆਂ ਮੈਂ ਜ਼ੁਬਾਨ ਨਹੀਂ ਸੀ ਖੋਲੀ। ਉਹ ਵਾਸਤੇ ਪਾਉਂਦੀ ਰਹੀ। ਪਰ ਮੈਂ........। ਕਾਮਰੇਡ ਚੇਤਨ ਸਮਝਾਉਣ ਲੱਗਦਾ।

"ਇਹ ਆਤਮ ਬਲ ਦੀ ਘਾਟ ਦਾ ਨਤੀਜਾ ਹੈ ਸਾਥੀ। ਰੌਸ਼ਨੀ ਆਪਣੇ ਅੰਦਰ ਪੈਦਾ ਕਰਨ ਦੀ ਜ਼ਰੂਰਤ ਹੈ।"

ਉਸਦੀਆ ਗੱਲਾਂ ਸੁਣ ਕੇ ਸਾਡਾ ਹੌਸਲਾ ਵੱਧ ਜਾਂਦਾ।

ਇਸੇ ਹੌਂਸਲੇ 'ਚ ਮੈਂ ਸਰਪੰਚ ਨਾਲ ਜਾ ਕੇ ਪੰਗਾ ਲੈ ਲਿਆ ਸੀ । ਪਰ ਬਾਪੂ ਤਾਂ ਮੇਰੇ ਹੀ ਵਿਰੁੱਧ ਖੜ੍ਹਾ ਸੀ । ਮੈਂ ਬਹੁਤ ਸਮਝਾਇਆ । ਪਰ ਮੇਰੇ ਸਮਝਾਏ ਅੰਕੜੇ ਬਾਪੂ ਦੇ ਪੱਲੇ ਨਹੀਂ ਸੀ ਪਏ।

ਸਰਪੰਚ ਦਾ ਕਰਜ਼ ਜਿਵੇਂ ਵੱਧਦਾ ਹੀ ਤੁਰਿਆ ਜਾਂਦਾ। ਹਰ ਸਾਲ ਸਾਡੀ ਗਹਿਣੇ ਪਈ ਜ਼ਮੀਨ ਉਹਦੇ ਥੱਲੇ ਵੱਧਦੀ। ਬਾਪੂ ਹਰ ਸਾਲ ਜ਼ਮੀਨ ਛੁਡਾਉਣ ਦੀਆਂ ਸਕੀਮਾਂ ਬਣਾਉਂਦਾ। ਪਰ ਬਾਪੂ ਦੀ ਜੋੜ ਘਟਾਓ ਉਲਟੀ ਪੈ ਜਾਂਦੀ। ਮੈਂ ਸਰਪੰਚ ਨਾਲ ਹਿਸਾਬ ਕਰਨਾ ਚਾਹੁੰਦਾ ਸੀ। ਪਰ ਉਹ ਮੇਰੇ ਨਾਲ ਗੱਲ ਕਰਨ ਲਈ ਵੀ ਰਾਜ਼ੀ ਨਹੀਂ ਸੀ। ਉਸਨੇ ਬਹਾਨਾ ਘੜ ਲਿਆ ।

"ਕਾਕਾ! ਜਦੋਂ ਬਘੇਲ ਸਿਹੁੰ ਬੈਠਾ ਤੂੰ ਕਾਹਨੂੰ ਵਿੱਚ ਦਖਲ ਅੰਦਾਜ਼ੀਆਂ ਕਰਦਾ ਫਿਰਦਾ। ਸਾਡੀ ਭਰਾਵਾਂ ਵਾਲੀ ਗੱਲ ਏ। ਤੂੰ ਜਾ ਆਪਣਾ ਖੇਡ ਮੱਲ.....।"

ਸਰਪੰਚ ਦੀ ਪੁਚ-ਪੁਚ ਦੇਖ ਕੇ ਮੇਰਾ ਦਿਮਾਗ ਘੁੰਮ ਗਿਆ ।

"ਤੂੰ ਮੇਰੇ ਨਾਲ ਗੱਲ ਕਰ। ਲੁੱਟੀ ਜਾਂਦਾ ਤੂੰ ਸਾਨੂੰ। ਕੀ ਲੱਗਦਾ ਤੂੰ ਸਾਡਾ .....।"

ਮੇਰਾ ਹੱਥ ਅਜੇ ਸਰਪੰਚ ਦੇ ਗਲਮੇ ਵੱਲ ਨੂੰ ਵਧਿਆ ਹੀ ਸੀ ਕਿ ਪਤਾ ਨਹੀਂ ਵਿਚਾਲੇ ਬਾਪੂ ਕਿੱਥੋਂ ਆਣ ਪ੍ਰਗਟ ਹੋਇਆ। ਉਹ ਹਾੜੇ ਕੱਢਣ ਲੱਗਾ।

"ਭਾਊ ਗੁੱਸਾ ਨਾ ਕਰੀ। ਇਹਦਾ ਤਾਂ ਦਿਮਾਗ ਹਿੱਲ ਗਿਆ। ਚਾਰ ਅੱਖਰ ਪੜ੍ਹ ਕੇ.....।"

ਤੂੰ-ਤੂੰ, ਮੈਂ-ਮੈਂ ਹੋਣ ਲੱਗ ਪਈ। ਬਾਪੂ ਮੈਨੂੰ ਧੱਕਦਾ-ਧਕਾਉਂਦਾ ਘਰੇ ਲੈ ਆਇਆ।

"ਤੂੰ ਕਿਤੇ ਖੜ੍ਹਨ ਜੋਗਾ ਵੀ ਛੱਡੇਂਗਾ ਮੈਨੂੰ ? ਜ਼ਿਆਦਾ ਸਿਆਣਾ ਜੰਮ ਪਿਆ ਤੂੰ। ਬਹੁਤਾ ਹੇਜ ਆਉਂਦਾ ਤਾਂ ਕੋਈ ਕੰਮ ਧੰਦਾ ਕਰ। ਸਾਰਾ ਦਿਨ ਉਹਨਾਂ ਕੰਜਰਾਂ ਨਾਲ ਤੁਰਿਆ ਫਿਰਦਾ। ਅਖੇ ਭੈੜੇ-ਭੈੜੇ ਯਾਰ ਮੇਰੀ ਫੱਤੋ ਦੇ .....।"

ਆਥਣੇ ਲਾਏ ਪੈੱਗ ਦਾ ਅਸਰ ਬਾਪੂ ਦੀਆਂ ਗਾਹਲਾਂ ਵਿੱਚੋਂ ਸਾਫ਼ ਦਿਸ ਰਿਹਾ ਸੀ।

ਮੈਂ ਕੰਮ ਕਰਨਾ ਚਾਹੁੰਦਾ ਸੀ। ਪਰ ਕੀ ਕਰਦਾ। ਪੜ੍ਹ ਕੇ ਨੌਕਰੀ ਨਹੀਂ ਮਿਲੀ। ਜ਼ਮੀਨਾਂ 'ਚੋਂ ਕੀ ਨਿਕਲਦਾ ? ਖੂਹ ਦੀ ਮਿੱਟੀ ਖੂਹ ਨੂੰ ਲੱਗਦੀ ਜਾਂਦੀ ।

ਬਾਪੂ ਦੀ ਕਾਇਆ ਢਲ ਚੱਲੀ ਸੀ । ਪਰ ਸਿਰ ਖੜ੍ਹਾ ਕਰਜ਼ਾ ਕਦੇ ਨਹੀਂ ਉਤਰਿਆ।

ਘਰ ਦੇ ਪੰਜ ਪਾਂਜੇ ਕਦੇ ਪੂਰੇ ਨਹੀਂ ਸੀ ਹੋਏ। ਕੀ ਕਰਦਾ ਮੈਂ ਐਸੀ ਖੇਤੀ ? ਮੈਨੂੰ ਕੋਈ ਰਾਹ ਨਹੀਂ ਸੀ ਲੱਭਦਾ।

...ਤੇ ਮੇਰੇ ਭੱਜਣ ਦਾ ਹਰ ਰਾਹ ਸਰਪੰਚ ਨੇ ਬੰਦ ਕਰ ਦਿੱਤਾ ਸੀ । ਸਿਆਲ ਦੀ ਉਹ ਰਾਤ ਅੱਜ ਵੀ ਮੇਰੇ ਜ਼ਿਹਨ ਵਿੱਚ ਉੱਕਰੀ ਹੈ।

ਮੈਂ ਆਖ਼ਰੀ ਬੱਸ 'ਤੇ ਸ਼ਹਿਰੋਂ ਮੁੜਿਆ ਸਾਂ। ਚੁਫੇਰੇ ਸੰਘਣੀ ਧੁੰਦ ਸੀ । ਮੈਂ ਫਿਰਨੀ-ਫਿਰਨੀ ਘਰ ਨੂੰ ਆਉਂਦਾ, ਬਾਬੇ ਨਰੰਜਣ ਦਾਸ ਦੇ ਡੇਰੇ ਵੱਲ ਮੁੜ ਗਿਆ। ਨਿਸ਼ਾਨ ਸਾਹਬ ਅੱਗੇ ਸੀਸ ਝੁਕਾ ਕੇ ਮੈਂ ਜਿਉਂ ਹੀ ਅੱਗੇ ਗਿਆ .....। ਸਿਆਲ ਵਿੱਚ ਵੀ ਮੈਨੂੰ ਪਸੀਨਾ ਆ ਗਿਆ।

ਸਾਰੀ ਰਾਤ ਮੈਨੂੰ ਨੀਂਦ ਨਹੀਂ ਸੀ ਆਈ।

....ਤੇ ਅਗਲੀ ਸਵੇਰ ਪੁਲਿਸ ਸਾਡੇ ਬੂਹੇ ਅੱਗੇ ਖੜ੍ਹੀ ਸੀ ।

ਮੈਂ ਹਾਲ ਦੁਹਾਈ ਮਚਾਉਂਦਾ ਰਿਹਾ। ਪਰ ਕਿਸੇ ਮੇਰੀ ਇੱਕ ਨਹੀਂ ਸੀ ਸੁਣੀ । ਡੇਰੇ ਵਾਲਾ ਗੋਲਕ ਸਾਡੀ ਮੋਟਰ ਤੋਂ ਮਿਲਿਆ ਸੀ ।

"ਕਾਕਾ ਮੈਂ ਤਾਂ ਤੇਰੀ ਬੜੀ ਕਦਰ ਕਰਦਾ ਸੀ। ਚਾਰ ਅੱਖਰ ਪੜ੍ਹਿਆਂ ਐ ਤੂੰ। ਪਰ ਆਹ ਤਾਂ....ਗੁਰੂ ਘਰੋਂ ਚੋਰੀ .....।"

ਫਿਰ ਮੇਰੇ ਕੋਲ ਆ ਕੇ ਉਸਨੇ ਆਖਿਆ।

"ਇਹ ਤਰਲੋਕ ਸਿਹੁੰ ਦੀਆਂ ਘੁੰਮਣਘੇਰੀਆਂ ਨੇ.....। ਪਰ ਤੂੰ ਫਿਕਰ ਨਾ ਕਰ। ਛੁਡਾਉਣ ਵੀ ਤਾਂ ਮੈਂ ਹੀ ਆਉਣਾ।"

ਮੇਰੇ ਅੰਦਰ ਜਿਵੇਂ ਤੂਫ਼ਾਨ ਉਠਣ ਲੱਗਾ । ਪਰ ਮੈਂ ਬੇਵੱਸ ਖੜ੍ਹਾ ਸੀ । ਕੀਹਨੂੰ ਦੱਸਦਾ ਕਿ ਸਰਪੰਚ ਦਾ ਭਤੀਜਾ ਰਾਣਾ ਉਸ ਰਾਤ ਡੇਰੇ ਵਿੱਚ ਰਾਧੇਸ਼ਾਮ ਦੀ ਕੁੜੀ ਨਾਲ.....।

ਉਹੀ ਰਾਣਾ ਜੋ ਮੈਨੂੰ ਚੋਰ ਬਣਾਉਣ ਲਈ ਮੌਕੇ ਦਾ ਗਵਾਹ ਬਣਿਆ ਬੈਠਾ ਸੀ।

"ਨਿਰਾਸ਼ ਹੋਣਾ ਮੌਤ ਦੀ ਨਿਸ਼ਾਨੀ ਹੈ।"

ਪਰ ਕਾਮਰੇਡ ਚੇਤਨ ਦੀਆਂ ਇਹਨਾਂ ਗੱਲਾਂ ਉਪਰੋਂ ਜਿਵੇਂ ਮੇਰਾ ਵਿਸ਼ਵਾਸ਼ ਉਠ ਗਿਆ ਸੀ। ਕਿਹੜੀ ਕ੍ਰਾਂਤੀ ਲਈ ਲੜ ਰਹੇ ਸਾਂ ਅਸੀਂ ?

ਮੈਂ ਖ਼ੁਦ ਨੂੰ ਪੁਛਦਾ ਰਿਹਾ।

...ਤੇ ਬਾਪੂ ਨੇ ਬਿਨ ਪੁੱਛੇ ਤੋਂ ਹੀ ਮੇਰਾ ਰਿਸ਼ਤਾ ਪੱਕਾ ਕਰ ਦਿੱਤਾ।

"ਬੇਗਾਨੀ ਧੀ ਆਪੇ ਕਰ ਲਊ ਸੂਤ ਸਾਡੀ ਤਾਂ ਸੁਣਦਾ ਨਹੀਂ। ਨੱਥ ਤਾਂ ਪਾਉਣੀ ਪੈਣੀ ਸੀ ।"

ਪਰ ਬਾਪੂ ਦੀ ਪਾਈ ਨੱਥ ਮੇਰੇ ਲਈ ਫਾਹਾ ਬਣ ਗਈ। ਮੇਰਾ ਦਮ ਘੁੱਟਣ ਲੱਗਿਆ ਸੀ।



ਮੈਂ ਕਿਤੇ ਦੂਰ ਭੱਜ ਜਾਣਾ ਚਾਹੁੰਦਾ ਸੀ । ਸਭ ਕਾਸੇ ਤੋਂ ਕੋਹਾਂ ਦੂਰ। ਜਿੱਥੇ ਕੋਈ ਮੈਨੂੰ ਜਾਣਨ ਵਾਲਾ ਨਾ ਹੋਏ। ਮੇਰੇ ਮੱਥੇ 'ਤੇ ਲੱਗਾ ਚੋਰੀ ਦਾ ਠੱਪਾ ਮੈਨੂੰ ਬੇਚੈਨ ਕਰੀ ਰੱਖਦਾ।

"ਇੱਥੇ ਹੋਰ ਰੱਖਿਆ ਵੀ ਕੀ ਐ। ਵਜਾਈ ਚਲੋ ਡਿੱਬ-ਡਿੱਬੀ। ਘਰੋਂ ਤਾਂ ਨਿਕਲੋ ਮਹਾਰਾਜ। ਸੱਤ ਰੰਗੀ ਦੁਨੀਆਂ ਵੱਸਦੀ ਧਰਤੀ 'ਤੇ । ਇੱਥੇ ਆਜਾ 'ਨੰਦ ਭੋਗੇਗਾ।"

ਪੁਰਬਿਆਂ ਦੇ ਮੀਤੇ ਦੀ ਗੱਲ ਨੇ ਮੈਨੂੰ ਹੋਰ ਬੇਚੈਨ ਕਰ ਦਿੱਤਾ ਸੀ ।

ਮੈਂ ਜਰਮਨੀ ਜਾਣ ਦੇ ਸਾਧਨ ਸੋਚਣ ਲੱਗਾ।

ਬਾਪੂ ਬਹੁਤ ਖੁਸ਼ ਸੀ। ਉਸਦੀ ਤਾਂ 'ਕਾਕਾ ਕਿਸੇ ਪਾਸੇ ਲੱਗ। ਇੰਜ ਉਮਰਾਂ ਥੋੜ੍ਹਾ ਲੰਘਦੀਆਂ।'

ਕਹਿੰਦੇ ਦੀ ਜੀਭ ਘਸ ਗਈ ਸੀ। ਪਰ ਰਾਜੀਵ ਸੇਠੀ ਦੇ ਮੂਹੋਂ ਪੰਜ ਲੱਖ ਸੁਣ ਕੇ ਬਾਪੂ ਦੀ ਜੀਭ ਤਾਲੂਏ ਜਾ ਲੱਗੀ ।

ਉਸਨੇ ਜਿਵੇਂ ਆਖ਼ਰੀ ਦਾਅ ਖੇਡਿਆ।

"ਦੇਖ ਬਈ ਜੈਲੀ ! ਤੂੰ ਮਨ ਤਕੜਾ ਕਰ ਲੈ। ਜ਼ਮੀਨ ਦੀ ਤਾਂ ਗੱਲ ਕੋਈ ਨਹੀਂ। ਤੂੰ ਕੇਰਾਂ ਜਰਮਨੀ ਸੈੱਟ ਹੋ ਗਿਆ ਫੇਰ ਤਾਂ ਚਾਹੇ ਸਾਰੇ ਪਿੰਡ ਦੀ ਖ਼੍ਰੀਦ ਲਈਏ। ਕਰਦਾਂ ਮੈਂ ਤਰਲੋਕ ਸਿਹੁੰ ਨਾਲ ਗੱਲ।"

ਪਰ ਬਾਪੂ ਦੀ ਬਾਜ਼ੀ ਪੁਠੀ ਪੈ ਗਈ। ਰਾਜੀਵ ਸੇਠੀ ਧੋਖੇਬਾਜ਼ ਨਿਕਲਿਆ। ਮੇਰੇ ਵਰਗੇ ਚਾਰ ਮੁੰਡੇ ਹੋਰ ਸਨ। ਸਾਨੂੰ ਦਿੱਲੀ ਬਿਠਾ ਕੇ ਉਹ ਮੁੜ ਨਾ ਪਰਤਿਆ। ਪਰ ਜਦੋਂ ਜੇਬਾਂ ਖਾਲੀ ਹੋਣ ਲੱਗੀਆਂ ਸਾਨੂੰ ਮਜ਼ਬੂਰੀ ਵੱਸ ਘਰਾਂ ਨੂੰ ਪਰਤਣਾ ਪਿਆ। ਮੈਨੂੰ ਬੇਰੰਗ ਮੁੜਿਆ ਦੇਖ ਕੇ ਬਾਪੂ ਦੇ ਜਿਵੇਂ ਹੋਸ਼ ਉਡ ਗਏ।

ਉਸਦੇ ਸੁਪਨਿਆਂ ਨੂੰ ਜਿਵੇਂ ਲਾਂਬੂ ਲੱਗ ਗਿਆ। ਬਾਪੂ ਨੇ ਜਲੰਧਰ ਦੀ ਧੂੜ-ਛਾਣ ਮਾਰੀ ਨਾ ਉਥੇ ਰਾਜੀਵ ਸੇਠੀ ਲੱਭਾ ਨਾ ਉਸਦਾ ਦਫ਼ਤਰ। ਰਾਜੀਵ ਸੇਠੀ ਨੂੰ ਗਾਹਲਾਂ ਕੱਢਦਿਆਂ ਬਾਪੂ ਦਾ ਸਾਹ ਉਖੜਨ ਲੱਗਦਾ।

"ਦੇਖ ਜੈਲੀ ! ਜ਼ਮੀਨ ਖਿਸਕੀ ਜਾਂਦੀ ਆਪਣੀ। ਕਿੱਲ ਗੱਡਦੇ ਕਿੱਲ..... ਚਾਰਾਂ ਨੁਕਰਾਂ 'ਚ ।"

ਦਾਰੂ ਪੀ ਕੇ ਬਾਪੂ ਊਟ-ਪਟਾਂਗ ਮਾਰਨ ਲੱਗਦਾ। ਉਹ ਹਿੱਲ ਗਿਆ ਸੀ ਜਿਵੇਂ ਅੰਦਰੋਂ।

ਖੇਤ ਸੱਚਮੁੱਚ ਖਿਸਕਣ ਲੱਗੇ ਸਨ। ਸਰਪੰਚ ਖਿੱਚ ਰਿਹਾ ਸੀ ਖੇਤਾਂ ਨੂੰ।

"ਭਾਈ ਜਰਨੈਲ ਸਿੰਹਾਂ। ਆਪਣੀ ਤਾਂ ਘਰ ਵਾਲੀ ਗੱਲ ਏ ! ਹਲ ਤੂੰ ਹੀ ਚਲਾਈ ਜਾ ਅੱਧ 'ਤੇ...। ਕੱਲ੍ਹ ਨੂੰ ਪੈਸੇ ਮੋੜ ਦਏ ਤਾਂ ਜ਼ਮੀਨ ਤੁਹਾਡੀ। ਨਹੀਂ ਤਾਂ .....।"

ਭੱਜਣ ਲਈ ਜਿਵੇਂ ਕੋਈ ਰਾਹ ਨਹੀਂ ਸੀ ਲੱਭਦਾ।

"ਦਿਮਾਗ ਘੁੰਮ ਗਿਆ ਤੇਰਾ। ਸ਼ਰਮ ਤਾਂ ਨਹੀਂ ਆਉਂਦੀ....। ਬਹੁਤਾ ਸ਼ੱਕ ਹੈ ਤਾਂ ਕਿਉਂ ਵੜਨ ਦਿੰਦਾ ਤੂੰ ਉਹਨਾਂ ਨੂੰ ਘਰੇ ?"

ਗੁਰਜੀਤ ਦੀਆਂ ਅੱਖਾਂ ਵਿੱਚ ਲਾਲੀ ਉਤਰ ਆਈ ਸੀ ਉਸ ਦਿਨ।

ਮੈਂ ਬਾਹਰੋਂ ਮੁੜਿਆ ਤਾਂ ਸਰਪੰਚ ਦਾ ਮੁੰਡਾ ਕੁਲਦੀਪ ਘਰੇ ਬੈਠਾ ਸੀ, ਬਾਪੂ ਕੋਲ। ਉਸਦਾ ਧਿਆਨ ਰਸੋਈ ਵੱਲ ਸੀ।...... ਤੇ ਸ਼ਾਇਦ ਰਸੋਈ 'ਚ ਖੜੀ ਗੁਰਜੀਤ ਵੀ....।

ਮੇਰਾ ਮੂੰਹ ਕੁੜੱਤਣ ਨਾਲ ਭਰ ਗਿਆ। ਮੈਨੂੰ ਦੇਖ ਕੇ ਕੁਲਦੀਪ ਉਠ ਖਲੋਤਾ।

"ਮੈਂ ਤਾਂ ਤਾਏ ਦੀ ਖੈਰ ਖ਼ਬਰ ਲੈਣ ਆਇਆ ਸੀ। ਚੱਲਦਾਂ ।"

ਉਹ ਕਾਹਲੇ ਕਦਮੀਂ ਤੁਰ ਪਿਆ।

ਮੈਂ ਉਸਦੀ ਪਿੱਠ ਘੂਰਦਾ ਰਹਿ ਗਿਆ। ਕੁਲਦੀਪ ਦੀ ਪੈੜ-ਚਾਲ ਕਈ ਦਿਨ ਮੇਰੇ ਦਿਮਾਗ ਵਿੱਚ ਗੂੰਜਦੀ ਰਹੀ। ਨੀਂਦ ਹਰਾਮ ਹੋ ਗਈ ਸੀ ਜਿਵੇਂ। ਮੈਂ ਸਰਪੰਚ ਕਿਆਂ ਨੂੰ ਘਰ ਵੜਨੋਂ ਕਿਵੇਂ ਰੋਕਦਾ ? ਕਰਜ਼ ਲਾਹੇ ਬਿਨ੍ਹਾਂ.....! ਪਰ ਇੰਨਾ ਪੈਸਾ ? ਮੈਂ ਸੋਚ ਕੇ ਵੀ ਪ੍ਰੇਸ਼ਾਨ ਹੋ ਉਠਦਾ। ਘਰ ਦੀ ਗੱਡੀ ਹੀ ਮਸਾਂ ਰਿੜਦੀ ਪਈ ਸੀ। ਪੈਸਾ ਆਉਂਦਾ 'ਤੇ ਤੁਰਿਆ ਜਾਂਦਾ।

"ਰੁਪਈਆਂ ਨੂੰ ਵੀ ਪੈਰ ਹੁੰਦੇ ਨੇ ਪੈਰ...ਬਾਈ ਸਿੰਆਂ ਨੋਟ ਤੁਰਦੇ ਦੇਖੇ ਤੂੰ ਕਦੀ ? ਆ ਮੈਂ ਦਿਖਾਵਾਂ ?"

ਕੈਲੇ ਦੀ ਗੱਲ ਨੇ ਹੈਰਾਨ ਕਰ ਦਿੱਤਾ ਸੀ ਮੈਨੂੰ। ਮੋਟਰ ਵਾਲੇ ਕੋਠੇ ਵਿੱਚ ਲਿਜਾ ਕੇ ਉਸਨੇ ਜੋ ਖੇਡ ਦਿਖਾਈ, ਦੇਖ ਕੇ ਮੈਂ ਸੁੰਨ ਹੋ ਗਿਆ।

ਸੌ ਦਾ ਗੋਲ ਕੀਤਾ ਨੋਟ ਮੇਰੇ ਨੱਕ ਨੂੰ ਲਗਾ ਕੇ, ਜਦੋਂ ਪੰਨੀ ਹੇਠਾਂ ਉਸਨੇ ਅੱਗ ਮਚਾਈ, ਤਿੱਖੀ ਜਿਹੀ ਸਮੈੱਲ ਮੇਰੇ ਨੱਕ ਨੂੰ ਚੜ੍ਹ ਗਈ।

"ਪਹਿਲੀ ਸੱਟੇ ਸਭ ਨਾਲ ਇਹੀ ਵਾਪਰਦਾ। ਤੂੰ ਪਰਵਾਹ ਨਾ ਕਰ। ਕੇਰਾਂ ਪੱਚ ਗਈ ਅੰਦਰ ਤਾਂ ਫਿਰ ਦੇਖੀ ਕਿਵੇਂ ਸੁਰਗ ਬੱਝਦਾ। ਤੂੰ ਸੁਰਤੀ ਬੰਨ੍ਹ ਲੈ ਕੇਰਾਂ।"

ਕੈਲੇ ਨੇ ਆਪਣੇ ਤਜ਼ਰਬੇ 'ਚੋਂ ਦੱਸਿਆ। ਪਰ ਮੇਰੀ ਸੁਰਤੀ ਤਾਂ ਭੰਗ ਹੋ ਗਈ ਸੀ।

ਸਰਪੰਚ ਦਾ ਕੋਈ ਰਿਸ਼ਤੇਦਾਰ ਆਇਆ ਸੀ ਬਾਹਰੋਂ। ਕੁਲਦੀਪ ਉਹਨੂੰ ਖੇਤ ਲੈ ਆਇਆ।

ਮੈਂ ਪੱਠਿਆਂ ਨੂੰ ਪਾਣੀ ਲਾਈ ਬੈਠਾ ਸੀ।

"ਸੀਰੀ ਐ ਆਪਣਾ।"

ਮੇਰੇ ਨੇੜੇ ਲੰਘੇ ਜਾਂਦੇ ਕੁਲਦੀਪ ਨੇ ਦੂਜੇ ਨੂੰ ਦੱਸਿਆ।

"ਸਾਲਿਆ! ਸਾਡੀ ਏ ਇਹ ਜ਼ਮੀਨ। ਤੂੰ ਮਾਮਾ ਲੱਗਦਾ। ਮੋੜਦੂੰ ਮੈਂ ਪੈਸੇ.......।"

ਨੱਕੇ ਮੋੜਦਾ ਮੈਂ ਕਹੀ ਚੁੱਕ ਕੇ ਕੁਲਦੀਪ ਵੱਲ ਨੂੰ ਹੋ ਗਿਆ। ਉਹਦਾ ਰੰਗ ਉਡ ਗਿਆ ਸੀ ਮੇਰਾ ਗੁੱਸਾ ਦੇਖ ਕੇ। ਪਰ ਕੈਲੇ ਦੀ ਦਵਾਈ ਰੰਗ ਦਿਖਾਉਣ ਲੱਗੀ ਸੀ। ਚੌਥੇ ਦਿਨ ਨੂੰ ਮੇਰੇ ਹੱਡ ਦੁੱਖਣ ਲੱਗੇ। ਮੈਂ ਕੈਲੇ ਨੂੰ ਲੱਭਦਾ ਫਿਰਦਾ ਸੀ ।

"ਹੱਡ ਤਾਂ ਤੁਹਾਡੇ ਮੈਂ ਸਿੱਧੇ ਕਰੂ ਪੁੱਤ । ਵੱਡੇ ਬਦਮਾਸ਼......।"

ਥਾਣੇਦਾਰ ਅੱਖਾਂ ਕੱਢਦਾ। ਕੈਲੇ ਨੇ ਹੀ ਫਸਾਇਆ ਸੀ ਇਸ ਮੁਸੀਬਤ 'ਚ। ਉਸ ਸ਼ਾਮ ਮੈਂ ਕੰਮ ਨਿਬੇੜ ਕੇ ਬੈਠਾ ਹੀ ਸੀ ਕਿ ਕੈਲੇ ਨੇ ਆਣ ਬੂਹਾ ਖੜਕਾਇਆ।



"ਭੂਆ ਹੁਣਾਂ ਨੇ ਸੰਤਾ ਦਾ ਫੇਰਾ ਪਵਾਉਣਾ ਘਰੇ । ਆ ਚਲੀਏ ਦੋ ਘੰਟੇ ਭਿੱਖੀਵਿੰਡ ਤਾਂਈ।"

"ਜਾ ਵਗ ਜਾ। ਇੱਥੇ ਵੀ ਕਲੇਸ਼ ਹੀ ਕਰਨਾ ਬਹੂ ਨਾਲ। ਜਾ ਮਹਾਰਾਜ ਸ਼ਾਂਤੀ ਬਖਸ਼ੇ ਤੈਨੂੰ।"

ਮੈਥੋਂ ਪਹਿਲਾਂ ਬੇਬੇ ਹਾਮੀ ਭਰ ਦਿੱਤੀ।

ਮੈਂ ਕੱਪੜੇ ਬਦਲੇ ਤੇ ਜਟੂਰੀਆਂ 'ਚ ਹੱਥ ਮਾਰ ਕੇ ਸਾਫਾ ਸੂਤ ਕਰਦਾ ਕੈਲੇ ਦੇ ਮਗਰੇ ਤੁਰ ਪਿਆ।

ਪਰ ਉਸ ਰਾਤ....

ਅਗਲੇ ਦਿਨ ਅਖ਼ਬਾਰ ਵਿੱਚ ਮੋਟੀ ਜਿਹੀ ਖ਼ਬਰ ਲੱਗੀ ਸੀ।

"ਟਰਾਂਸਫਰਮਰ ਚੋਰੀ ਕਰਦੇ ਪੰਜ ਕਾਬੂ।"

ਥਾਣੇ ਬੈਠਾ ਮੈਂ ਜ਼ਮੀਨ ਵਿੱਚ ਗਰਕਦਾ ਜਾ ਰਿਹਾ ਸੀ । ਪਰ ਕੈਲੇ ਨੂੰ ਤਾਂ ਕੋਈ ਵੀ ਸ਼ਰਮ ਨਹੀਂ ਸੀ ।

"ਫੋਟੋ ਦੇਖੋ ਕਿੰਨੀ ਸੋਹਣੀ ਏ। ਚਰਚਾ ਦੇਖੋ ਆਪਣੀ।"

ਉਹ ਖੀ-ਖੀ ਕਰਕੇ ਹੱਸਣ ਲੱਗਾ। ਪਰ ਪਿੰਡ ਵਿੱਚ ਸਾਡੀ ਚਰਚਾ ਛਿੜ ਪਈ ਸੀ।

"ਦੇਖ ਲਓ! ਬਘੇਲੇ ਵਾਲਾ ਹੋ ਗਿਆ ਸੂਟੇ 'ਤੇ। ਕਿੱਥੇ ਗਿਆ ਹੁਣ ਚੇਤਨਾ ਮੰਚ। ਬਥੇਰਾ ਨਿੰਦਦਾ ਸੀ ਨਸ਼ਿਆਂ ਨੂੰ। ਚੋਰੀਆਂ ਹੀ ਕਰਨੀਆਂ। ਰਹਿ ਹੁੰਦਾ। ਪੈਸੇ ਕਿੱਥੋਂ ਆਉਣ।"

ਥਾਣੇਦਾਰ ਨੂੰ ਪੈਸੇ ਝੋਕ ਕੇ ਬਾਪੂ ਨੇ ਮੇਰੀ ਜਾਨ ਬਚਾਈ ।

"ਨਸ਼ੇ ਤੁਹਾਡੀ ਜ਼ਿੰਦਗੀ ਨੂੰ ਘੁਣ ਵਾਂਗ ਖਾ ਜਾਂਦੇ ਨੇ.....। ਇਹ ਕੋਹੜ ਨੇ.....। ਜਿਹੜਾ ਇਸ ਦਲਦਲ ਵਿੱਚ ਧਸ ਗਿਆ .....।"

ਨਸ਼ਾ ਛੁਡਾਊ ਕੈਂਪ ਵਿੱਚ ਬੋਲਦੀ ਉਸ ਸਾੜੀ ਵਾਲੀ ਕੁੜੀ ਵੱਲ ਵੇਖਦਿਆਂ ਹੀ ਮੇਰੇ ਅੰਦਰ ਕੀੜੀਆਂ ਲੜਨ ਲੱਗੀਆਂ ।

"ਇਹ ਤਾਂ ਸਾਲੀ ਆਪ ਪਹਿਲੇ ਤੋੜ ਵਰਗੀ ਹੈ। ਇਹਦੀ ਸੁਣ ਕੇ ਨਸ਼ਾ ਸੁਆਹ ਛੱਡੂ ਕੋਈ। ਚੜ੍ਹਦੀ ਜਾਂਦੀ ਇਹ ਤਾਂ......।"

ਮੇਰੇ ਨਾਲ ਦੀ ਕੁਰਸੀ 'ਤੇ ਬੈਠੇ ਇਕ ਅਧਖੜ ਜਿਹੇ ਬੰਦੇ ਨੇ ਮੇਰੇ ਕੰਨ ਵਿੱਚ ਕਿਹਾ। ਉਹਦੇ ਚਿਹਰੇ 'ਤੇ ਜਿਵੇਂ ਕੋਈ ਭੁੱਖ ਸੀ।

ਮੇਰਾ ਧਿਆਨ ਉਸ ਕੁੜੀ ਦੇ ਨੰਗੇ ਢਿੱਡ 'ਤੇ ਜਾ ਟਿਕਿਆ।

ਮੈਨੂੰ ਉਸਦਾ ਭਾਸ਼ਣ ਸੁਣਾਈ ਦੇਣੋ ਹਟ ਗਿਆ ਤੇ ਕੰਨਾਂ ਵਿੱਚ ਕੈਲੇ ਦੇ ਬੋਲ ਗੂੰਜਣ ਲੱਗੇ।

ਜਿਹੜਾ ਪੀਊ ਬੀੜੀ, ਨਾ ਸੱਪ ਲੜੂ ਨਾ ਕੀੜੀ।
ਜਿਹੜਾ ਲਾਊ ਜਰਦਾ, ਸੌ ਸਾਲ ਨਹੀਂ ਮਰਦਾ।
ਜਿਨ੍ਹੇ ਖਾਧਾ ਘਿਓ, ਹੁਣੇ ਹੀ ਮਰਿਆ ਲਓ।

ਕੈਲੇ ਤੇ ਉਸ ਭਾਸ਼ਣ ਵਾਲੀ ਕੁੜੀ ਦੀਆਂ ਅਵਾਜ਼ਾਂ ਆਪਸ ਵਿੱਚ ਟਕਰਾਉਣ ਲੱਗੀਆਂ।

ਮੇਰੇ ਕੰਨਾਂ ਵਿੱਚ ਸ਼ੋਰ ਮੱਚ ਗਿਆ। ਮੈਂ ਕੈਂਪ ਵਿੱਚੋਂ ਸ਼ੂਟ ਵੱਟ ਲਈ। ਬਿਲਕੁਲ ਉਸੇ ਤਰ੍ਹਾਂ ਜਿਵੇਂ ਉਸ ਰਾਤ ਖੇਤੋਂ ਭੱਜਿਆ ਸੀ।

"ਭੱਜ ਲੈ ਜੈਲੀ....ਭੱਜ ਲੈ.....।"

ਪਤਾ ਨਹੀਂ ਕੈਲਾ ਜਾਂ ਪਤਾ ਨਹੀਂ ਕਾਮਰੇਡ ਚੇਤਨ ਬੋਲਿਆ ਸੀ। ਮੇਰੀ ਸਮਝ ਨਾ ਪਿਆ।

"ਭਾਈ ਚੰਗਾ ਭਲਾ ਸੀ। ਪਤਾ ਨਹੀਂ ਕੀ ਦੁਗਾੜਾ ਵੱਜ ਗਿਆ......।"

ਬੇਬੇ ਧਾਗੇ ਤਾਵੀਜ਼ ਕਰਵਾਉਣ ਲੱਗੀ ਸੀ।

ਪਰ ਮੇਰਾ ਰੋਗ ਕੋਈ ਵੀ ਨਾ ਫੜ ਸਕਿਆ।

"ਉਏ ਜੈਲੀ! ਮੈਂ ਇੰਨੀ ਛੇਤੀ ਨਹੀਂ ਕਾਬੂ ਆਉਣ ਵਾਲਾ।"

ਮੈਨੂੰ ਲੱਗਿਆ ਜਿਵੇਂ ਕੈਲਾ ਮੇਰੇ ਅੰਦਰੋਂ ਬੋਲਿਆ ਸੀ।

"ਆਜਾ ਇੱਕ-ਮਿਕ ਹੋ ਜਾਈਏ।"

ਮੇਰੇ ਅੰਦਰ ਦਹਿਸ਼ਤ ਫੈਲਣ ਲੱਗਦੀ। ਅੱਖਾਂ ਸਾਹਵੇਂ ਕੁੱਝ ਫੈਲਣ ਲੱਗਦਾ। ਕੰਨਾਂ ਵਿੱਚ ਸਾਂ-ਸਾਂ ਹੋਣ ਲੱਗਦੀ।

ਮੈਂ ਜਿਵੇਂ ਲੁਕਦਾ ਫਿਰਦਾ। ਸਾਰਾ ਕੁੱਝ ਆਪਸ ਵਿੱਚ ਰਲ-ਗੱਡ ਹੋਣ ਲੱਗਦਾ। ਉਸੇ ਤਰ੍ਹਾਂ ਜਿਵੇਂ ਰਮਨ ਤੇ ਮੈਂ ਇੱਕ ਦੂਜੇ ਵਿੱਚ ਰਚ ਜਾਣਾ ਚਾਹੁੰਦੇ ਸਾਂ।

"ਤੇਰੀ ਆਈ ਮੈਂ ਮਰ ਜਾ....ਤੇਰਾ ਵਾਲ ਵੀ ਵਿੰਗਾ ਨਾ ਹੋਵੇ ।"

ਉਹ ਅਕਸਰ ਗੁਣ ਗੁਣਾਇਆ ਕਰਦੀ ਸੀ।

"ਕੌਣ ਮਰਦਾ ਹੈ ਕਿਸੇ ਦੀ ਆਈ। ਇਹ ਸਭ ਛਲਾਵਾ ਹੈ.......।"

ਹਵਾ ਵਿੱਚੋਂ ਅਵਾਜ਼ ਉਠਦੀ।

ਪਰ ਕਾਮਰੇਡ ਚੇਤਨ ਮੇਰੀ ਆਈ ਮਰ ਗਿਆ ਸੀ।

"ਉਏ ਯੋਧੇ ਕਦੀ ਨਹੀਂ ਮਰਦੇ। ਮੌਤ ਨਾਲੋਂ ਭੈੜੀ ਤਾਂ ਤੇਰੀ ਇਹ ਜ਼ਿੰਦਗੀ ਹੈ। ਪਹਿਚਾਣ ਖ਼ੁਦ ਨੂੰ। ਤੇਰੀ ਜ਼ਮੀਨ ਤੇ ਤੇਰੀ.....।"

ਮੈਂ ਗਿਆਨੀ ਨੂੰ ਗਲੋਂ ਫੜ ਲਿਆ। ਗੱਲ ਉਸਦੇ ਗਲੇ ਵਿੱਚ ਅਟਕ ਗਈ। ਪਰ ਦੂਜੇ ਹੀ ਪਲ ਮੇਰਾ ਗੁੱਸਾ ਸ਼ਾਂਤ ਹੋ ਗਿਆ।

"ਦੁਸ਼ਮਣਾਂ ਨੂੰ ਮਾਰ ਜੈਲੀ ਦੁਸ਼ਮਣਾਂ ਨੂੰ.....।"

ਮੇਰੇ ਅੰਦਰੋਂ ਅਵਾਜ਼ਾਂ ਉਠਦੀਆਂ।

ਪਰ ਮੈਂ ਆਪਣਿਆਂ ਨੂੰ ਕਿਵੇਂ ਮਾਰ ਸਕਦਾ ਸੀ! ਪਰ ਇਹ ਗੱਲ ਕਿਸੇ ਨੂੰ ਸਮਝਾਉਣ ਦਾ ਮੌਕਾ ਨਹੀਂ ਸੀ ਮਿਲਿਆ।

ਕਾਮਰੇਡ ਚੇਤਨ ਦਾ ਕਤਲ ਮੇਰੇ ਗਲ ਪੈ ਗਿਆ।

"ਭੱਜ ਲੈ ਜੈਲੀ.....ਭੱਜ ਲੈ .......।"



ਮੈਨੂੰ ਲੱਗਿਆ ਜਿਵੇਂ ਕਾਮਰੇਡ ਚੇਤਨ ਬੋਲਿਆ ਹੋਵੇ। ਮੈਂ ਹਸਪਤਾਲੋਂ ਭੱਜ ਨਿਕਲਿਆ।

ਚੇਤਨ ਕਈ ਮਹੀਨਿਆਂ ਬਾਅਦ ਮਿਲਣ ਆਇਆ ਸੀ ਮੈਨੂੰ। ਅਸੀਂ ਪੁਰਾਣੀਆਂ ਗੱਲਾਂ ਵਿੱਚ ਗੁਆਚ ਗਏ । ਮੈਂ ਕਾਮਰੇਡ ਚੇਤਨ ਨੂੰ ਖੇਤ ਛੱਡ ਕੇ ਪਿੰਡ ਚਾਹ ਲੈਣ ਲਈ ਆ ਗਿਆ। ਵਾਪਸ ਪਰਤਿਆ ਤਾਂ ਦੇਖਿਆ ....!

ਵੱਖੀ ਵਿੱਚ ਗੋਲ਼ੀ ਲੱਗੀ ਸੀ ਚੇਤਨ ਦੇ।

ਮੈਨੂੰ ਸਮਝਦਿਆਂ ਦੇਰ ਨਾ ਲੱਗੀ। ਕੋਈ ਮੇਰੇ ਭੁਲੇਖੇ......। ਉਹ ਤੜਫ਼ ਰਿਹਾ ਸੀ।

"ਭੱਜ ਲੈ ਜੈਲੀ....ਭੱਜ ਲੈ...। ਤੇਰੀ ਜਾਨ ਨੂੰ ਖ਼ਤਰਾ। ਮੇਰੀ ਪਰਵਾਹ ਨਾ ਕਰ।"

ਉਹ ਮਸੀਂ ਬੋਲਿਆ ਸੀ ।

ਮੈਂ ਕਣਕ ਵਿਚਦੀ ਸ਼ੂਟ ਵੱਟ ਲਈ।

ਪਿੰਡ ਵਿੱਚ ਮੜ੍ਹੀਆਂ ਵਰਗੀ ਚੁੱਪ ਸੀ। ਮੈਂ ਦਰਵਾਜ਼ਾ ਖੜਕਾਉਂਦਾ ਰਿਹਾ। ਪਰ ਸਾਰੇ ਜਿਵੇਂ ਸੁਸਰੀ ਹੋਏ ਪਏ ਸੀ। ਮੈਂ ਕੰਧ ਟੱਪੀ। ਕਮਰੇ ਅੰਦਰ ਵੜ੍ਹਿਆ ਤਾਂ.....।

ਅੰਦਰ ਕੁਲਦੀਪ ਸੀ।

ਮੇਰੀਆਂ ਅੱਖਾਂ ਅੱਗੇ ਹਨ੍ਹੇਰਾ ਛਾ ਗਿਆ। ਅੱਖ ਹਸਪਤਾਲ ਜਾ ਕੇ ਖੁੱਲ੍ਹੀ। ਮੇਰੀ ਅੱਖ ਖੁਲਦਿਆਂ ਹੀ ਚੇਤਨ ਦੇ ਕਤਲ ਦੀ ਗੱਲ ਸਾਰੇ ਪਾਸੇ ਉਡ ਗਈ । ਡਾਕਟਰ ਦੀਆਂ ਲਾਈਆਂ ਸੂਈਆਂ ਜਿਹੀਆਂ ਲਾਹ ਕੇ ਮੈਂ ਉਥੋਂ ਭੱਜ ਨਿਕਲਿਆ ।

"ਭੱਜਣਾ ਤਾਂ ਕਾਇਰਤਾ ਹੈ।"

ਮੇਰੇ ਹੀ ਲਫ਼ਜ ਮੇਰੇ ਅੰਦਰ ਘੌਰੂ ਮਚਾਉਂਦੇ।

"ਤਿਲ-ਤਿਲ ਮਰਨਾ ਵੀ ਪਾਪ ਹੈ। ਹਥਿਆਰ ਚੁੱਕ ਜੈਲੀ....।"

ਮੇਰੇ ਅੰਦਰ ਜਿਵੇਂ ਕੋਈ ਯੁੱਧ ਚੱਲਦਾ।

ਮੈਂ ਚਾਰ ਰਾਤਾਂ ਪਿੰਡੋਂ ਬਾਹਰ ਰਿਹਾ। ...ਤੇ ਕੱਲ੍ਹ ਰਾਤ......

ਪਤਾ ਨਹੀਂ ਕਿਸ ਤਾਕਤ ਨੇ ਮੇਰੇ ਹੱਥੋਂ ਕੁਲਦੀਪ ਦਾ ਕਤਲ ਕਰਵਾ ਦਿੱਤਾ।

ਮਨ ਤੋਂ ਜਿਵੇਂ ਭਾਰ ਲਹਿ ਗਿਆ।

ਮੈਂ ਸਹਿਜ ਹੋ ਗਿਆ।

ਪਰ ਅਜੇ ਤਾਂ ਹਿਸਾਬ ਬਾਕੀ ਹੈ

"ਜੀਣਾ ਹੈ ਤੋ ਮਰਨਾ ਸੀਖੋ।"

ਚੇਤਨ ਮੇਰੇ ਆਸ-ਪਾਸ ਬੋਲ ਰਿਹਾ ਹੈ।

***********

# ਮੈਂ ਨਾਟਕ ਤੇ ਜ਼ਿੰਦਗੀ

ਮੈਂ ਨਰਿੰਦਰ ਦੇ ਚਿਹਰੇ ਵੱਲ ਦੇਖ ਰਹੀ ਸਾਂ।

ਹੁਣੇ ਅਜੇ ....... ਥੋੜ੍ਹੀ ਦੇਰ ਪਹਿਲਾਂ।

ਲੱਗਿਆ ਜਿਵੇਂ ਉਹ ਅੰਤਾਂ ਦਾ ਸ਼ਾਂਤ ਹੋਵੇ। ਪਰ ਦੂਜੇ ਹੀ ਪਲ ਉਸਦੇ ਚਿਹਰੇ 'ਤੇ ਇੱਕ ਅਜੀਬ ਜਿਹਾ ਖੌਫ਼ ਦਿਖਾਈ ਦਿੱਤਾ। ਉਹੀ ਖੌਫ਼........ ਜੋ 'ਕੁੱਝ ਦਿਨ' ਪਹਿਲਾਂ ਸੀ, ਉਸਦੇ ਚਿਹਰੇ 'ਤੇ।

ਭੱਜ ਕੇ ਡਰਾਇੰਗ ਰੂਮ ਵਿੱਚ ਆਣ ਬੈਠੀ ਹਾਂ।

ਚਾਹ ਦੀ ਤਲਬ ਜਾਗੀ ਸੀ। ਪਰ ਇੱਕਦਮ ਕਰਵਾ ਚੌਥ ਦਾ ਵਰਤ ਯਾਦ ਆ ਗਿਆ।

ਪਰ ਕਿਸ ਲਈ .......?

ਗੇਟ ਬੰਦ ਕਰਕੇ ਬੈਡਰੂਮ ਵਿੱਚ ਗਈ ਸਾਂ। ਪਰ ਮੈਥੋਂ ਉਥੇ ਰੁਕ ਨਹੀਂ ਹੋਇਆ। ਸਿਰ ਵਿੱਚ ਜਿਵੇਂ ਹਥੌੜੇ ਵੱਜਣ ਲੱਗੇ ਸੀ । ਡਰਾਇੰਗ ਰੂਮ ਵਿੱਚ ਜ਼ੀਰੋਵਾਟ ਦੇ ਬਲਬ ਦੀ ਦੁਧੀਆ ਜਿਹੀ ਰੌਸ਼ਨੀ ਹੈ । ਪਰ ਮੇਰੇ ਅੰਦਰ ਸਦੀਆਂ ਪੁਰਾਣਾ ਅੰਧਕਾਰ ਹੈ ।

'ਕਿੱਥੋਂ-ਕਿੱਥੇ' ਪਹੁੰਚ ਗਈ ਹਾਂ। ਅਜੀਬ ਜਿਹਾ ਲੇਖਾ ਜੋਖਾ ਹੈ। ਇਸ ਮਨ ਦੀ ਲਿੱਪੀ ਵੀ ਅਜੀਬ ਹੈ, ਜੋ ਮੇਰੀ ਸਮਝ ਵਿੱਚ ਨਹੀਂ ਆਉਂਦੀ। ਪਰ ਇਹ ਗੁੰਝਲਾਂ ਡਾਕਟਰ ਗੁਰਵਿੰਦਰ ਪਾਲ ਉਰਫ਼ ਗੈਰੀ ਨੇ ਸਮਝ ਲਈਆਂ ਸਨ। ਮਨ ਵਿੱਚ ਅਜੀਬ-ਅਜੀਬ ਖਿਆਲ ਆ ਰਹੇ ਨੇ .....। ਸੋਚਦੀ ਹਾਂ ਨਰਿੰਦਰ ਉੱਠੇ ਤੇ ਮੇਰੇ ਮੂੰਹ ਤੇ ਤਾੜ ਕਰਦਾ ਥੱਪੜ ਮਾਰੇ। ਬਿਲਕੁਲ ਉਸੇ ਦਿਨ ਵਾਂਗ। ਪਰ ਮੈਂ ਜਾਣਦੀ ਹਾਂ, ਨਰਿੰਦਰ ਹੁਣ ਇੰਜ ਨਹੀਂ ਕਰੇਗਾ।

ਪਰ ਉਸ ਦਿਨ ਉਸਨੇ ਇੰਜ ਕਿਉਂ ਕੀਤਾ ਸੀ ?

ਉਹ ਸੁੱਤਾ ਨਹੀਂ ਬੱਸ ਸੌਂਣ ਦਾ ਨਾਟਕ ਕਰ ਰਿਹਾ ਸੀ। ਆਖਿਰ ਅਦਾਕਾਰ ਜੁ ਹੋਇਆ। ਅਦਾਕਾਰੀ ਤਾਂ ਉਸਦੇ ਖ਼ੂਨ ਵਿੱਚ ਹੈ ਨਾ ?

ਮੇਰੇ ਸਾਹਮਣੇ ਕੁੱਝ ਵਰ੍ਹੇ ਪਹਿਲਾਂ ਵਾਲਾ ਨਰਿੰਦਰ ਖੜ੍ਹਾ ਹੈ।

ਚਿੱਟਾ ਕੁੜਤਾ ਪਜਾਮਾ। ਪਸ਼ੌਰੀ ਚੱਪਲਾਂ ਤੇ ਘੁੰਗਰਾਲੇ ਵਾਲ। ਨਵੀਂ ਰੌਸ਼ਨੀ ਡਰਾਮਾ ਕਲੱਬ ਦਾ ਸਭ ਤੋਂ ਸਭ ਤੋਂ ਵੱਧ ਚਮਕਦਾ ਸਿਤਾਰਾ। ਜਿਸਦੇ ਚਾਹੁੰਣ ਵਾਲਿਆਂ ਦੀ ਗਿਣਤੀ ਦਾ ਕੋਈ ਲੇਖਾ ਨਹੀਂ ਸੀ।

ਉਹ ਯੂਨੀਵਰਸਿਟੀ ਦਾ ਹੀਰੋ ਸੀ।

ਮੈਂ ਐਮ.ਏ. ਦੀ ਸਟੂਡੈਂਟ ਸਾਂ। ਸਾਹਿਤ ਨਾਲ ਅੰਤਾਂ ਦਾ ਮੋਹ ਮੈਨੂੰ 'ਮਾਸਟਰ ਆੱਫ ਆਰਟਸ' ਵੱਲ ਲੈ ਤੁਰਿਆ ਸੀ। ਪਾਪਾ ਨੂੰ ਵਕਾਲਤ ਪਸੰਦ ਸੀ ਜਾਂ ਫਿਰ ਆਰਮੀ। ਉਹ ਚਾਹੁੰਦੇ ਸਨ ਕਿ ਮੈਂ ਦੋਹਾਂ 'ਚੋ ਕੋਈ ਇੱਕ ਰਾਹ ਚੁਣਾਂ। ਮੇਰੇ ਖਿਆਲ ਵੱਖ ਸਨ।



ਰੁਚੀਆਂ ਅਲੱਗ ਸਨ। ਉਹਨਾਂ ਰੋਕਿਆ ਨਹੀਂ ਸੀ। ਉਹ ਮੰਨਦੇ ਸਨ ਕਿ ਜਿੱਥੇ ਚਾਹ ਉਥੇ ਹੀ ਤਾਂ ਰਾਹ ਲੱਭਦੇ ਹਨ।

ਐਮ.ਏ. ਕਰਕੇ ਐਮ.ਫਿਲ, ਪੀ.ਐਚ-ਡੀ. ਤੇ ਫਿਰ ਪ੍ਰੋਫੈਸਰਸ਼ਿਪ ਤਾਂ ਵੱਟ 'ਤੇ ਪਈ। 'ਡਾ: ਨਵਜੀਤ ਕੌਰ ਔਲਖ'

ਉਹ ਮੁਸਕਰਾਉਂਦੇ ਹੋਏ ਆਖਦੇ।

"ਦੇਖ ਬੇਟਾ। ਵਿੱਦਿਆ ਸਭ ਤੋਂ ਵੱਡੀ ਪੂੰਜੀ ਹੁੰਦੀ। ਮੈਂ ਵੀ ਪੀ.ਐਚ-ਡੀ. ਤੋਂ ਘੱਟ ਨਾ ਮੁੜਦਾ। ਪਰ ਮੇਰੇ ਬਾਪੂ ਦੀ ਪੁੱਗਤ ਨਹੀਂ ਸੀ। ਪਰ ਤੂੰ ਕਰ। ਪੀ.ਐਚ-ਡੀ, ਕਰ ਕੇ ਦਿਖਾ ਮੈਨੂੰ।"

ਮੈਨੂੰ ਜਿਵੇਂ ਹੌਸਲਾ ਮਿਲ ਜਾਂਦਾ।

ਮੈਂ ਯੂਨੀਵਰਸਿਟੀ ਦਾਖਲਾ ਲੈ ਲਿਆ।

ਨਰਿੰਦਰ ਨਾਲ ਪਹਿਲੀ ਮੁਲਾਕਾਤ ਵੀ ਜਿਵੇਂ ਸਬੱਬ ਨਾਲ ਹੋਈ ਸੀ। ਮੇਰੀ ਰੂਮਮੇਟ ਕੰਚਨ ਨੇ ਦੱਸਿਆ ਸੀ।

"ਨਵਜੀਤ ਚੱਲ ਅੱਜ ਨਾਟਸ਼ਾਲਾ ਚੱਲੀਏ। ਉਥੇ "ਬਦਲਦੀਆਂ ਰੁੱਤਾਂ" ਨਾਟਕ ਖੇਡਿਆ ਜਾਣਾ। ਕਮਲੀਏ ਸੌਵੀਂ ਵਾਰ। ਸੋਚ ਕਿੰਨਾ ਕਮਾਲ ਦਾ ਹੋਊ। ਉਸ ਨਾਟਕ ਦਾ ਨਾਇਕ ਨਰਿੰਦਰ ਹੈ। ਆਪਣੀ ਯੂਨੀਵਰਸਿਟੀ ਦਾ ਸਟੂਡੈਂਟ। ਪੀ.ਐਚ-ਡੀ. ਕਰ ਰਿਹਾ ਨਾਟਕ 'ਤੇ।"

"ਕੌਣ ਨਰਿੰਦਰ?"

ਮੈਂ ਜਿਵੇਂ ਆਪਣੇ ਆਪ ਵਿੱਚ ਗੁਆਚੀ ਨੇ ਪੁੱਛ ਲਿਆ ਸੀ।

"ਲੈ ਕਮਲੀਏ ਕੁੜੀਏ। ਤੈਨੂੰ ਨਰਿੰਦਰ ਦਾ ਨਹੀਂ ਪਤਾ। ਉਹੀ ਨਰਿੰਦਰ, ਕਿੰਨਾਂ ਤਾਂ ਨਾਮ ਚੱਲਦਾ ਉਹਦਾ ਯੂਨੀਵਰਸਿਟੀ 'ਚ। ਇਹ ਡਰਾਮਾ ਕਲੱਬ ਵੀ ਤਾਂ ਉਸੇ ਨੇ ਬਣਾਇਆ। ਕੁੜੀਆਂ ਤਾਂ ਵੇਖ ਕੇ ਹੌਕੇ ਭਰਦੀਆਂ ਉਸਨੂੰ ।"

"ਅੱਛਾ........ ਤੇ ਆਪ ਜੀ ਕਿਉਂ ਪਿੱਛੇ ਰਹਿੰਦੇ ਹੋ। ਜਾਓ.... ਭਰੋ ਹੌਕੇ ਚੱਲ ਕੇ ਆਪਣੇ ਨਰਿੰਦਰ ਜੀ ਲਈ।"

ਮੈਨੂੰ ਨਾ ਤਾਂ ਨਾਟਕ ਅਤੇ ਨਾ ਹੀ ਨਾਟਕ ਵਾਲੇ ਵਿੱਚ ਕੋਈ ਰੁੱਚੀ ਸੀ।

"ਲੈ ਤੈਨੂੰ ਕੀ ਲੱਗਦਾ? ਮੈਂ ਇਕੱਲੀ ਤੁਰ ਪਊਂ ? ਕਮਲੀਏ ਕੁੜੀਏ ਮੈਂ ਤਾਂ ਤੈਨੂੰ ਨਾਲ ਲੈ ਕੇ ਜਾਊਂ। ਸਿੱਧੀ ਹੋ ਕੇ ਚੱਲ ਪੈ ਨਹੀਂ ਤਾਂ .......। ਬਾਹਮਣੀ ਨਾ ਸਮਝ ਛੱਡੀ ਬੱਸ ਮੈਨੂੰ .....।"

ਉਸਦੀ ਗੱਲ 'ਤੇ ਮੈਂ ਖੁੱਲ੍ਹ ਕੇ ਹੱਸੀ ਸਾਂ ।

ਚੱਲ ਮੇਰੀ ਗੁੱਡੀਆ। ਦੇਖ ਆਈਏ ਤੇਰੇ ਹੀਰੋ ਨੂੰ।"

ਮੈਂ ਤਿਆਰ ਹੋ ਗਈ।

ਟਿਕਟਾਂ ਲਈਆਂ। ਸਭ ਤੋਂ ਮੂਹਰਲੀ ਕਤਾਰ ਵਿੱਚ ਬੈਠ ਕੇ ਨਾਟਕ ਦੇਖਿਆ। ਪਰ ਮੇਰਾ ਧਿਆਨ ਨਾਟਕ ਵੱਲ ਨਹੀਂ ਨਰਿੰਦਰ ਵੱਲ ਸੀ। ਉਹ ਮੇਰੇ ਧੁਰ ਤੱਕ ਲਹਿ

ਗਿਆ ਸੀ। ਉਸਦੇ ਚਿਹਰੇ ਦੇ ਹਾਵ-ਭਾਵ। ਉਸਦੀ ਅਦਾਕਾਰੀ। ਅਵਾਜ਼ ਵਿਚਲੀ ਕਸ਼ਿਸ਼। ਮੈਂ ਜਿਵੇਂ ਕੀਲੀ ਗਈ।

ਨਾਟਕ ਮੁੱਕ ਗਿਆ। ਪਰ ਮੈਂ ਜਿਵੇਂ ਕਿਸੇ ਹੋਰ ਦੁਨੀਆਂ ਵਿੱਚ ਪਹੁੰਚ ਗਈ ਸਾਂ।

"ਲੈ ਦੱਸ ! ਕਮਲੀਏ ਕੁੜੀਏ ਵਾਪਸ ਨਹੀਂ ਜਾਣਾ। ਮੁੜ ਆ ਸੁਪਨਿਆਂ 'ਚੋਂ। 'ਉਹ' ਤਾਂ ਚਲਾ ਗਿਆ।"

ਕੰਚਨ ਦੀ ਅਵਾਜ਼ ਨੇ ਮੇਰੀ ਸੁਰਤੀ ਤੋੜੀ।

ਨਾਟਸ਼ਾਲਾ ਤੋਂ ਰੂਮ ਤੱਕ ਆਉਂਦਿਆਂ ਮੈਂ ਸੋਚਾਂ ਵਿੱਚ ਗੁਆਚੀ ਰਹੀ। ਲੱਗਦਾ, ਜਿਵੇਂ ਕੁੱਝ ਪਿੱਛੇ ਰਹਿ ਗਿਆ ਹੋਵੇ ।

"ਕੰਚਨ ਕਿਆ ਬਾਤ ਸੀ .... ਮੈਂ ਤਾਂ .....।"

ਮਨ ਜਿਵੇਂ ਸਵਾਦ-ਸਵਾਦ ਹੋ ਉਠਿਆ ਸੀ। ਮੈਂ ਸਿਰਹਾਣਾ ਹਿੱਕ ਨਾਲ ਘੁੱਟ ਲਿਆ।

"ਕਿਸ ਵਿੱਚ ? ਨਾਟਕ ਵਿੱਚ ਜਾਂ ਨਾਟਕ ਵਾਲੇ ਵਿੱਚ ?"

ਉਸਦੀ ਗੱਲ ਵਿੱਚ ਮਸ਼ਕਰੀ ਸੀ।

"ਨਾਟਕ ਕਿਸ ਨੇ ਦੇਖਿਆ ਅੜੀਏ ......।"

ਮੇਰਾ ਮੂੰਹ ਸ਼ਰਮ ਨਾਲ ਲਾਲ ਹੋ ਗਿਆ।

ਹਵਾ ਦੇ ਜ਼ੋਰਦਾਰ ਬੁੱਲ੍ਹੇ ਨਾਲ ਪਰਦੇ ਹਿੱਲੇ ਨੇ। ਇਕ ਦਮ ਤ੍ਰਬਕੀ ਹਾਂ।

"ਡਰ ਤੇਰੇ ਅੰਦਰ ਹੈ ਬਾਹਰ ਨਹੀਂ।"

ਅੰਦਰੋਂ ਜਿਵੇਂ ਅਵਾਜ਼ ਉਠਦੀ ਹੈ।

ਕਦੀ ਸਹਿਮਤ ਨਹੀਂ ਸਾਂ ਮੈਂ ਇਸ ਗੱਲ ਨਾਲ। ਪਰ ਅੱਜ ਜਿਵੇਂ ਸਭ ਸੱਚ ਲੱਗ ਰਿਹਾ ਹੈ।

"ਇਹ ਬੰਦਾ ਬੜੀ ਵੱਡੀ ਬੁਝਾਰਤ ਹੈ। ਸਾਰਾ ਕੁੱਝ ਇਸੇ ਦੇ ਅੰਦਰ ਹੁੰਦਾ। ਸ਼ੈਤਾਨ ਵੀ ਤੇ ਦੇਵਤਾ ਵੀ। ਇਹ ਅੰਦਰ ਦਾ ਜੰਗਲ ਬੜਾ ਡੂੰਘਾ ਹੁੰਦਾ।"

ਡਾ. ਵਿਰਦੀ ਦੀ ਗੱਲ ਯਾਦ ਆ ਰਹੀ ਹੈ।

ਇਸੇ 'ਅੰਦਰ ਦੇ ਜੰਗਲ' ਨੂੰ ਹੀ ਤਾਂ ਮੈਂ ਫੋਲਣ ਦੀ ਕੋਸ਼ਿਸ਼ ਕੀਤੀ ਸੀ। ਕਦੀ ਨਰਿੰਦਰ ਨੂੰ ਸਮਝਦੀ। ਕਦੀ ਖ਼ੁਦ ਨੂੰ ਸਮਝਾਉਂਦੀ। ਇਸੇ ਸਮਝਣ-ਸਮਝਾਉਣ 'ਚ ਹੀ ਮੈਂ ਇਸ ਕਦਰ ਉਲਝ ਗਈ ਸੀ ਕਿ ਡਾ. ਗੈਰੀ ਨੇ ਮੇਰੀ ਇਸ ਉਲਝਣ ਨੂੰ 'ਮਾਨਸਿਕ ਬਿਮਾਰੀ' ਦਾ ਨਾਮ ਦੇ ਦਿੱਤਾ ਸੀ ।

"ਡਰਾਮਾ ਕਰਦੀ ਐ ਇਹ। ਕੁੱਝ ਨਹੀਂ ਹੋਇਆ ਇਹਨੂੰ।"

ਨਰਿੰਦਰ ਕੁੱਝ ਵੀ ਮੰਨਣ ਲਈ ਤਿਆਰ ਨਹੀਂ ਸੀ। ਪਰ ਉਹ ਭੁੱਲ ਗਿਆ ਸੀ ਕਿ ਡਰਾਮਾ ਕਰਨਾ ਤਾਂ ਮੈਂ ਬਹੁਤ ਦੇਰ ਪਹਿਲਾਂ ਦਾ ਛੱਡ ਚੁੱਕੀ ਹਾਂ। ਇਹ ਅਦਾਕਾਰੀ ਤਾਂ ਉਸੇ ਨੂੰ ਹੀ ਮੁਬਾਰਕ। ਮੇਰੀ ਕਲਾਕਾਰੀ ਤਾ ਚੁੱਲ੍ਹੇ ਜੋਗੀ ਹੀ ਰਹਿ ਗਈ ਸੀ।

ਨਰਿੰਦਰ ਦੇ ਉਸ ਨਾਟਕ ਦਾ ਅਸਰ ਕਈ ਦਿਨ ਮੇਰੇ ਦਿਲੋਂ-ਦਿਮਾਗ 'ਤੇ ਛਾਇਆ ਰਿਹਾ। ਕੰਚਨ ਨੇ ਸਕੀਮ ਕੱਢ ਲਈ। ਅਸੀਂ ਡਿਪਾਰਟਮੈਂਟ ਵੱਲੋਂ ਆ ਰਹੇ ਸੀ



ਕਿ ਨਰਿੰਦਰ ਲਾਇਬ੍ਰੇਰੀ ਅੱਗੇ ਟੱਕਰ ਗਿਆ।

"ਵਾਹ ਜੀ ! ਨਰਿੰਦਰ ਜੀ ! ਕਿਆ ਨਾਟਕ ਸੀ ਜੀ ਤੁਹਾਡਾ।"

ਕੰਚਨ ਉਸਨੂੰ ਘੇਰ ਕੇ ਖਲੋ ਗਈ ।

"ਸ਼ੁਕਰੀਆ ਜੀ।"

ਉਹ ਸੰਖੇਪ ਜਿਹਾ ਬੋਲਿਆ।

"ਨਰਿੰਦਰ ਜੀ ! ਗੱਲ ਅਸਲ 'ਚ ਪਤਾ ਕੀ ਐ। ਸਾਡੀ ਇਸ ਕਮਲੀ ਕੁੜੀ ਨੂੰ ਥੀਏਟਰ ਦਾ ਬਹੁਤ ਸ਼ੌਂਕ ਹੈ। ਤੁਹਾਡੀ ਚੇਲੀ ਬਣਨਾ ਲੋਚਦੀ ਹੈ।"

ਕੰਚਨ ਦੀ ਗੱਲ ਸੁਣ ਕੇ ਮੇਰੇ ਰੰਗ ਉਡ ਗਏ। ਮੈਂ ਘੂਰੀ ਵੱਟੀ। ਕੰਚਨ ਨੇ ਚੁੱਪ ਰਹਿਣ ਦਾ ਇਸ਼ਾਰਾ ਕੀਤਾ।

"ਬਹੁਤ ਖ਼ੂਬ! ਅੱਜ ਸ਼ਾਮ ਨੂੰ ਸੱਤ ਨੰਬਰ ਰੂਮ 'ਚ ਆ ਜਾਇਓ। ਸਾਡੇ ਨਵੇਂ ਨਾਟਕ ਦੀ ਰਿਹਸਲ ਹੈ। ਸਾਡਾ ਕਲੱਬ ਜੁਆਇੰਨ ਕਰ ਲਓ। ਕੁੱਝ ਸੋਚ ਲਵਾਂਗੇ।"

ਨਰਿੰਦਰ ਨੇ ਬੱਸ ਇਹੀ ਕਿਹਾ ਤੇ ਖ਼ੁਸ਼ਬੂ ਬਿਖੇਰਦਾ ਅਲੋਪ ਹੋ ਗਿਆ ਸੀ।

"ਨਾ ਤੈਨੂੰ ਕੀਹਨੇ ਕਹਿ 'ਤਾ ਮੈਨੂੰ ਥੀਏਟਰ ਦਾ ਸ਼ੌਂਕ ਹੈ ?"

ਮੈਨੂੰ ਕੰਚਨ 'ਤੇ ਗੁੱਸਾ ਆ ਰਿਹਾ ਸੀ।

"ਲੈ ਕਮਲੀਏ! ਥੀਏਟਰ ਨਹੀਂ ਤੇ ਨਾ ਸਹੀ। ਥੀਏਟਰ ਵਾਲੇ 'ਚ ਤਾਂ ਰੁਚੀ ਹੈ ਨਾ। ਪਾਗਲੇ ਲੋਕ ਇਸ਼ਕ 'ਚ ਕੀ-ਕੀ ਨਹੀਂ ਕਰਦੇ। ਤੈਥੋਂ ਐਕਟਰ ਨਹੀਂ ਬਣ ਹੁੰਦਾ। ਫਸਾ ਲੈ ਫਸਦਾ ਤਾਂ .....।"

ਕੋਈ ਅਦਿੱਖ ਸ਼ਕਤੀ ਮੈਨੂੰ ਸੱਤ ਨੰਬਰ ਰੂਮ ਵੱਲ ਖਿੱਚ ਕੇ ਲੈ ਗਈ ਸੀ।

"ਇਹਨਾਂ ਨੂੰ ਵੇਵਜ਼ ਕਹਿੰਦੇ ਨੇ ....। ਬਹੁਤ ਸ਼ਕਤੀਸ਼ਾਲੀ ਹੁੰਦੀਆਂ। ਦਿਸਦੀਆਂ ਨਹੀਂ ਕਿਸੇ ਨੂੰ .....।"

ਡਾ. ਗੈਰੀ ਅਕਸਰ ਆਖਦਾ ਹੁੰਦਾ।

ਕਦੀ-ਕਦੀ ਉਸਦੀਆਂ ਗੱਲਾਂ ਮੇਰੇ ਸਿਰ ਉਪਰੋਂ ਲੰਘਣ ਲੱਗਦੀਆਂ। ਠੀਕ ਉਸੇ ਤਰ੍ਹਾਂ ਜਿਵੇਂ ਮੇਰੀਆਂ ਨਰਿੰਦਰ ਦੇ ਸਿਰੋਂ ਲੰਘਣ ਲੱਗੀਆਂ ਸਨ। ਮੋਟੀਆਂ-ਮੋਟੀਆਂ ਕਿਤਾਬਾਂ ਘੋਟ-ਘੋਟ ਪੀ ਜਾਣ ਵਾਲੇ ਨੂੰ ਮੇਰੀ ਸੌਖੀ ਜਿਹੀ ਗੱਲ ਸਮਝ ਕਿਉਂ ਨਹੀਂ ਪੈਂਦੀ, ਮੈਨੂੰ ਇਸਦੀ ਸਮਝ ਨਹੀਂ ਸੀ ਲੱਗੀ। ਪਰ ਨਾਟਕ ਦੀਆਂ ਬਰੀਕੀਆਂ ਮੈਂ ਸਮਝਣ ਲੱਗੀ ਸਾਂ। ਮਨ ਵਿੱਚ ਇੱਕ ਖਿੱਚ ਸੀ, ਜੋ ਮੇਰੇ ਲਈ ਊਰਜਾ ਦਾ ਕੰਮ ਕਰ ਰਹੀ ਸੀ।

ਮੈਂ ਰਿਹਸਲਾਂ ਵਿੱਚ ਹਿੱਸਾ ਲੈਂਦੀ।

ਨਰਿੰਦਰ ਕੋਲੋਂ ਸਿੱਖਦੀ। ਸਮਝਦੀ, ਥੀਏਟਰ ਮੇਰੇ ਸਿਰ 'ਤੇ ਹਾਵੀ ਹੁੰਦਾ ਜਾ ਰਿਹਾ ਸੀ ਨਰਿੰਦਰ ਮੇਰੇ ਦਿਲ 'ਤੇ।

"ਐਕਟਰ ਤਾਂ ਹਰ ਇਨਸਾਨ ਦੇ ਅੰਦਰ ਹੁੰਦਾ ਨਵਜੀਤ ਜੀ। ਇਹ ਐਕਟਿੰਗ ਤਾਂ ਸਾਡੇ ਨਾਲ ਹੀ ਜਵਾਨ ਹੋਣ ਲੱਗਦੀ ਹੈ।"

ਨਰਿੰਦਰ ਕਈ ਕੁੱਝ ਬੋਲਦਾ ਗਿਆ। ... ਤੇ ਮੈਂ ਜਿਵੇਂ ਬੁੱਤ ਬਣੀ ਬੈਠੀ ਸਾਂ। ਉਸਦੇ ਲਫ਼ਜ਼ਾਂ 'ਚ 'ਸੰਮੋਹਨ' ਕਰ ਲੈਣ ਦੀ ਸ਼ਕਤੀ ਸੀ ।ਮੈਂ ਪਹਿਲੀ ਵਾਰ ਉਸਦੇ ਇੰਨਾਂ ਕਰੀਬ ਬੈਠੀ ਸਾਂ ।

ਰਿਹਸਲ ਮੁੱਕੀ ਤੋਂ ਅਸੀਂ ਕੈਫੇ ਵਿੱਚ ਬੈਠੇ ਸੀ। ਕਾਫ਼ੀ ਪੀਂਦਿਆਂ ਸਾਡੇ ਵਿੱਚ ਨਿੱਕੀਆਂ-ਨਿੱਕੀਆਂ ਕਈ ਗੱਲਾਂ ਚੱਲਦੀਆਂ ਰਹੀਆਂ। ਮੈਂ ਨਾਟਕਾਂ ਵਿੱਚ ਨਾਇਕਾ ਦਾ ਰੋਲ ਨਿਭਾਉਂਦੀ-ਨਿਭਾਉਂਦੀ ਨਰਿੰਦਰ ਦੇ ਬਹੁਤ ਕਰੀਬ ਆ ਗਈ ਸਾਂ। ਪਹਿਲਾਂ ਦੋਸਤੀ ਤੇ ਫਿਰ ਪਿਆਰ। ਕਿਵੇਂ ਸਭ ਕੁੱਝ ਆਪਣੇ ਆਪ ਹੋ ਗਿਆ ਸੀ। ਮੈਨੂੰ ਖ਼ੁਦ ਪਤਾ ਨਹੀਂ ਸੀ ਲੱਗਿਆ।

ਨਰਿੰਦਰ ਮੇਰੇ ਸਾਹਾਂ ਵਿੱਚ ਸਾਹ ਭਰਦਾ। ਮੈਂ ਉਸਦੀ ਹਰ ਗੱਲ ਤੋਂ ਮੁਤਾਸਰ ਸਾਂ। ਉਹ ਰੂਹ ਨਾਲ ਕੰਮ ਕਰਦਾ। ਬੋਲਦਾ ਤਾਂ ਜਿਵੇਂ ਫੁੱਲ ਕਿਰਦੇ। ਜ਼ਿੰਦਗੀ ਦੇ ਹਰ ਪੱਖ ਦੀ ਉਸਨੂੰ ਡੂੰਘੀ ਸਮਝ ਸੀ । ਕਿਵੇਂ ਰਹਿ ਸਕਦੀ ਸਾਂ ਮੈਂ ਉਸ ਤੋਂ ਪ੍ਰਭਾਵਿਤ ਹੋਏ ਬਿਨ੍ਹਾਂ ?

"ਇਹ ਬਸ ਇੱਕ ਮਾਇਆ ਹੈ। ਬਾਹਰ ਆਓ ਇਸ ਵਿੱਚੋਂ ......।"

ਡਾ. ਗੈਰੀ ਦੀਆਂ ਗੱਲਾਂ ਮੇਰੇ ਦਿਮਾਗ ਉਪਰ ਅਸਰ ਕਰਨ ਲੱਗੀਆਂ ਸਨ।

"ਬਾਹਰ ਅਜੇ ਬੜੀ ਵੱਡੀ ਦੁਨੀਆਂ ਬਾਕੀ ਪਈ ਹੈ ਨਵ। ਅਸੀਂ ਬਹੁਤ ਦੂਰ ਜਾਵਾਂਗੇ। ਸੀਰੀਅਲ, ਫਿਲਮਾਂ, ਮੁੰਬਈ। ਕੁੱਝ ਵੀ ਦੂਰ ਨਹੀਂ ਹੈ।"

ਨਰਿੰਦਰ ਹਜ਼ਾਰਾਂ ਸੁਪਨੇ ਸਜਾਈ ਬੈਠਾ ਸੀ ।ਉਸਦੇ ਦਿਲ ਵਿੱਚ ਵੱਡਾ ਐਕਟਰ ਬਣਨ ਦੀ ਖੁਵਾਇਸ਼ ਸੀ। ਨਾਟਸ਼ਾਲਾ ਦੀ ਸਟੇਜ ਉਸ ਲਈ ਛੋਟੀ ਪੈ ਗਈ ਸੀ। ਇਹ ਜ਼ਿੰਦਗੀ ਵੀ ਤਾਂ ਸਟੇਜ ਵਰਗੀ ਹੈ ਜਿਵੇਂ। ਆਪਾਂ ਸਾਰੇ ਹੀ ਵਿਹਾਰ ਕਰਦੇ ਹਾਂ ਕਠਪੁਤਲੀਆਂ ਵਾਂਗ। ... ਤੇ ਕੋਈ ਆਪਾਂ ਨੂੰ ਨਿਰਦੇਸ਼ ਦਿੰਦਾ ਹੈ। ਨਚਾਉਂਦਾ ਹੈ ਆਪਣੇ ਇਸ਼ਾਰਿਆਂ 'ਤੇ।

ਪਰ ਮੈਂ ਅੱਕ ਗਈ ਸਾਂ ਨਰਿੰਦਰ ਦੀ ਨਿਰਦੇਸ਼ਨਾ ਤੋਂ। ਬਾਗੀ ਹੋ ਜਾਣਾ ਚਾਹੁੰਦੀ ਸਾਂ .....।

"ਕਈ ਵਾਰ ਅਸੀਂ ਜ਼ਿਹਨੀ ਤੌਰ 'ਤੇ ਗ਼ੁਲਾਮ ਹੁੰਦੇ ਹਾਂ। ਐਸੀ ਗ਼ੁਲਾਮੀ .....।" ਕਿੰਨੀ ਸੱਚ ਸੀ ਇਹ ਗੱਲ। ਪਰ ਸੱਚ ਤਾਂ ਉਹ ਵੀ ਸੀ ਜੋ ਡਾਕਟਰ ਗੈਰੀ ਨੇ ਕਿਹਾ ਸੀ। ਪਰ ਮੈਂ ਮਾਨਸਿਕ ਤੌਰ 'ਤੇ ਬਿਮਾਰ ਨਹੀਂ ਸਾਂ।

ਮੇਰੀ ਬਿਮਾਰੀ ਤਾਂ .....।

"ਗੁੜ ਨਾਲੋਂ ਇਸ਼ਕ ਮਿੱਠਾ ... ਰੱਬਾ ਲੱਗ ਨਾ ਕਿਸੇ ਨੂੰ ਜਾਵੇ।"

ਮੈਂ ਗੁਣਗੁਣਾਇਆ ਕਰਦੀ ਸਾਂ।

ਮੇਰੀ ਐਮ.ਏ. ਕੰਪਲੀਟ ਹੋਈ। ਨਰਿੰਦਰ ਦੀ ਪੀ.ਐਚ-ਡੀ ਦਾ ਕੰਮ ਨਿੱਬੜ ਗਿਆ। ਅਸੀਂ ਵਿਆਹ ਕਰਵਾ ਲਿਆ। ਹਮੇਸ਼ਾ ਲਈ ਇੱਕ-ਦੂਜੇ ਦੇ ਹੋ ਗਏ। ਮੇਰੀ ਪਸੰਦ ਪੂਰੇ ਪਰਿਵਾਰ ਦੀ ਪਸੰਦ ਸੀ। ਮੈਂ ਅੰਤਾਂ ਦੀ ਖ਼ੁਸ਼ ਸੀ। ਆਪਣੀ ਕਿਸਮਤ 'ਤੇ ਨਾਜ਼ ਕਰਦੀ।



"ਕਮਲੀਏ ਕੁੜੀਏ ! ਤੇਰੀ ਤਾਂ ਲਾਟਰੀ ਲੱਗ ਗਈ। ਨਰਿੰਦਰ ਤਾਂ ਡਾਇਮੰਡ ਏ ਜਮਾਂ ਈ ।ਹੁਣ ਸੰਭਾਲ ਕੇ ਰੱਖੀਂ ......।"

ਕੰਚਨ ਢੇਰ ਸਾਰੀਆਂ ਮੁਬਾਰਕਾਂ ਦੇ ਕੇ ਗਈ ਸੀ।

ਜ਼ਿੰਦਗੀ ਜਿਵੇਂ ਮਹਿਕ ਉੱਠੀ ਸੀ।

.....ਤੇ ਇਸ ਤੋਂ ਵੱਡੀ ਖ਼ੁਸ਼ੀ ਇਸ ਗੱਲ ਵਿੱਚ ਸੀ ਕਿ ਨਰਿੰਦਰ ਦਾ ਵਰ੍ਹਿਆਂ ਦਾ ਸੁਪਨਾ ਸਕਾਰ ਹੋਣ ਜਾ ਰਿਹਾ ਸੀ। ਉਸਨੂੰ ਕਿਸੇ ਫਿਲਮ ਵਿੱਚ ਬ੍ਰੇਕ ਮਿਲ ਗਈ ਸੀ। ਪੰਜਾਬੀ ਮੂਲ ਦਾ ਪ੍ਰੋਡਿਊਸਰ ਇੱਕ ਵਾਰ ਯੂਨੀਵਰਸਿਟੀ ਆਇਆ ਨਰਿੰਦਰ ਦਾ ਕੰਮ ਦੇਖ ਕੇ ਗਿਆ ਸੀ। ਨਰਿੰਦਰ ਨਾਲ ਕੀਤਾ ਵਾਅਦਾ ਉਸਨੇ ਪੁਗਾਅ ਦਿੱਤਾ ਸੀ ।

"ਨਵ! ਤੂੰ ਬਹੁਤ ਲੱਕੀ ਹੈ ਮੇਰੇ ਲਈ। ਇੱਕ ਵਾਰ ਮੇਰੇ ਪੈਰ ਉਥੇ ਲੱਗ ਗਏ......।"

ਨਰਿੰਦਰ ਦੀ ਦ੍ਰਿੜਤਾ 'ਤੇ ਮੈਨੂੰ ਮਾਣ ਸੀ।

ਉਹ ਪੰਦਰਾਂ ਦਿਨ੍ਹਾਂ ਬਾਅਦ ਮੁੰਬਈ ਤੋਂ ਮੁੜਿਆ। ਬਹੁਤ ਖ਼ੁਸ਼। ਢੇਰ ਸਾਰੀਆਂ ਤਸਵੀਰਾਂ ਸਨ ਉਸ ਕੋਲ। ਮੈਨੂੰ ਹੁੱਬ-ਹੁੱਬ ਦਿਖਾਉਂਦਾ ਰਿਹਾ। ਵੱਡੇ-ਵੱਡੇ ਐਕਟਰ। ਐਕਟਰਸ। ਪ੍ਰੋਡਿਊਸਰ ਤੇ ਡਾਇਰੈਕਟਰ। ਉਸ ਦੁਨੀਆਂ ਦਾ ਰਾਹ ਜਿਵੇਂ ਖੁੱਲ੍ਹ ਗਿਆ ਸੀ ਨਰਿੰਦਰ ਲਈ। ਪਰ ਇਹ ਕਾਮਯਾਬੀ ਉਸ ਵਿੱਚ ਢੇਰ ਸਾਰੇ ਪਰਿਵਰਤਨ ਲੈ ਆਈ। ਇਕੱਠਿਆਂ ਹਰ ਮੰਜ਼ਿਲ ਸਰ ਕਰਨ ਦੇ ਵਾਅਦੇ ਕਰਨ ਵਾਲਾ ਹੁਣ ਕੁੱਝ ਹੋਰ ਆਖ ਰਿਹਾ ਸੀ । ਮੈਂ ਬੱਸ ਚੁੱਲ੍ਹੇ ਨਾਲ ਜੁੜ ਕੇ ਰਹਿ ਗਈ। ਝੁਰਦੀ ਰਹਿੰਦੀ।

"ਨਰਿੰਦਰ ਮੈਨੂੰ ਇੱਕ ਬੇਬੀ ਚਾਹੀਦਾ। ਤੁਸੀਂ ਤਾਂ ਬਾਹਰ ਰਹਿੰਦੇ ਹੋ। ਮੈਂ ਕਿਸ ਨਾਲ ਮਨ ਪਰਚਾਵਾਂ ?"

ਮੈਂ ਅੰਤਾਂ ਦੇ ਮੋਹ ਨਾਲ ਆਖਿਆ ਸੀ ਉਸਨੂੰ।

"ਬੇਬੀ ਮੇਰੀ ਜੇਬ 'ਚ ਤਾਂ ਨਹੀਂ ਪਾਇਆ ਹੋਇਆ।"

ਨਰਿੰਦਰ ਦਾ ਚਿਹਰਾ ਤਣ ਗਿਆ ਸੀ।

"ਮੈਂ ਇਹ ਤਾਂ ਨਹੀਂ ਕਿਹਾ। ਪਰ ਦੋ ਸਾਲ ਹੋ ਗਏ। ਸਾਨੂੰ ਕਿਸੇ ਡਾਕਟਰ ਨਾਲ......।"

ਪਰ ਨਰਿੰਦਰ ਉੱਠ ਕੇ ਚਲਾ ਗਿਆ। ਮੇਰੀ ਗੱਲ ਉਸ ਨੂੰ ਪਸੰਦ ਨਹੀਂ ਸੀ ਆਈ। ਦੋ ਘੰਟੇ ਬਾਅਦ ਮੁੜਿਆ ਤਾਂ ਉਸਦੇ ਮੂੰਹ ਵਿੱਚੋਂ ਸ਼ਰਾਬ ਦੀ ਸਮੈੱਲ ਆ ਰਹੀ ਸੀ।

ਮੈਂ ਜਿਵੇਂ ਧੁਰ ਤੀਕ ਕੰਬ ਗਈ ਸਾਂ।

ਉਹ ਚਿੜਣ ਲੱਗਿਆ ਸੀ ਮੇਰੇ ਤੋਂ।

"ਖ਼ੂਬਸੂਰਤ ਤੇ ਖ਼ੂਬਸੀਰਤ ਏ ਤੂੰ! ਆਈ ਐਮ ਲੱਕੀ ......।"

ਮੇਰੀਆਂ ਅੱਖਾਂ ਉਸਦੀ ਕਹੀ ਗੱਲ ਯਾਦ ਕਰਕੇ ਭਰ ਆਈਆਂ।

"ਮਰਦ ਸਮਝਦਾਰ ਔਰਤ ਨੂੰ ਬਹੁਤੀ ਦੇਰ ਬਰਦਾਸ਼ਤ ਨਹੀਂ ਕਰਦਾ .....।"

ਮੈਨੂੰ ਮੈਡਮ ਗੁਰਿੰਦਰ ਦੀ ਗੱਲ ਉਸ ਪਲ ਕਿੰਨੀ ਸੱਚ ਲੱਗੀ ਸੀ। ਮੈਂ ਪੂਰੀ ਰਾਤ ਨਹੀਂ ਸਾਂ ਸੁੱਤੀ।

...ਤੇ ਅਗਲੇ ਦਿਨ ਇਕੱਲੀ ਹੀ ਡਾਕਟਰ ਕਵਿਤਾ ਦੇ ਕਲੀਨਿਕ 'ਤੇ ਪਹੁੰਚ ਗਈ ਸਾਂ।

"ਐਵਰੀਥਿੰਗ ਇਜ਼ ਓ.ਕੇ ਨਵਜੀਤ ਜੀ।"

ਡਾਕਟਰ ਕਵਿਤਾ ਨੇ ਮੁਸਕਰਾ ਕੇ ਕਿਹਾ ਸੀ।

ਮੇਰੇ ਸਾਰੇ ਟੈਸਟ ਠੀਕ ਸਨ। ਪਰ ਨਰਿੰਦਰ ......।

"ਮਰਦ ਆਪਣਾ ਦੋਸ਼ ਕਦੀ ਨਹੀਂ ਮੰਨਦਾ ਹੁੰਦਾ ਨਵ। ਤੂੰ ਜ਼ਰਾ ਮੌਕਾ ਦੇਖ ਕੇ ਗੱਲ ਕਰੀ।"

ਮੈਂ ਕੰਚਨ ਨੂੰ ਆਪਣਾ ਦੁੱਖ ਦੱਸਿਆ ਸੀ।

ਨਰਿੰਦਰ ਵੀ ਤਾਂ ਉਹਨਾਂ ਸੈਂਕੜੇ ਮਰਦਾਂ ਜਿਹਾ ਹੀ ਨਿਕਲਿਆ ਸੀ ਜਿਹੜੇ ਔਰਤ ਨੂੰ ਸਿਰਫ ਭੋਗਣਾ ਹੀ ਜਾਣਦੇ ਨੇ। ਜਿਨ੍ਹਾਂ ਲਈ ਔਰਤ ਕਿਸੇ ਖਿਡੌਣੇ ਵਾਂਗ ਹੈ ਬੱਸ।

"ਠੰਡੀ ਪੈ ਗਈ ਏ ਤੂੰ । ਹੈਨੀ ਕੁੱਝ ਤੇਰੇ 'ਚ ...।"

ਇੱਕ ਰਾਤ ਨਰਿੰਦਰ ਇਹ ਖੇਡ ਖੇਡਦਿਆਂ ਭੜਕ ਪਿਆ ਸੀ।

"ਠੰਡੀ ਮੈਂ ਨਹੀਂ ਪਈ ... ਤੇਰੇ ਤੋਂ ਹੀ ਕੁੱਝ ਨਹੀਂ ਹੁੰਦਾ।"

ਨਾ ਚਾਹੁੰਦੇ ਹੋਏ ਵੀ ਬੋਲ ਪਈ ਸਾਂ ਮੈਂ। ਨਰਿੰਦਰ ਨੂੰ ਜਿਵੇਂ ਕਰੋਪੀ ਚੜ੍ਹ ਗਈ ਸੀ। ਉਹਨੇ ਕੱਪੜੇ ਪਾਏ ਤੇ ਬਾਹਰ ਨੂੰ ਚਲਾ ਗਿਆ। ਮੈਂ ਸਾਰੀ ਰਾਤ ਰੋਂਦੀ ਰਹੀ ਸਾਂ।

"ਏਸ ਵੇਲੇ ਕੀਹਦੇ ਕੋਲ ਜਾਣਾ ਤੂੰ ....। ਸੁਣ.... ਸੱਤ ਹੈਨ੍ਹੀ ਤੇਰੇ 'ਚ ਕਿਸੇ ਡਾਕਟਰ ਨੂੰ ਦਿਖਾ ਲੈ ਚਾਹੇ......।"

ਮੇਰੇ ਸ਼ਬਦ ਕਮਰੇ ਦੀਆਂ ਦੀਵਾਰਾਂ ਨਾਲ ਟਕਰਾ ਕੇ ਰਹਿ ਗਏ ਸਨ।

ਨਰਿੰਦਰ ਨੇ ਪੂਰੀ ਰਾਤ ਪਤਾ ਨਹੀਂ ਕਿਥੇ ਬਿਤਾਈ। ਉਹ ਮੇਰੇ ਤੋਂ ਦੂਰ ਰਹਿਣ ਲੱਗਾ ਸੀ। ਇਹ ਦੂਰੀ ਮਨ ਦੀ ਵੀ ਸੀ ਤੇ ਸਰੀਰ ਦੀ ਵੀ। ਮੈਂ ਟੁੱਟ ਗਈ ਸਾਂ ਜਿਵੇਂ। ਘਰ ਦੀ ਹਰ ਚੀਜ਼ ਖਾਣ ਨੂੰ ਆਉਂਦੀ। ਮੈਂ ਸਾਰਾ ਦਿਨ ਖਾਮੋਸ਼ ਪਈ ਰਹਿੰਦੀ। ਮਨ ਵਿੱਚ ਜਿਵੇਂ ਹਨ੍ਹੇਰਾ ਪਸਰ ਗਿਆ ਸੀ। ਨੀਂਦ ਆਉਣੋ ਹਟ ਗਈ। ਕਦੀ ਅੱਖ ਲੱਗਦੀ ਤਾਂ ਅਜੀਬ-ਅਜੀਬ ਸੁਪਨੇ ਆਉਣ ਲੱਗਦੇ।

"ਇਹਨਾਂ ਨੂੰ ਕਿਸੇ ਸਾਈਕੈਟਰਿਕ ਨੂੰ ਦਿਖਾਓ।"

ਡਾਕਟਰ ਕਵਿਤਾ ਨੇ ਪਾਪਾ ਮੂਹਰੇ ਸਿਰ ਫੇਰ ਦਿੱਤਾ ਸੀ।

ਉਹ ਮੈਨੂੰ ਡਾਕਟਰ ਗੁਰਵਿੰਦਰ ਦੇ ਕਲੀਨਿਕ 'ਤੇ ਲੈ ਗਏ ।

"ਆਪਣਾ ਨਾਮ ਦੱਸੋ ਪਲੀਜ਼।"

ਡਾਕਟਰ ਨੇ ਗੱਲ ਸ਼ੁਰੂ ਕੀਤੀ।

"ਨਵਜੀਤ।"

ਮੈਂ ਸੰਖੇਪ ਜਿਹਾ ਉਤਰ ਦਿੱਤਾ।

"ਗੁੱਡ ਨੇਮ ! ਆਈ ਐਮ ਡਾ. ਗੁਰਵਿੰਦਰ। ਪਰ ਤੁਸੀਂ ਮੈਨੂੰ ਗੈਰੀ ਕਹਿ ਸਕਦੇ ਹੋ। ਆਪਾਂ ਦੋਸਤਾਂ ਵਾਂਗ ਗੱਲ ਕਰਾਂਗੇ।"



ਮੈਨੂੰ ਗੈਰੀ ਦੀ ਗੱਲ ਸਮਝ ਨਹੀਂ ਸੀ ਆਈ।

ਮੈਂ ਫਿੱਕਾ ਜਿਹਾ ਮੁਸਕਰਾਈ।

ਉਸਨੇ ਦੋ ਕੱਪ ਕਾਫੀ ਆਰਡਰ ਕਰ ਦਿੱਤੀ।

"ਮੈਨੂੰ ਵੀ ਥੀਏਟਰ ਦਾ ਬਹੁਤ ਸ਼ੌਂਕ ਸੀ, ਕਦੇ। ਪਰ ਮੇਰਾ ਇਹ ਪ੍ਰੋਫੈਸ਼ਨ। ਪਰ ਚਲੋ...।"

ਕਾਫ਼ੀ ਪੀਂਦਿਆਂ ਉਸਨੇ ਦੱਸਿਆ।

"ਅੱਜ ਵਰਤ ਹੈ ਤੁਹਾਡਾ ਕੋਈ ?"

"ਮਤਲਬ।"

ਮੈਂ ਗੈਰੀ ਦੀ ਗੱਲ ਨਾਲ ਇਕਦਮ ਖਿਆਲਾਂ 'ਚੋਂ ਬਾਹਰ ਆਈ।

"ਮਤਲਬ ਕੁੱਝ ਤਾਂ ਬੋਲੋ। ਮੈਂ ਕਦੋਂ ਦਾ ਬੋਲੀ ਜਾਂਦਾ। ਆਪਾਂ ਦੋਸਤਾਂ ਵਾਂਗ....।"

"ਕੀ ਬੋਲਾਂ ਕੁੱਝ ਹੈ ਨਹੀਂ .....।"

ਮੇਰੀ ਗੱਲ ਸੁਣ ਕੇ ਉਹ ਹੱਸਣ ਲੱਗਾ।

ਮੈਂ ਤਾਂ ਸੋਚਦਾ ਸੀ ਆਰਟਿਸਟ ਲੋਕ ਬੜੇ ਗਾਲੜੀ ਹੁੰਦੇ ਨੇ । ਪਰ ....।"

"ਆਰਟਿਸਟ ਹੋਈਏ ਫੇਰ ਨਾ ......।"

ਮੈਂ ਉਸਨੂੰ ਗੱਲ ਪੂਰੀ ਨਹੀਂ ਸੀ ਕਰਨ ਦਿੱਤੀ।

"ਤੁਸੀਂ ਅੰਦਰੋਂ ਕਲਾਕਾਰ ਹੋ। ਸੋਚੋ, ਇਹ ਅਹਿਸਾਸ ਪੈਦਾ ਕਰੋ ਆਪਣੇ ਅੰਦਰ। ਜੋ ਚੀਜ਼ ਰੂਹ ਵਿੱਚ ਰਮੀ ਹੋਵੇ ਉਹ ਕਦੀ ਮਰਦੀ ਨਹੀਂ .....।"

ਪਰ ਮੈਂ ਚੁੱਪ ਰਹੀ। ਉਸਨੇ ਮੈਨੂੰ ਬਾਹਰ ਭੇਜ ਕੇ ਪਾਪਾ ਨੂੰ ਅੰਦਰ ਬੁਲਾ ਲਿਆ ਕੁੱਝ ਦਵਾਈਆਂ ਲਿਖ ਦਿੱਤੀਆਂ। ਦੋ ਦਿਨ ਬਾਅਦ ਮੁੜ ਆਉਣ ਲਈ ਆਖਿਆ।

ਪਰ ਮੇਰੀ ਪਹਿਚਾਣ ਤਾਂ ਜਿਵੇਂ ਗੁੰਮ ਹੀ ਗਈ ਸੀ। ਐਮ.ਏ. ਕਰਕੇ ਕੀ ਨਤੀਜਾ ਨਿਕਲਿਆ। ਮੈਂ ਬਸ ਸੁਪਨੇ ਹੀ ਸਿਰਜ ਸਕੀ ਸਾਂ। ਨਰਿੰਦਰ ਨਾ ਮੇਰੇ ਅੱਗੇ ਪੜ੍ਹਨ ਲਈ ਮੰਨਿਆ। ਨਾ ਉਸਨੂੰ ਮੇਰੀ ਕਲਾ ਪਸੰਦ ਆਈ ।

"ਨਵ.....ਤੇਰੇ ਕੋਲੋਂ ਉਹ ਗੱਲ ਨਹੀਂ ਬਣਦੀ। ਮੇਰਾ ਵਰ੍ਹਿਆਂ ਦਾ ਤਜ਼ਰਬਾ ਹੈ। ਤੂੰ ਘਰ ਵੱਲ ਧਿਆਨ ਦੇ। ਤੇਰੇ ਹਿੱਸੇ ਦਾ ਕੰਮ ਮੈਂ ਜੁ ਕਰ ਰਿਹਾ।"

ਕਿੰਨੀ ਖ਼ੂਬਸੂਰਤੀ ਨਾਲ ਕੈਦ ਕਰ ਲਿਆ ਸੀ ਉਸਨੇ ਮੈਨੂੰ ਚਾਰ-ਦੀਵਾਰੀ ਵਿੱਚ। ਸ਼ਿਕਵਾ ਵੀ ਕਰਦੀ ਤਾਂ ਕਿਸ ਨਾਲ ?

***

ਦੋ ਦਿਨ ਬਾਅਦ ਮੈਂ ਇਕੱਲੀ ਡਾ. ਗੈਰੀ ਕੋਲ ਗਈ ਸਾਂ।

"ਹੈਲੋ ! ਮੈਡਮ ਜੀ। ਕੀ ਹਾਲ ਨੇ ...?"

ਉਸਨੇ ਮੁਸਕਰਾ ਕੇ ਪੁਛਿਆ।

"ਠੀਕ ਹਾਂ......।"

"ਕੀ ਲਓਗੇ। ਗਰਮ ਜਾਂ ਠੰਡਾ ?"

"ਕੁੱਝ ਨਹੀਂ। ਸ਼ੁਕਰੀਆ।"

"ਨਾ-ਨਾ। ਕੁੱਝ ਕਿਉਂ ਨਹੀਂ। ਚਲੋ ਕੁਝ ਠੰਡਾ ਸਹੀ।"
ਰੋਕਦਿਆਂ ਹੋਇਆ ਵੀ ਉਸਨੇ ਜੂਸ ਮੰਗਵਾ ਲਿਆ।
"ਇਸਦੀ ਤਾਂ ਜ਼ਰੂਰਤ ਨਹੀਂ ਸੀ।"
"ਕੋਈ ਨਾ ਪੈਸੇ ਫੀਸ ਵਿੱਚ ਜੋੜ ਦਿਆਂਗੇ।"
ਉਹ ਖੁੱਲ੍ਹ ਕੇ ਹੱਸਿਆ ਸੀ।
ਸਾਡੇ ਦਰਮਿਆਨ ਖਾਮੋਸ਼ੀ ਪਸਰ ਗਈ।
"ਤਬੀਅਤ ਕਿਵੇਂ ਏ ਹੁਣ ?"
ਉਸਨੇ ਚੁੱਪ ਤੋੜੀ।
"ਮੈਨੂੰ ਅਜੀਬ-ਅਜੀਬ ਸੁਪਨੇ ਆਉਂਦੇ ਨੇ। ਸੁਪਨਿਆਂ ਵਿੱਚ ਪ੍ਰਛਾਵੇਂ ਦਿਖਾਈ ਦਿੰਦੇ ਨੇ। ਲੱਗਦਾ ਜਿਵੇਂ ਦਿਮਾਗ ਵਿੱਚ ਕੁੱਝ ਰੀਂਘ ਰਿਹਾ ਹੋਵੇ। ਇਹ ਸਭ.......।"
ਮੇਰੀ ਅੱਖਾਂ ਨਮ ਹੋ ਗਈਆਂ।
"ਇਹਨਾਂ ਸੁਪਨਿਆਂ ਦਾ ਕੋਈ ਅਰਥ ਨਹੀਂ ਹੈ ਨਵ ਜੀ । ਤੁਹਾਡੀ ਸਾਈਕੀ 'ਚ ਕੋਈ ਚੀਜ਼ ਗੰਢ ਮਾਰੀ ਬੈਠੀ ਹੈ। ਇਹ ਉਸੇ ਦਾ ਕਰਕੇ ਹੈ ਇੱਕ ਗੱਲ ਕਹਾਂ ?"
"ਜੀ !"
"ਬਹੁਤ ਖ਼ੂਬਸੂਰਤ ਹੋ ਤੁਸੀਂ।"
ਗੱਲ ਦੀ ਦਿਸ਼ਾ ਬਦਲ ਦਿੱਤੀ ਸੀ ਉਸਨੇ।
"ਅੱਛਾ ਜੀ ! ਮੈਨੂੰ ਤਾਂ ਪਤਾ ਨਹੀਂ ਸੀ।"
ਮੈਂ ਮੁਸਕੁਰਾਉਣ ਦੀ ਕੋਸ਼ਿਸ਼ ਕੀਤੀ ਸੀ।
"ਪਰ ਤੁਹਾਡੀ ਇਹ ਹਾਲਤ .....।"
"ਬੱਸ ਕਿਸਮਤ ਹੀ ....।"
ਮੈਂ ਠੰਡਾ ਸਾਹ ਛੱਡਿਆ।
"ਨਹੀਂ.....।"
ਮੇਰੀ ਗੱਲ ਪੂਰੀ ਹੋਣ ਤੋਂ ਪਹਿਲਾਂ ਹੀ ਗੈਰੀ ਬੋਲ ਪਿਆ ਸੀ।
"ਕਿਸਮਤ ਵਰਗੀ ਕੋਈ ਗੱਲ ਨਹੀਂ ਹੁੰਦੀ। ਤੁਸੀਂ ਆਪਣੇ ਅੰਦਰਲੇ ਕਲਾਕਾਰ ਨੂੰ ਮੁਕਾ ਲਿਆ ਹੈ। ਇਸੇ ਲਈ ਮੁਰਝਾ ਗਏ ਹੋ। ਕਲਾਕਾਰ ਅੰਦਰਲੀ ਕਲਾ ਦੱਬੀ ਜਾਵੇ ਤਾਂ ਉਸ ਲਈ ਜਿਊਣਾ ਔਖਾ ਹੋ ਜਾਂਦਾ। ਤੁਹਾਨੂੰ ਦਵਾਈਆਂ ਨਾਲੋਂ ਜ਼ਿਆਦਾ ਪਿਆਰ ਦੀ ਜ਼ਰੂਰਤ ਹੈ। ਹਿਊਮਨ ਸਾਈਕੀ ਹੀ ਐਸੀ ਹੈ ....।"
ਗੈਰੀ ਨੇ ਕਈ ਕੁੱਝ ਸਮਝਾਇਆ।
ਪਰ ਮੇਰੇ ਪੱਲੇ ਕੁੱਝ ਨਹੀਂ ਪਿਆ।
"ਅੱਛਾ ਕੱਲ੍ਹ ਸ਼ਾਮ ਨੂੰ ਕੀ ਕਰ ਰਹੇ ਹੋ ? "
"ਕਰਾਂਗੀ ਕੀ ? ਬਸ ਉਥੇ ਹੀ ਚਾਰ ਦੀਵਾਰੀ 'ਚ ਕੈਦ ...ਜੇਲ੍ਹ ਵਾਂਗ.....।"
ਮੈਨੂੰ ਘਰ ਸ਼ਬਦ ਵਰਤਣਾ ਜਿਵੇਂ ਔਖਾ ਲੱਗਿਆ ਸੀ।
"ਸ਼ਾਮ ਨੂੰ ਗਰੀਨ ਲੈਂਡ ਮਿਲੋਗੇ ?"



"ਕਿਉਂ ?"
"ਕਿਉਂ ਤੋਂ ਤਾਂ ਲੜਾਈ ਹੁੰਦੀ ਹੈ ਨਵ ਜੀ। ਆ ਜਾਓ, ਲੱਗ ਜਾਊ ਪਤਾ। ਆਹ ਕੁੱਝ ਦਵਾਈਆਂ ਲੈ ਲੈਣੀਆਂ ਬਜ਼ਾਰ ਤੋਂ।"
ਮੈਂ ਪਰਚੀ ਫੜ ਕੇ ਬਾਹਰ ਆ ਗਈ। ਬਿਨਾਂ ਕੁੱਝ ਬੋਲੇ।
"ਤੁਹਾਨੂੰ ਦਵਾਈ ਨਾਲੋਂ ਜ਼ਿਆਦਾ......।"
ਗੈਰੀ ਦੀਆਂ ਗੱਲਾਂ ਦਿਮਾਗ ਵਿੱਚ ਪੂਰੀ ਰਾਤ ਘੁੰਮਦੀਆਂ ਰਹੀਆਂ। ਪਰ ਪਿਆਰ ਤਾਂ ਮਨਫ਼ੀ ਹੋ ਗਿਆ ਸੀ ਮੇਰੀ ਜ਼ਿੰਦਗੀ 'ਚੋਂ।
ਮੈਂ ਤੇ ਨਰਿੰਦਰ ਇੱਕ ਛੱਤ ਥੱਲੇ ਰਹਿ ਕੇ ਵੀ ਜਿਵੇਂ ਅਜਨਬੀ ਸਾਂ।
ਮੇਰੇ ਅੰਦਰੋਂ ਜਿਵੇਂ ਰੂਹ ਹੀ ਮਰ ਗਈ ਸੀ।
"ਹੈਲੋ ਨਵਜੀਤ ਜੀ ! ਆ ਗਏ ਤੁਸੀਂ।"
ਮੈਨੂੰ ਦੇਖ ਕੇ ਗੈਰੀ ਦਾ ਚਿਹਰਾ ਖਿੜ ਗਿਆ ਸੀ।
"ਹਾਂ ....ਪਤਾ ਨਹੀਂ ਕਿਉਂ....।"
"ਕਿਵੇਂ..ਕਿਉਂ ਕੁੱਝ ਨਹੀਂ ਹੁੰਦਾ। ਮੇਰੀਆਂ ਵੇਵਜ਼ ਨੇ ਖਿੱਚਿਆਂ ਤੁਹਾਨੂੰ।"
"ਅੱਛਾ ਜੀ ! ਜਾਦੂਗਰ ਹੋ ਤੁਸੀਂ ?"
ਮੈਨੂੰ ਹਾਸਾ ਆ ਗਿਆ।
"ਇਰਾਦੇ ਨੇਕ ਨਹੀਂ ਲੱਗਦੇ ਤੁਹਾਡੇ।"
"ਇਰਾਦੇ ਤਾਂ ਬਹੁਤ ਨੇਕ ਨੇ ਜੇ ....।"
ਗੈਰੀ ਨੇ ਮੇਰਾ ਹੱਥ ਆਪਣੇ ਹੱਥਾਂ ਵਿੱਚ ਲੈ ਲਿਆ ਸੀ।
ਮੇਰੇ ਸਰੀਰ ਵਿੱਚ ਬਿਜਲੀ ਦੌੜ ਗਈ।
"ਗਲਤ ਹੈ ਇਹ....।"
ਮੈਂ ਹੱਥ ਪਿਛਾਂਹ ਖਿੱਚ ਲਿਆ।
"ਜੇ ਇਹ ਗਲਤ ਹੈ ਤਾਂ ਫਿਰ ਉਹ ਸਭ ਠੀਕ ਹੈ ਜੋ....।"
ਮੈਂ ਗੈਰੀ ਦਾ ਇਸ਼ਾਰਾ ਸਮਝ ਗਈ ਸਾਂ।
ਉਹ ਮੇਰੀਆਂ ਅੱਖਾਂ ਵਿੱਚ ਝਾਕਿਆ।
"ਆਈ ਲਾਈਕ ਯੂ...।"
"ਪਰ.....।"
"ਪਰ ਕੀ ? ਮੈਥੋਂ ਤੁਹਾਡੀ ਇਹ ਹਾਲਤ ਬਰਦਾਸ਼ਤ ਨਹੀਂ ਹੁੰਦੀ।"
"ਮੈਂ ਜਾਣਾ ਚਾਹੁੰਦੀ ਹਾਂ।"
ਮੈਂ ਉਠ ਪਈ ਸਾਂ।
"ਜਾਓ ! ਮੈਂ ਤੁਹਾਡੇ ਫੋਨ ਦਾ ਇੰਤਜ਼ਾਰ ਕਰਾਂਗਾ। ਅੱਜ ਰਾਤ......।"
ਮੈਂ ਰੈਸਟੋਰੈਂਟ ਵਿੱਚੋਂ ਬਾਹਰ ਆ ਗਈ।
ਘਰ ਪਹੁੰਚੀ ਤਾਂ ਨਰਿੰਦਰ ਦੋਸਤਾਂ ਨਾਲ ਮਹਿਫ਼ਲ ਸਜਾਈ ਬੈਠਾ ਸੀ।
ਮੈਂ ਰਸੋਈ ਵਿੱਚ ਕੰਮ ਕਰਨ ਲੱਗੀ।

ਨਰਿੰਦਰ ਦੀ ਮਹਿਫ਼ਲ ਮੁੱਕੀ।

ਉਹ ਬਿਨ ਰੋਟੀ ਖਾਧੇ ਹੀ ਸੌਂ ਗਿਆ। ਮੈਂ ਕੰਮ ਨਬੇੜ ਕੇ ਪੈ ਗਈ। ਮੇਰੇ ਕੋਲ ਪਿਆ ਨਰਿੰਦਰ ਮੈਥੋਂ ਕੋਹਾਂ ਦੂਰ ਸੀ। ਪਹਿਲਾਂ ਨਰਿੰਦਰ ਇੰਜ ਦਾ ਨਹੀਂ ਸੀ। ਮੈਂ ਅਤੀਤ ਵਿੱਚ ਗੁਆਚ ਗਈ।

ਇਕਦਮ ਜਿਵੇਂ ਕੁੱਝ ਯਾਦ ਆਇਆ।

ਮੈਂ ਰੈਕ ਤੋਂ ਮੋਬਾਇਲ ਚੁੱਕਿਆ ਤੇ ਬੈਡਰੂਮ 'ਚੋਂ ਬਾਹਰ ਆ ਗਈ।

ਗੈਰੀ ਦਾ ਨੰਬਰ ਡਾਇਲ ਕੀਤਾ। ਰਿੰਗ ਗਈ। ਮੈਂ ਫੋਨ ਕੱਟ ਦਿੱਤਾ। ਉਸੇ ਪਲ ਉਧਰੋਂ ਫੋਨ ਆ ਗਿਆ।

"ਅਜੇ ਤੱਕ ਜਾਗ ਰਹੇ ਸੀ ?"

ਮੈਂ ਪੁੱਛਿਆ।

"ਹਾਂ .......ਜਾਣਦਾ ਸੀ ਫੋਨ ਆਏਗਾ ਤੁਹਾਡਾ।"

ਅਜੇ ਲਫ਼ਜ਼ ਮੇਰੀ ਜ਼ੁਬਾਨ 'ਤੇ ਨਹੀਂ ਸੀ ਆਏ ਕਿ ਮੈਨੂੰ ਲੱਗਿਆ ਜਿਵੇਂ ਕੋਈ......।

ਫੋਨ ਮੇਰੇ ਹੱਥੋਂ ਡਿੱਗ ਪਿਆ। ਪਿੱਛੇ ਨਰਿੰਦਰ ਖੜ੍ਹਾ ਸੀ।

"ਤੇਰੇ ਹੀ ਚਾਲੇ ਦੇਖ ਰਿਹਾ ਸੀ ਮੈਂ.....। ਐਸ ਵੇਲੇ.......।"

ਉਸ ਰਾਤ ਪਹਿਲੀ ਵਾਰ ਨਰਿੰਦਰ ਨੇ ਮੇਰੇ 'ਤੇ ਹੱਥ ਚੁੱਕਿਆ ਸੀ।

ਮੈਂ ਤਰਲੇ ਲਏ। ਪੈਰ ਫੜ੍ਹੇ। ਪਰ ਉਹ ਪੱਲ੍ਹਾ ਛੁਡਾ ਕੇ ਚਲਾ ਗਿਆ।

ਮੇਰੀ ਗੱਲ੍ਹ 'ਤੇ ਉਸਦੀਆਂ ਉਂਗਲਾਂ ਦੇ ਨਿਸ਼ਾਨ ਉਕਰ ਗਏ ਸਨ।

"ਰਾਤ ਨਰਿੰਦਰ ਨੇ .....।"

ਗੈਰੀ ਨੇ ਚਿਹਰਾ ਪੜ੍ਹ ਲਿਆ ਸੀ ਮੇਰਾ।

ਮੇਰੀਆਂ ਅੱਖਾਂ ਭਰ ਆਈਆਂ। ਮੈਂ ਉਸਦੀਆਂ ਬਾਹਾਂ ਵਿੱਚ ਡਿੱਗ ਪਈ ਸਾਂ। ਉਸ ਦਿਨ ਹਰ ਸੀਮਾ ਪਾਰ ਹੋ ਗਈ। ਮੈਂ ਆਪਣਾ ਸਾਰਾ ਕੁੱਝ ਗੈਰੀ ਨੂੰ ਸੌਂਪ ਦਿੱਤਾ।

***

"ਗੈਰੀ ਇੱਕ ਗੱਲ ਦੱਸਾਂ ?"

"ਹਾਂ ਜ਼ਰੂਰ। ਇੰਨਾਂ ਪ੍ਰੇਸ਼ਾਨ ਜਿਹੇ ਕਿਉਂ ਹੋ ?"

ਗੱਲ ਕਿੱਥੋਂ ਸ਼ੁਰੂ ਕਰਾਂ ਮੈਨੂੰ ਸਮਝ ਨਹੀਂ ਸੀ ਆਉਂਦੀ।

"ਆਈ ਐਮ ਪਰੈਗਨੈਂਟ......।"

"ਵਾਹ ਇਟਸ ਵੰਡਰਫੁਲ ਨਿਊਜ਼। ਇਹਦੇ 'ਚ ਪ੍ਰੇਸ਼ਾਨੀ ਵਾਲੀ ਕਿਹੜੀ ਗੱਲ ਹੈ !"

ਗੈਰੀ ਨੇ ਮੈਨੂੰ ਬਾਹਾਂ ਵਿੱਚ ਭਰ ਲਿਆ।

"ਪਰ ਨਰਿੰਦਰ.....। ਗਲਤ ਹੈ ਇਹ ਸਭ......।"

"ਕੁੱਝ ਗਲਤ ਨਹੀਂ ਹੈ। ਜੇ ਇਹ ਗਲਤ ਹੈ ਤਾਂ ਫਿਰ ਸਹੀ ਕੀ ਏ ?"



ਗੈਰੀ ਨੇ ਲੰਬੀ-ਚੌੜੀ ਵਿਆਖਿਆ ਕੀਤੀ। ਮੈਂ ਸਹੀ ਗਲਤ ਵਿੱਚ ਉਲਝ ਕੇ ਰਹਿ ਗਈ।

ਮੈਂ ਕਾਹਲੇ ਕਦਮੀ ਘਰ ਮੁੜ ਆਈ।

ਦਿਮਾਗ਼ ਵਿੱਚ ਜਿਵੇਂ ਵਾਵਰੋਲੇ ਉੱਠ ਰਹੇ ਸਨ। ਘਰ ਆ ਕੇ ਖਾਣਾ ਬਣਾਇਆ। ਨਰਿੰਦਰ ਕਿਸੇ ਪਾਰਟੀ ਤੋਂ ਮੁੜਿਆ ਸੀ। ਨਸ਼ੇ ਵਿੱਚ ਗੁੱਟ। ਉਸਦੇ ਪੈਰ ਜ਼ਮੀਨ 'ਤੇ ਨਹੀਂ ਸੀ ਲੱਗ ਰਹੇ। ਉਹ ਆਉਂਦਾ ਹੀ ਬੈਡ 'ਤੇ ਡਿੱਗ ਪਿਆ। ਪਰ ਮੈਨੂੰ ਨੀਂਦ ਨਹੀਂ ਸੀ ਆ ਰਹੀ। ਮਨ ਬੇਚੈਨ ਸੀ। ਮੈਂ ਗੈਰੀ ਨੂੰ ਬੁਲਾ ਲਿਆ। ਉਹ ਪੂਰੀ ਰਾਤ ਮੇਰੇ ਕੋਲ ਰਿਹਾ। ਉਸਦੀਆਂ ਬਾਹਾਂ ਵਿੱਚ ਜਾਂਦਿਆਂ ਹੀ ਮੇਰੇ ਸਾਰੇ ਡਰ ਹੋ ਦੂਰ ਗਏ। ਨਰਿੰਦਰ ਨਾਲ ਦੇ ਕਮਰੇ ਵਿੱਚ ਘੂਕ ਸੁੱਤਾ ਸੀ। ਤੜਕਸਾਰ ਗੈਰੀ ਕੱਪੜੇ ਪਾ ਕੇ ਤੁਰ ਗਿਆ। ਉਸਨੂੰ ਗੇਟ 'ਤੇ ਛੱਡ ਕੇ ਬੈਡਰੂਮ ਵਿੱਚ ਗਈ ਸਾਂ ਪਰ ਮੈਥੋਂ ਉੱਥੇ ਰੁਕ ਨਹੀਂ ਹੋਇਆ।

ਅੱਜ ਕਰਵਾਚੌਥ ਹੈ। ਪਰ ਮੈਂ ਵਰਤ ਕਿਸ ਲਈ ਰੱਖ ਰਹੀ ਹਾਂ ਗੈਰੀ ਲਈ ? ਜਾਂ ਫਿਰ ਨਰਿੰਦਰ ਲਈ ?

ਸਮਝ ਨਹੀਂ ਆ ਰਹੀ।

ਬਾਹਰ ਰੌਸ਼ਨੀ ਫੈਲ ਰਹੀ ਹੈ। ਪਰ ਮੇਰੇ ਅੰਦਰ ਦਾ ਹਨ੍ਹੇਰਾ ਹੋਰ ਡੂੰਘਾ ਹੋਈ ਜਾਂਦਾ। ਦਿਲ ਕਰਦਾ ਉਚੀ ਸਾਰੀ ਭੁੱਬ ਮਾਰਾਂ।

ਪਰ ਕਿਉਂ ..........?

***********

# ਆਸ ਅਜੇ ਬਾਕੀ ਹੈ

ਦੀਵਾਰ ਘੜੀ ਸੱਤ ਵੱਜਣ ਦਾ ਸੰਕੇਤ ਕਰ ਰਹੀ ਹੈ।

ਪਰ ਅਜੇ ਵੀ ਦਿਲ ਉਠਣ ਨੂੰ ਨਹੀਂ ਕਰਦਾ। ਸਰੀਰ ਵਿੱਚੋਂ ਜਿਵੇਂ ਸੱਤਿਆ ਹੀ ਨਿੱਕਲ ਗਈ ਹੈ। ਸਾਰਾ ਸਰੀਰ ਝੂਠਾ ਪੈ ਗਿਆ ਜਾਪਦਾ।

ਹਰਪ੍ਰੀਤ ਸ਼ਾਇਦ ਰਸੋਈ ਵਿੱਚ ਚਾਹ ਬਣਾਉਣ ਲਈ ਚਲੀ ਗਈ ਹੈ।

ਡੈਡੀ ਵਿਹੜੇ ਵਿੱਚ ਟਹਿਲ ਰਹੇ ਨੇ ......।

"ਪ੍ਰਿੰਸ ਬੇਟਾ! ਉੱਠੋ। ਸਕੂਲ ਦਾ ਟਾਇਮ ਹੋ ਗਿਆ।"

ਹਰਪ੍ਰੀਤ ਦੀ ਅਵਾਜ਼ ਕੰਨੀ ਪਈ ਹੈ।

'ਸਕੂਲ' ਸ਼ਬਦ ਤੋਂ ਮੈਨੂੰ ਆਪਣਾ ਸਕੂਲ ਯਾਦ ਆ ਗਿਆ।

ਸੱਨ ਸਟਾਰ ਪਬਲਿਕ ਸਕੂਲ।

ਸਕੂਲ ਨਹੀਂ ਕੈਦਖਾਨਾ।

ਨਾਮ ਤਾਂ ਸੱਨ ਸਟਾਰ ਹੈ, ਪਰ ਮੈਨੂੰ ਇਹ ਹਨ੍ਹੇਰੀ ਗੁਫਾ ਵਾਂਗ ਜਾਪਦਾ। ਮੈਂ ਤਾਂ ਦੂਜੇ ਮਹੀਨੇ ਹੀ ਅੱਕ ਗਿਆ ਸੀ ਇਸ ਕੈਦ ਖਾਨੇ ਤੋਂ ਪਰ ਕੀ ਕਰਦਾ?

"ਕਰਨਾ ਕੀ ਏ? ਛੱਡ ਦੇ ....। ਫੇਰ ਲੱਗ ਜਾਈਂ ਡੀ.ਸੀ। ਲੋਕ ਧੱਕੇ ਖਾਂਦੇ ਫਿਰਦੇ ਨੇ ....। ਸਰਦਾਰ ਜੀ ਗੁਜ਼ਾਰਾ ਕਰਨਾ ਸਿੱਖੋ।"

ਡੈਡੀ ਨੇ ਮੇਰੇ ਫੈਸਲੇ ਦਾ ਸਖਤ ਵਿਰੋਧ ਕੀਤਾ ਸੀ। ਬਸ ਉਦੋਂ ਤੋਂ ਲੈ ਕੇ ਹੁਣ ਤੀਕ....। ਕਿੱਧਰੇ ਸੈਟ ਹੋਣ ਦੀ ਆਸ ਵੀ ਜਿਵੇਂ ਮੁਕਦੀ ਜਾਂਦੀ।

"ਮਿੱਤਰਾ ਗਏ ਉਹ ਜ਼ਮਾਨੇ। ਨੌਕਰੀ ਦੀ ਆਸ ਲਾਹ ਦੇ ....। ਕੁੱਝ ਨਹੀਂ ਰੱਖਿਆ ਇੱਥੇ। ਬਸ ਧੱਕੇ ਖਾਓ ਤੇ ਕੋਸਦੇ ਰਹੋ ਕਿਸਮਤ ਨੂੰ।"

ਮੇਰੇ ਵਾਂਗ ਹੀ ਬਲਵਿੰਦਰ ਵੀ ਤਾਂ ਤੰਗ ਸੀ ਕਦੇ।

ਪਰ ਉਹਨੇ ਰਾਹ ਕੱਢ ਲਿਆ ਸੀ, ਇਸ ਪ੍ਰੇਸ਼ਾਨੀ ਤੋਂ ਬਚਣ ਦਾ। ਤੇ ਸੱਤ ਲੱਖ ਏਜੰਟ ਨੂੰ ਝੋਕ ਕੇ ਉਹ ਫੁਰਰ ਹੋ ਗਿਆ ਸੀ।

ਮੈਂ ਡੈਡੀ ਨੂੰ ਬਲਵਿੰਦਰ ਵਾਲੀ ਗੱਲ ਬੜੇ ਚਾਅ ਨਾਲ ਸੁਣਾਈ ਸੀ।

"ਨਾ ਤੂੰ ਮੈਥੋਂ ਕੀ ਚਾਹੁੰਦਾ ਹੁਣ? ਸੱਤ ਲੱਖ ਧਰ ਦਿਆਂ ਤੇਰੀ ਤਲੀ 'ਤੇ?



ਮੈਥੋਂ ਨਾ ਆਸ ਰੱਖੀਂ। ਦੁਆਨੀ ਵੀ ਨੀ ਹੈ ਨਹੀਂ ਮੇਰੇ ਪੱਲ੍ਹੇ। ਜਨਾਨੀ ਆਪਣੀ ਤੋਂ ਲੈ-ਲੈ ਬਥੇਰੇ ਹੋਣੇ ਉਹਦੇ ਕੋਲ। ਮੋਟੀ ਤਨਖਾਹ ਲੈਂਦੀ ਅਗਲੀ।"

ਡੈਡੀ ਨੇ ਜਿਵੇਂ ਹਵਾ ਕੱਢ ਦਿੱਤੀ ਸੀ ਮੇਰੀ।

ਅੱਗਿਓਂ ਕੁਝ ਨਹੀਂ ਸੀ ਸੁਝਿਆ ਮੈਨੂੰ। ਪਰ ਮੈਂ ਦੇਖਿਆ ਸੀ। ਹਰਪ੍ਰੀਤ ਦੀ ਤਨਖਾਹ ਦੇ ਨਾਮ 'ਤੇ ਚਿਹਰਾ ਤਣ ਗਿਆ ਸੀ ਉਨ੍ਹਾਂ ਦਾ। ਮੈਂ ਡੈਡੀ ਦੇ ਚਿਹਰੇ ਦੇ ਭਾਵ ਪੜ੍ਹਨ ਦੀ ਕੋਸ਼ਿਸ਼ ਕਰਦਾ ਰਿਹਾ।

. ......ਤੇ ਮੈਨੂੰ ਲੱਗਿਆ। ਜਿਵੇਂ ਉਸ ਦਿਨ ਵਾਲਾ, ਹਰਪ੍ਰੀਤ ਦਾ ਕਿਹਾ ਹਰ ਇੱਕ ਸ਼ਬਦ ਮੁੜ ਉਨ੍ਹਾਂ ਦੇ ਚਿਹਰੇ 'ਤੇ ਉਭਰ ਆਇਆ ਹੋਵੇ।

"ਬੈਠਣ ਉਠਣ ਦੀ ਜਾਂਚ ਸਿਖਾ 'ਤੀ ਤੁਹਾਨੂੰ। ਵੱਡੇ ਸਰਦਾਰ ਬਣੇ ਫਿਰਦੇ ਸੀ। ਗੰਢੇ ਰਗੜ ਕੇ ਰੋਟੀ ਖਾ ਲੈਂਦਾ ਸੀ ਸਾਰਾ ਟੱਬਰ। ਚੜ੍ਹੇ ਮਹੀਨੇ ਨੋਟ ਡਿਗਦੇ ਨੇ ਨਾ ਜਿਹੜੇ ਮੇਰੇ ਅਕਾਊਂਟ 'ਚੋਂ......।"

ਹਰਪ੍ਰੀਤ ਕਿੰਨਾਂ ਕੁੱਝ ਬੋਲਦੀ ਹੀ ਗਈ ਸੀ।

ਨਿੱਕੀ ਜਿਹੀ ਗੱਲ ......ਜਿਵੇਂ ਵੱਡਾ ਮਸਲਾ ਬਣ ਗਈ ।ਘਰੇ ਏ.ਸੀ. ਲਗਾਉਣ ਨੂੰ ਕਿਹਾ ਸੀ ਮੈਂ।

ਹਰਪ੍ਰੀਤ ਪਿੰਡ ਵਾਲੀਆਂ ਕਹਾਣੀਆਂ ਛੇੜ ਕੇ ਬੈਠ ਗਈ।

ਬਿੱਲ ਤੋਂ ਡਰਦਿਆਂ....... ਪੱਖਾ ਨਾ ਚਲਾਉਣਾ। ਬਜ਼ਾਰੋਂ ਸਬਜ਼ੀ ਖ੍ਰੀਦਣ ਦੀ ਥਾਂ ਖੇਤੋਂ ਨਿਕਲੀ ਮੂੰਗੀ ਤੀਜੇ ਦਿਨ ਧਰਦੇ ਰਹਿਣਾ.... ਤੇ ਹੋਰ ਪਤਾ ਨਹੀਂ ਕੀ-ਕੀ। ਉਹ ਜਦੋਂ ਬੋਲ ਰਹੀ ਸੀ ਤਾਂ ਪਿੱਛੇ ਡੈਡੀ ਖੜ੍ਹੇ ਸਨ। ਸਾਰਾ ਕੁੱਝ ਸੁਣ ਲਿਆ ਸੀ ਉਹਨਾਂ।

ਹਰਪ੍ਰੀਤ ਨੇ ਰੱਜ ਕੇ ਮਜ਼ਾਕ ਉਡਾਇਆ ਸੀ ਸਭ ਦਾ।

...ਤੇ ਹਰਪ੍ਰੀਤ ਦੀਆਂ ਇਹੀ ਗੱਲਾਂ ਸ਼ਾਇਦ ਅਜੇ ਵੀ ਨਹੀਂ ਭੁੱਲੇ ਡੈਡੀ। ਘਰ ਵਿੱਚ ਅਜੀਬ ਜਿਹਾ ਤਣਾਅ ਪਸਰਿਆ ਰਹਿੰਦਾ ਹੈ ਹਰ ਵੇਲੇ। ਇਹ ਤਣਾਅ ਵੀ ਕੈਸੀ ਅਜੀਬ ਬਿਮਾਰੀ ਹੈ। ਘੁਣ ਵਾਂਗ ਖਾਈ ਜਾਂਦਾ ਬੰਦੇ ਨੂੰ। ਮਨ ਹਰ ਪਲ ਬੇਚੈਨ ਰਹਿੰਦਾ।

ਡਾਕਟਰ ਆਖਦਾ ਸੀ ਇਹ 'ਸਟਰੈਸ' ਦਾ ਨਤੀਜਾ ਹੈ। ਪਹਿਲਾਂ ਚਿੰਤਾ ਛੱਡੋ। ਪਰ ਸਾਲੀ ਚਿੰਤਾ ਚਿੱਤ ਨੂੰ ਕਿੱਥੇ ਟਿਕਾਣੇ ਰਹਿਣ ਦਿੰਦੀ। ਜਦੋਂ ਬੰਦੇ ਦੀ ਜ਼ਿੰਦਗੀ 'ਚ ਹੀ ਸੁਖ ਸ਼ਾਂਤੀ ਹੈ ਨਹੀਂ ਤਾਂ ਕਿਵੇਂ ਰਹਿ ਸਕਦਾ ਕੋਈ ਚਿੰਤਾ ਮੁਕਤ।

ਪੜ੍ਹ-ਲਿਖ ਕੇ ਕਈ ਵਰ੍ਹੇ ਧੱਕੇ ਖਾਧੇ ਨੇ ਮੈਂ। ਨੌਕਰੀ ਨਾ ਮਿਲੀ ਤਾਂ ਥੱਕ ਹਾਰ ਕੇ ਪ੍ਰਾਈਵੇਟ ਸਕੂਲ ਵਿੱਚ ਪੜ੍ਹਾਉਣ ਲੱਗਿਆ। ਇਹ ਪ੍ਰਾਈਵੇਟ ਸਕੂਲਾਂ ਵਾਲੇ ਨਖਰੇ ਕਰਦੇ ਨੇ ਹਜ਼ਾਰ ਤੇ ਪੈਸੇ ਦੇਣ ਲੱਗਿਆ 'ਜਾ ਰੱਬਾ ਝੂਠ ਹੋ ਜਾਏ' ਵਾਲੀ ਗੱਲ। ਮੇਰੀ ਤਾਂ ਆਪਣੀ ਜੇਬ 'ਚ ਕਦੀ ਕੁੱਝ ਨਹੀਂ ਬਚਿਆ। ਕਿਵੇਂ ਕਰਦਾ ਮੈਂ ਇਸ ਘਰ ਲਈ ਕੁੱਝ। ਸੌ ਜ਼ਫਰ ਜਾਲ ਕੇ ਮੇਰੇ ਲਈ ਸਰਕਾਰੀ ਨੌਕਰੀ ਕਰਦੀ ਕੁੜੀ ਲੱਭੀ ਗਈ।

ਬਹੁਤ ਖੁਸ਼ ਸਾਂ ਮੈਂ।

ਸੋਚਦਾ ਸਾਂ, ਡਿਕੋ-ਡੋਲੇ ਖਾਂਦੀ ਆਰਥਿਕਤਾ ਦੀ ਗੱਡੀ ਲੀਹੇ ਪੈ ਜਾਊ। ਪਰ ਨਹੀਂ। ਹਰਪ੍ਰੀਤ ਮੇਰੇ ਨਾਲੋਂ ਦਸ ਗੁਣਾ ਵੱਧ ਮਿਲਦੀ ਤਨਖਾਹ ਦਾ ਮਿਹਣਾ ਮਾਰਦੀ ਹੈ।

"ਮੈਂ ਕਮਾ ਕੇ ਲਿਆਉਂਦੀ ਹਾਂ। ਗ਼ੁਲਾਮ ਨਹੀਂ ਆਂ ਕਿਸੇ ਦੀ।"

ਹਰਪ੍ਰੀਤ ਨਿੱਕੀ-ਨਿੱਕੀ ਗੱਲ 'ਤੇ ਖਿਝਣ ਲੱਗਦੀ।

...ਤੇ ਘਰ ਵਿੱਚ ਛਿੜੀ ਰਹਿੰਦੀ ਇਸ ਸੀਤ ਜੰਗ ਵਿੱਚ ਮੈਂ ਬੇਕਸੂਰਾ ਪਿਸਦਾ ਰਹਿੰਦਾ।

"ਅੱਡ ਕਿਉਂ ਨਹੀਂ ਹੋ ਜਾਂਦੇ ਤੁਸੀਂ ? ਕੀ ਲੋੜ ਐ ਗੱਲਾਂ ਸੁਣਨ ਦੀ। ਦਿੱਤਾ ਕੀ ਏ ਸਾਨੂੰ ? ਚੱਜ ਦੇ ਚਾਰ ਭਾਂਡੇ ਵੀ ਨਹੀਂ ਸੀ ਹੈਗੇ ਇਸ ਘਰ 'ਚ ....ਜਿੱਦਣ ਮੈਂ ਵਿਆਹੀ ਆਈ ਸਾਂ। ਗੱਲਾਂ ਤਾਂ ਸੁਣੋ.....।"

ਹਰਪ੍ਰੀਤ ਹਰ ਵਾਰ ਅਲੱਗ ਹੋਣ ਦੀ ਗੱਲ ਕਰਨ ਲੱਗਦੀ।

ਤੰਗ ਆ ਗਿਆ ਸਾਂ ਮੈਂ ਨਿੱਤ ਦੇ ਇਸ ਕਲੇਸ਼ ਤੋਂ। ਪਰ ਅੱਡ ਹੋਣ ਬਾਰੇ ਤਾਂ ਮੈਂ ਸੁਪਨੇ ਵਿੱਚ ਵੀ ਨਹੀਂ ਸੀ ਸੋਚ ਸਕਦਾ।

ਮੈਂ ਦੜ ਵੱਟ ਲਈ ਸੀ।

"ਬੱਸ। ਵੱਡਾ ਆਇਆ। ਲੱਗ ਗਿਆ ਜਨਾਨੀ ਦੇ ਥੱਲੇ।"

ਡੈਡੀ ਨੇ ਮਜ਼ਾਕ ਬਣਾ ਦਿੱਤਾ ਸੀ ਮੇਰਾ।

"ਪ੍ਰਿੰਸ ਤੈਨੂੰ ਸੁਣਿਆ ਨਹੀਂ ? ਉੱਠ ਪੈ । ਮੈਂ ਵੀ ਕਿਸੇ ਪਾਸੇ ਜਾਣਾ ਮਰਨਾ। ਸਾਰਾ ਦਿਨ ਤੁਹਾਡੇ ਹੀ ਸਿਆਪੇ ਨਹੀਂ ਮੁਕਦੇ।"

ਹਰਪ੍ਰੀਤ ਦਾ ਪਾਰਾ ਹਾਈ ਹੋਈ ਜਾ ਰਿਹਾ। ਜੇ ਕਿਤੇ ਪ੍ਰਿੰਸ ਵੱਲੋਂ ਧਿਆਨ ਹਟ ਕੇ ਮੇਰੇ ਵੱਲ ਆ ਗਿਆ ਤਾਂ .....। ਕਾਸ਼ ਕਿਤੇ ਅੱਜ ਫੇਰ ਐਤਵਾਰ ਹੁੰਦਾ। ਐਤਵਾਰ ਤੋਂ ਬਾਅਦ ਛੁੱਟੀ ਕੱਟ ਕੇ ਸਕੂਲ ਜਾਣ ਨੂੰ ਦਿਲ ਨਹੀਂ ਕਰਦਾ। ਸਾਲਾ ਸਵੇਰੇ-ਸਵੇਰੇ ਉਸ ਕਾਲੇ ਕਾਂ ਜਗਦੀਸ਼ ਅਟਵਾਲ ਦੇ ਮੱਥੇ ਲੱਗਣਾ ਪੈਂਦਾ। ਬਹੁਤ ਗੁੱਸਾ ਚੜ੍ਹਦਾ ਸਾਲੇ 'ਤੇ......।

ਸ਼ਨੀਵਾਰ ਦੱਸ ਰਿਹਾ ਸੀ ਕਿ ਸੋਮਵਾਰ ਤੋਂ ਬੱਚਿਆਂ ਦੀਆਂ 'ਐਕਸਟਰਾ ਕਲਾਸਾਂ' ਲਗਾਇਆ ਕਰਨੀਆਂ। ਨਾ ਬੰਦਾ ਪੁੱਛੇ ਬਈ ਤਨਖਾਹ ਐਕਸਟਰਾ ਦਿੰਦਾ ਤੂੰ ਸਾਨੂੰ ?

"ਆਪਾਂ ਵਿਰੋਧ ਕਰਾਂਗੇ। ਘਰੋਂ ਨਹੀਂ ਕੱਢੇ ਅਸੀਂ ਵੀ ਇੱਥੇ ਹੀ ਬੈਠੇ ਰਹੀਏ।" ਮਨਜਿੰਦਰ ਮੈਡਮ ਨੇ ਤਿਊੜੀਆਂ ਪਾਉਂਦੇ ਹੋਏ ਕਿਹਾ ਸੀ। ਪਰ ਮੈਨੂੰ ਪਤਾ ਵਿਰੋਧ ਕਿਸ ਨੇ ਕਰਨਾ ? ਇਹ ਸਾਰੇ ਤਾਂ ਧੂਹ ਰਹੇ ਨੇ ਜ਼ਿੰਦਗੀ ਨੂੰ। ਮਜ਼ਬੂਰੀ ਦੇ ਸਤਾਏ ਹੋਏ। ਕਿਸੇ ਇੱਕ ਨੇ ਵੀ ਮੇਰੇ ਨਾਲ ਨਹੀਂ ਖੜ੍ਹਨਾ। ਇਹ ਸਾਰੇ ਤਾਂ ਪਾਗਲ ਸਮਝਦੇ ਨੇ ਮੈਨੂੰ। ਪਿੱਠ ਪਿੱਛੇ ਹੱਸਦੇ ਨੇ ਮੇਰੇ ਉੱਤੇ। ਪਿਛਲੇ ਸ਼ੈਸ਼ਨ 'ਚ ਜਦੋਂ ਕੰਪਿਊਟਰ ਫੀਸ ਐਕਸਟਰਾ ਲੈਣੀ ਸ਼ੁਰੂ ਕੀਤੀ ਗਈ ਤਾਂ ਮੈਂ ਇਸ ਦਾ ਵਿਰੋਧ ਕੀਤਾ ਸੀ।

"ਚਾਰ ਕੰਪਿਊਟਰ ਨੇ ਸਕੂਲ 'ਚ। ਉਹ ਵੀ ਖਬਰੇ ਚੱਲਦੇ ਨੇ ਜਾਂ......।

ਮਾਊਸ ਜਵਾਕਾਂ ਨੂੰ ਫੜਨਾਂ ਨਹੀਂ ਆਉਣਾ। ਇਹ ਤਾਂ ਲੁੱਟ ਐ.....।" ਮੇਰੀ ਗੱਲ ਨੇ ਮਜ਼ਾਕ ਬਣਾ ਕੇ ਰੱਖ ਦਿੱਤਾ ਸੀ ਮੈਨੂੰ। ਸਾਰੇ ਮੈਨੂੰ ਪਾਸ਼ ਕਹਿ ਕੇ ਛੇੜਨ ਲੱਗ ਪਏ ਸਨ। ਬਹੁਤ ਖਿੱਝ ਚੜ੍ਹੀ ਸੀ ਮੈਨੂੰ।

ਪਰ ਮੈਂ ਪਾਸ਼ ਨਹੀਂ ਸਾਂ ਕਿ ਸਮਝਾ ਸਕਦਾ।



"ਸਭ ਤੋਂ ਖਤਰਨਾਕ ਹੁੰਦਾ ਹੈ ਮੁਰਦਾ ਸ਼ਾਂਤੀ ਨਾਲ ਭਰ ਜਾਣਾ।

ਨਾ ਹੋਣਾ ਤੜਪ ਦਾ ਸਭ ਸਹਿਣ ਕਰ ਜਾਣਾ।"

ਸਭ ਮੁਰਦਾ ਸ਼ਾਂਤੀ ਨਾਲ ਭਰੇ ਪਏ ਸਨ।

ਮੈਂ ਵੀ ਬਾਕੀਆਂ ਵਾਂਗ ਅੱਖਾਂ ਮੀਚ ਲਈਆਂ।

ਇੱਥੇ ਕ੍ਰਾਂਤੀ ਨਹੀਂ ਆ ਸਕਦੀ। ਵਿਰੋਧ ਦਾ ਨਾਅਰਾ ਲਾਉਣ ਵਾਲੀ ਮਨਜਿੰਦਰ ਮੈਡਮ ਨੇ ਸਭ ਤੋਂ ਪਹਿਲਾਂ ਹੱਥ ਖੜ੍ਹੇ ਕਰ ਦੇਣੇ ਨੇ।

ਡਰਦੇ ਨੇ ਸਾਰੇ। ਅਖੇ ਨੌਕਰੀ ਕੀ ਤੇ ਨਖ਼ਰਾ ਕੀ ?

ਮੌਜ ਤਾਂ ਸਾਲੀ ਸਰਕਾਰੀ ਮੁਲਾਜ਼ਮਾਂ ਨੂੰ ਹੈ। ਮੋਟੀਆਂ ਤਨਖਾਹਾਂ ਲੈਂਦੇ ਨੇ .. ਫਿਰ ਵੀ ਤੀਜੇ ਦਿਨ ਧਰਨੇ ਦੇਈ ਰੱਖਦੇ ਨੇ। ਇਨ੍ਹਾਂ ਦੇ ਤਾਂ ਸਕੇਲ ਹੀ ਸੂਤ ਨਹੀਂ ਆਉਂਦੇ। ਢਿੱਡ ਹੀ ਨਹੀਂ ਭਰਦਾ। ਭੁੱਖ ਨੰਗ 'ਕੱਠੀ ਹੋਈ।

"ਨਾ ਕੋਈ ਖਾਣ ਦਾ ਭੁੱਖਾ ਹੁੰਦਾ। ਭੈਣ-ਭਰਾ ਦੀ ਇੱਜ਼ਤ ਕਰਨੀ ਸਿੱਖੋ।

ਜਦੋਂ ਸਹੁਰਿਆਂ ਦਾ ਕੋਈ ਆਉਂਦਾ, ਉਦੋਂ ਤਾਂ ਬੜੀ ਜਲਦੀ ਥੈਲਾ ਚੁੱਕ ਕੇ ਦੌੜਦਾ। ਭੈਣ ਤਾਂ ਲੱਗਦੀ ਕੁੱਝ ਨਹੀਂ। ਬਿਸਕੁੱਟ ਤਾਂ......।"

ਜੀਜਾ ਜੀ ਅੱਗੇ ਰੱਖੀ ਬਿਸਕੁੱਟਾਂ ਨਾਲ ਚਾਹ ਦਾ ਰੋਸ ਕੀਤਾ ਸੀ ਡੈਡੀ ਨੇ.....।

ਮੈਂ ਲੱਗਿਆ ਸੀ ਬਜ਼ਾਰ ਜਾਣ। ਪਰ ਹਰਪ੍ਰੀਤ ਨੇ ਰੋਕ ਦਿੱਤਾ ਸੀ। ਕਹਿੰਦੀ ਸੀ।

"ਕੀ ਲੋੜ ਐ ਪੈਸੇ ਖਰਚਣ ਦੀ। ਇਨ੍ਹਾਂ ਤਾਂ ਪਰਸੋਂ ਫੇਰ ਆ ਜਾਣਾ।"

ਉਹਨੇ ਰਸੋਈ ਵੱਲ ਜਾਂਦਿਆਂ ਸ਼ਾਇਦ ਉਹ ਮੁਹਾਵਰਾ ਵੀ ਗੁਣਗੁਣਾਇਆ ਸੀ।

"ਸਹੁਰੇ ਘਰ ਜਵਾਈ.......।"

"ਕੀ ਕਿਹਾ ਤੂੰ ?"

ਮੇਰਾ ਤਣਿਆ ਚਿਹਰਾ ਦੇਖ ਕੇ ਉਹਨੇ ਲਾਈਨ ਬਦਲ ਲਈ ਸੀ। ਨਹੀਂ ਤਾਂ ਸ਼ਾਇਦ ਗੱਲ ਵੱਧ ਜਾਂਦੀ।

"ਛੱਡੋ ਸਰ। ਕਾਹਨੂੰ ਗੱਲ ਵਧਾਉਂਦੇ ਹੋ ? ਅੱਜ-ਕੱਲ੍ਹ ਤਾਂ ਸਰਕਾਰ ਵੀ ਸਜ਼ਾ ਦੇਣ ਲੱਗ ਪਈ ਜਾਤੀ ਸੂਚਕ ਸ਼ਬਦ ਵਰਤਣ 'ਤੇ.....।"

ਮਨਜਿੰਦਰ ਮੈਡਮ ਨੇ ਮੈਨੂੰ ਸਮਝਾਉਣਾ ਚਾਹਿਆ ਸੀ।

ਮੈਂ ਸਟਾਫ਼ ਰੂਮ 'ਚ ਉਸ ਕਾਲੇ ਕਾਂ ਜਗਦੀਸ਼ ਅਟਵਾਲ ਨੂੰ ਉਸ ਦੀ ਜਾਤੀ ਦਾ ਨਾਂ ਲੈ ਗਾਲ੍ਹ ਕੱਢ ਬੈਠਾ ਸੀ। ਪਤਾ ਨਹੀਂ ਕਿਸ ਨੇ ਗੱਲ ਲੀਕ ਕਰ ਦਿੱਤੀ। ਉਹ ਪੰਗਾ ਪਾ ਕੇ ਬੈਠ ਗਿਆ। ਅਟਵਾਲ ਚਾਹੁੰਦਾ ਸੀ ਕਿ ਮੈਂ ਸਾਰਿਆਂ ਦੇ ਸਾਹਮਣੇ ਉਸ ਤੋਂ ਮਾਫ਼ੀ ਮੰਗਾਂ।

ਮੈਂ ਕਈ ਦਿਨ ਅੜਿਆ ਰਿਹਾ।

ਪਰ ਆਖਿਰ ਮਾਫ਼ੀ ਮੰਗਣੀ ਹੀ ਪਈ। ਅੰਦਰੋਂ ਬਹੁਤ ਖੁਸ਼ ਹੋਇਆ ਸੀ ਅਟਵਾਲ। ਨੀਵਾਂ ਦਿਖਾ ਦਿੱਤਾ ਸੀ ਉਸਨੇ ਮੈਨੂੰ। ਅੰਤਾਂ ਦੀ ਖਿੱਝ ਚੜ੍ਹੀ ਸੀ ਮੈਨੂੰ। ਦਿਲ ਕੀਤਾ ਸੀ 'ਜਈਂ-ਜਈਂ' ਕਰਾ ਦਿਆਂ ਸਾਲੇ ਦੀ।

ਜਿਵੇਂ ਸਾਡੇ ਪਿੰਡ ਵਾਲਾ ਉਤਮ ਕਰਾਇਆ ਕਰਦਾ ਸੀ। ਖਾਧੀ-ਪੀਤੀ 'ਚ ਉਤਮ ਬੜਕ ਮਾਰਦਾ।

"ਆਜੋ ਦੇਖ ਲਓ ਜੀਹਨੇ ਦੇਖਣਾ। ਮੁੱਛ ਖੜ੍ਹੀ ਏ ਜੱਟ ਦੀ। ਮੈਂ ਸਰਦਾਰ ਉਤਮ ਸਿੰਘ। ਢੰਗਾਂ ਦਾ ਕਾਕਾ। 'ਜਈਂ-ਜਈ' ਨਾ ਕਰਾ ਦਿਆਂ.......।"

ਸੱਥ ਵਿੱਚ ਬੈਠੇ ਲੋਕ ਉੱਤਮ ਦੀਆਂ ਇਹਨਾਂ ਗੱਲਾਂ 'ਤੇ ਹੱਸਦੇ ਰਹਿੰਦੇ। ਪਰ ਮੇਰਾ ਦਿਲ ਕੀਤਾ ਸੀ ਕਿ ਅਟਵਾਲ ਮੂਹਰੇ ਹਿੱਕ ਤਾਣ ਕੇ ਖੜ੍ਹ ਜਾਵਾਂ ਤੇ ਕਹਾਂ।

"ਆ ਦੇਖ ਕੇ .....। ਮੈਂ ਸਰਦਾਰ ਗੁਰਵਿੰਦਰ ਸਿੰਘ। ਸੰਧੂਆ ਦਾ ਕਾਕਾ। 'ਜਈਂ-ਜਈਂ" ਨਾ ਕਰਾ ਦਿਆਂ ਤਾਂ ਗੱਲ ਕਰੀਂ।

ਪਰ ਮੇਰੇ 'ਚ ਲਲਕਾਰਾ ਮਾਰਨ ਜੋਗੇ ਸਾਹ ਕਿੱਥੇ ਰਹੇ ਸੀ। ਪਿੰਡ ਵਾਲੀ ਜ਼ਮੀਨ ਵੇਚ ਕੇ ਜਦੋਂ ਦੇ ਅਸੀਂ ਸ਼ਹਿਰ ਆਏ ਹਾਂ।

ਮੈਂ ਤਾਂ ਉਦੋਂ ਦਾ ਖ਼ੁਦ ਨੂੰ ਸੰਧੂ ਸਮਝਣਾ ਵੀ ਛੱਡ ਦਿੱਤਾ। ਜੱਟ ਦੀ ਟੌਹਰ ਤਾਂ ਜ਼ਮੀਨ ਨਾਲ ਹੈ।

ਜ਼ਮੀਨ ਨਹੀਂ ਤਾਂ ਕਾਹਦੇ ਜੱਟ ਤੇ ਕਾਹਦੇ ਸੰਧੂ ?

"ਰੋਣਾ ਇੱਕ ਦਿਨ ਤੁਸਾਂ ਸਾਰਿਆਂ। ਯਾਦ ਰੱਖਿਓ ਮੇਰੀ ਗੱਲ ਨੂੰ।"

ਡੈਡੀ ਜ਼ਮੀਨ ਵੇਚਣ ਲਈ ਤਿਆਰ ਨਹੀਂ ਸਨ।

ਪਰ ਸ਼ਹਿਰ ਦੀ ਜੰਮੀ-ਪਲੀ ਹਰਪ੍ਰੀਤ ਪਿੰਡ ਨਹੀਂ ਸੀ ਰਹਿਣਾ ਚਾਹੁੰਦੀ।

ਜ਼ਮੀਨ ਵੇਚ ਦੇਣ ਦੀ ਸਲਾਹ ਦਿੱਤੀ ਸੀ ਉਸਨੇ।

"ਆਪਾਂ ਨੌਕਰੀ ਪੇਸ਼ਾ ਹਾਂ। ਸੌ ਸਹੂਲਤਾਂ ਨੇ ਸ਼ਹਿਰਾਂ 'ਚ। ਐਜੂਕੇਸ਼ਨ, ਹੈਲਥ, ਜ਼ਮੀਨ ਨਾਲ ਹੀ ਬੱਝ ਕੇ ਬੈਠੇ ਰਹੇ ਤਾਂ .....।"

ਮੈਂ ਤੋਤੇ ਵਾਂਗ ਇਹੀ ਲਾਈਨਾਂ ਡੈਡੀ ਅੱਗੇ ਜਾ ਦੁਹਰਾਈਆਂ। ਪਰ ਉਹ ਭੜਕ ਪਏ ਸਨ।

"ਲਾਹਨਤ ਓਏ ਤੇਰੇ ਵੱਡੇ ਪੜਾਕੂ ਦੇ......। ਆਹ ਜਿਹੜੇ ਤੂੰ ਪਰੌਂਠੇ ਖਾਂਦਾ ਇਹ ਉਤੋਂ ਤਾਂ ਨਹੀਂ ਡਿੱਗਦੇ। ਜ਼ਮੀਨਾਂ ਦੇ ਮਾਲਕ ਹੋ ਕੇ ਥੈਲਿਆਂ 'ਚ ਆਟਾ ਖ਼੍ਰੀਦ ਦੇ ਫਿਰਾਂਗੇ। ਫਿੱਟੇ ਮੂੰਹ ਤੁਹਾਡੀ ਤਰੱਕੀ ਦੇ ....।"

ਇਹੋ ਜਿਹਾ ਖ਼ਿਆਲ ਹੀ ਕਦੀ ਮੇਰੇ ਦਿਮਾਗ ਵਿੱਚ ਵੀ ਆਇਆ ਸੀ। ਉਦੋਂ ਜਦੋਂ ਬਲਵਿੰਦਰ ਨੇ ਮੈਨੂੰ ਇਟਲੀ ਜਾਣ ਬਾਰੇ ਦੱਸਿਆ ਸੀ। ਮੈਂ ਵੀ ਉਸਨੂੰ ਲੰਬਾ ਚੌੜਾ ਉਪਦੇਸ਼ ਦਿੱਤਾ ਸੀ।

"ਦੇਖ ਬਲਵਿੰਦਰ ਡਾਰਲਿੰਗ। ਕੀ ਕਰੇਂਗਾ ਇਟਲੀ ਜਾ ਕੇ। ਭਾਂਡੇ ਧੋਂਦਾ ਫਿਰੀ ਹੋਟਲਾਂ 'ਚ। ਇਹੋ ਜਿਹੀ ਸਰਦਾਰੀ ਨਹੀਂ ਲੱਭਣੀ ਕਿਤੇ। ਨਾਲੇ ਤੇਰੇ ਕੋਲੇ ਤਾਂ ਚਾਰ ਸਿਆੜ ਹੈਗੇ ਨੇ ....।"

ਬਲਵਿੰਦਰ ਨੇ ਮੇਰੀ ਗੱਲ ਹਾਸੇ ਪਾ ਲਈ ਸੀ।



ਪਰ ਜਦੋਂ ਬਲਵਿੰਦਰ ਬਿਨਾਂ ਪਰ੍ਹਾਂ ਤੋਂ ਉਡ ਕੇ ਇਟਲੀ ਜਾ ਬੈਠ ਤਾਂ ਉਸਦੀਆਂ ਸਾਰੀਆਂ ਗੱਲਾਂ ਮੈਨੂੰ ਵਾਜਬ ਜਾਪਣ ਲੱਗੀਆਂ ਸਨ। ਕੁੱਝ ਨਹੀਂ ਰੱਖਿਆ ਇੱਥੇ। ਆਪਣਾ ਲਾਈਫ ਸਟਾਇਲ ਉੱਚਾ ਚੁੱਕਣ ਲਈ ਬਹੁਤ ਕੁਝ ਕਰਨਾ ਪੈਂਦਾ।

ਮੈਨੂੰ ਵੀ ਸੁਪਨਿਆਂ ਵਿੱਚ ਇਟਲੀ ਦਿਸਣ ਲੱਗ ਪਿਆ ਸੀ।

ਸਾਡੀ ਜ਼ਿੱਦ ਅੱਗੇ ਡੈਡੀ ਦੀ ਇੱਕ ਨਹੀਂ ਸੀ ਚੱਲੀ। ਜ਼ਮੀਨ ਵਿਕ ਗਈ। ਸ਼ਹਿਰ ਘਰ ਬਣ ਗਿਆ।

ਸ਼ਹਿਰ ਆ ਕੇ ਡੈਡੀ ਪਹਿਲਾਂ ਨਾਲੋਂ ਵੀ ਵੱਧ ਖਿੱਝਣ ਲੱਗੇ ਸਨ। ਉਹ ਪਿੰਡ ਦੀਆਂ ਗੱਲਾਂ ਯਾਦ ਕਰਦੇ ਰਹਿੰਦੇ। ਇੱਕ ਹੇਰਵਾਂ ਉਨ੍ਹਾਂ ਦੇ ਮਨ ਵਿੱਚ ਹਰ ਵੇਲੇ ਲੱਗਿਆ ਰਹਿੰਦਾ। ਉਹ ਸ਼ਹਿਰ ਨੂੰ ਕੋਸਦੇ। ਘੜੀਆਂ ਗਿਣ-ਗਿਣ ਟਾਈਮ ਲੰਘਾਉਂਦੇ।

ਟਾਈਮ ਤੋਂ ਯਾਦ ਆਇਆ ......

ਸਵਾ ਸੱਤ ਵੱਜ ਗਏ ਨੇ। ਪ੍ਰਿੰਸ ਦੀ ਗੱਡੀ ਪੌਣੇ ਅੱਠ ਆਊ। ਮੈਨੂੰ ਵੀ ਉੱਠਣਾ ਚਾਹੀਦਾ। ਬਹੁਤ ਸੋਚਦਾ ਤੜਕੇ ਉਠਣ ਦੀ ਆਦਤ ਪਾਵਾਂ। ਹਰਪ੍ਰੀਤ ਵੀ ਇੱਕ ਦਿਨ ਕਹਿ ਰਹੀ ਸੀ।

"ਪ੍ਰਿੰਸ !ਦੇਖ ਪਾਪਾ ਨੂੰ। ਢਿੱਡ ਤਾਂ ਦੇਖ ਕੱਢਿਆ। ਇੰਜ ਲੱਗਦਾ ਜਿਵੇਂ.......।"

ਹਰਪ੍ਰੀਤ ਨੇ ਮੈਨੂੰ ਕੱਚੇ ਲਾਹ ਦਿੱਤਾ ਸੀ। ਪ੍ਰਿੰਸ ਬਹੁਤ ਹੱਸਿਆ ਸੀ। ਪਰ ਮੈਨੂੰ ਸਮਝ ਨਹੀਂ ਸੀ ਆਈ ਕਿ ਮੈਂ ਉਹਨਾਂ ਨਾਲ ਹੱਸਾਂ ਜਾਂ ਫਿਰ ਰੋਵਾਂ।

"ਇਨ੍ਹਾਂ ਵੀ ਦਲਿੱਦਰ ਕੀ ਆਖ। ਵੇਲੇ ਸਿਰ ਉੱਠ ਕੇ ਬੰਦਾ ਕਿਤੇ ਸੈਰ ਹੀ ਕਰ ਆਵੇ। ਨਾਲ ਵਾਲੇ ਸੁਰਿੰਦਰ ਭਾਜੀ ਰੋਜ਼ ਜਾਂਦੇ ਨੇ ਸਵੇਰੇ ....।"

ਸੁਰਿੰਦਰ ਤੋਂ ਮੈਨੂੰ ਉਸਦੀ ਖ਼ੂਬਸੂਰਤ ਘਰਵਾਲੀ ਪਰਮਿੰਦਰ ਦੀ ਯਾਦ ਆ ਗਈ।

ਮੈਂ ਮਨ ਵਿੱਚ ਉਸਨੂੰ ਪਰਮਿੰਦਰ ਨਹੀਂ ਪਰੀ ਆਖਦਾ। ਪਰੀਆਂ ਵਰਗੀ ਹੀ ਸੋਹਣੀ ਹੈ ਉਹ। ਹਮੇਸ਼ਾ ਮੁਸਕੁਰਾਉਂਦੀ ਰਹਿਣ ਵਾਲੀ, ਜੀਅ ਕਰਦਾ .....।

ਮੈਨੂੰ ਮੁਸਕੁਰਾਉਂਦਿਆਂ ਹੀ ਤਾਂ ਦੇਖ ਲਿਆ ਸੀ ਹਰਪ੍ਰੀਤ ਨੇ ਉਸ ਨਾਲ।

ਇੱਕ ਦਿਨ ਮੈਂ ਧੁੱਪ ਸੇਕਣ ਲਈ ਛੱਤ 'ਤੇ ਖੜ੍ਹਾ ਸੀ। ਉਧਰ ਪਰੀ ਵਿਹੜੇ ਵਿੱਚ ਬੈਠੀ ਸਾਗ ਚੀਰ ਰਹੀ ਸੀ। ਉਸਨੂੰ ਦੇਖਦਿਆਂ ਹੀ ਮੇਰੇ ਦਿਮਾਗ ਵਿੱਚ ਇੱਕ ਗੀਤ ਚੱਲਣ ਲੱਗਾ:-

ਸਹੁੰ ਰੱਬ ਦੀ ਸਰ੍ਹੋਂ ਦੇ ਫੁੱਲ ਵਰਗੀ
ਸਰ੍ਹੋਂ ਦਾ ਸਾਗ ਤੋੜ ਦੀ ਫਿਰੇ !!

ਅਚਾਨਕ ਸਾਡੀਆਂ ਨਜ਼ਰਾਂ ਮਿਲੀਆਂ ਤਾਂ ਉਹ ਮੁਸਕੁਰਾ ਪਈ। ਉਸਦੇ ਵਿਰਲੇ ਦੰਦ ਮੋਤੀਆਂ ਵਾਂਗ ਚਮਕ ਰਹੇ ਸਨ। ਪਤਾ ਨਹੀਂ ਐਨ ਮੌਕੇ 'ਤੇ ਹਰਪ੍ਰੀਤ ਕਿੱਥੋਂ ਆਣ ਪ੍ਰਗਟ ਹੋਈ। ਬਸ ਬਣ ਗਿਆ ਰਾਈ ਦਾ ਪਹਾੜ।

ਸ਼ੱਕ ਵੀ ਤਾਂ ਅਜੀਬ ਬਿਮਾਰੀ ਹੈ।

ਅੰਨ੍ਹਿਆਂ ਕਰ ਦਿੰਦਾ ਬੰਦੇ ਨੂੰ।

ਐਸਾ ਸ਼ੱਕ ਹੀ ਮੇਰੇ ਦਿਮਾਗ ਵਿੱਚ ਬੈਠਾ ਸੀ ਇੱਕ ਵਾਰੀ। ਉਸ ਦਿਨ ਛੁੱਟੀ ਸੀ ਹਰਪ੍ਰੀਤ ਨੂੰ। ਘਰੇ ਕੋਈ ਨਹੀਂ ਸੀ। ਮੈਂ ਸਕੂਲੋਂ ਮੁੜਿਆ ਤਾਂ ਇੱਕ ਘਰੁੱਟ ਜਿਹਾ ਬੰਦਾ ਡਰਾਇੰਗ ਰੂਮ ਵਿੱਚ ਬੈਠਾ ਸੀ। ਹਰਪ੍ਰੀਤ 'ਤੇ ਉਹ ਕਿਸੇ ਗੱਲ ਤੇ ਉੱਚੀ-ਉੱਚੀ ਹੱਸ ਰਹੇ ਸਨ।

"ਇਹ ਚਰਨਜੀਤ ਭਾਜੀ ਨੇ.......। ਫਗਵਾੜੇ ਵਾਲੇ ਬਲਵੰਤ ਅੰਕਲ ਦੇ ਬੇਟੇ। ਕੱਲ੍ਹ ਹੀ ਸਾਡੇ ਦਫਤਰ ਵਿੱਚ ਆਏ ਨੇ ਜਲੰਧਰ ਤੋਂ ਬਦਲ ਕੇ.......।"

ਹਰਪ੍ਰੀਤ ਨੇ ਸਾਡੀ ਜਾਣ-ਪਹਿਚਾਣ ਕਰਵਾਈ।

"ਸਾਲ਼ਾ ਦੈਂਤ ਜਿਹਾ।"

ਮੈਂ ਮਨ ਹੀ ਮਨ ਆਖਿਆ। ਨਾਲ ਹੀ ਉਸ ਫਗਵਾੜੇ ਵਾਲੇ ਬਲਵੰਤ ਅੰਕਲ ਨੂੰ ਵੀ ਮੋਟੀ ਸਾਰੀ ਗਾਲ੍ਹ ਕੱਢੀ। ਉਹ ਮੇਰੇ ਸਹੁਰਾ ਸਾਬ੍ਹ ਦਾ ਬੜਾ ਗੂੜ੍ਹਾ ਦੋਸਤ ਹੈ। ਮੈਂ ਚਰਨਜੀਤ ਨੂੰ ਉਸ ਦਿਨ ਪਹਿਲੀ ਵਾਰ ਮਿਲਿਆ ਸਾਂ।

ਹੱਥ ਮਿਲਾ ਕੇ ਮੈਂ ਅੰਦਰ ਚਲਿਆ ਗਿਆ।

ਉਹ ਤੀਜੇ ਦਿਨ ਆਇਆ ਰਹਿੰਦਾ। ਹਰਪ੍ਰੀਤ ਉਸ ਨਾਲ ਹੱਸ-ਹੱਸ ਗੱਲਾਂ ਕਰਦੀ। ਇੱਕ ਦਿਨ ਉਹ ਤੇ ਹਰਪ੍ਰੀਤ ਬੈਠੇ ਸੀ। ਮੈਂ ਦਰਵਾਜ਼ੇ ਕੋਲ ਖਲੋ ਕੇ ਦੋਨਾਂ ਦੀਆਂ ਗੱਲਾਂ ਸੁਣਨ ਲੱਗਾ। ਅਚਾਨਕ ਹਰਪ੍ਰੀਤ ਦੀ ਨਜ਼ਰ ਮੇਰੇ ਉਤੇ ਪੈ ਗਈ।

ਚਰਨਜੀਤ ਚਲਾ ਗਿਆ ਤਾਂ ਉਸਨੇ ਹੰਗਾਮਾ ਖੜ੍ਹਾ ਕਰ ਲਿਆ।

"ਇੰਨੀ ਘਟੀਆ ਸੋਚ ਕੋਲ ਆ ਕੇ ਬੈਠ ਜਾਣਾ ਸੀ ਜੇ ਇੰਨਾ ਹੀ ਸ਼ੱਕ ਹੈ ਤਾਂ.....।"

ਉਹ ਕਿੰਨਾ ਕੁੱਝ ਬੋਲਦੀ ਗਈ। ਆਪਣੇ ਪਾਪਾ ਨੂੰ ਬੁਲਾਉਣ ਦੀਆਂ ਧਮਕੀਆਂ ਦੇਣ ਲੱਗੀ। ਮੈਂ ਸੌ ਮਿੰਨਤਾਂ ਤਰਲੇ ਕੀਤੇ। ਮੁਆਫ਼ੀ ਮੰਗੀ। ਮਸੀਂ ਸਾਰਾ ਕੁੱਝ ਥਾਂ ਸਿਰ ਹੋਇਆ। ਪਰ ਪਤਾ ਨਹੀਂ ਕੀ ਸੀ ਜੋ ਮੇਰੇ ਦਿਮਾਗ ਵਿੱਚ ਬੈਠ ਗਿਆ ਸੀ।

ਖਬਰੈ ਕਿਉਂ ਹੋਣ ਲੱਗਦਾ ਮੇਰੇ ਨਾਲ ਇੰਜ। ਅਜੀਬ-ਅਜੀਬ ਸੁਪਨੇ ਆਉਂਦੇ ਨੇ ਮੈਨੂੰ। ਸੁਪਨਿਆਂ ਵਿੱਚ ਮੈਂ ਖ਼ੁਦ ਨੂੰ ਬੱਸ ਸਟੈਂਡ 'ਤੇ ਖੜਾ ਦੇਖਦਾ। ਲੋਕਾਂ ਦੀ ਭੀੜ ਮੇਰੇ ਇਰਦ-ਗਿਰਦ ਹੁੰਦੀ। ਸਾਰੇ ਮੈਨੂੰ ਮਾਰਨ ਲਈ ਦੌੜਦੇ ਨੇ।

"ਮਾਰੋ ਇਹਨੂੰ, ਮਾਰੋ, ਇਹ ਜੇਬ ਕਤਰਾ।"

ਕੁੱਝ ਅਵਾਜ਼ਾਂ ਮੇਰੇ ਕੰਨਾਂ ਵਿੱਚ ਗੂੰਜਣ ਲੱਗਦੀਆਂ ਨੇ।

"ਨਹੀਂ....... ਮੈਂ ਜੇਬ ਕਤਰਾ ਨਹੀਂ। ਮੇਰੀ ਤਾਂ ਆਪਣੀ ਜੇਬ ਕਤਰੀ ਗਈ ਹੈ। ਇਹ ਸਮਾਂ ਹੀ ਐਸਾ ਚੱਲਦਾ। ਕਿਸੇ ਦੀ ਜੇਬ ਵਿੱਚ ਕੁੱਝ ਨਹੀਂ ਰਹਿਣਾ। ਔਹ ਦੇਖੋ ਬਜ਼ਾਰ ਭੱਜਾ ਆਉਂਦਾ ਸਾਡੇ ਵੱਲ ਨੂੰ,ਦੌੜੋ ......।"

ਮੈਂ ਪਤਾ ਨਹੀਂ ਕੀ-ਕੀ ਬੋਲੀ ਜਾਂਦਾ।

ਇੱਕ ਅਜੀਬ ਜਿਹਾ ਸਹਿਮ ਮੇਰੇ ਅੰਦਰ ਫੈਲਦਾ ਤੁਰਿਆ ਜਾਂਦਾ।

ਕਦੀ ਲੱਗਦਾ ਜਿਵੇਂ ਮੇਰਾ ਮਾਨਸਿਕ ਸੰਤੁਲਨ ਵਿਗੜਦਾ ਜਾ ਰਿਹਾ ਹੋਵੇ। ਮੇਰੇ ਟੁੱਟ ਚੁੱਕੇ ਸੁਪਨੇ, ਮੇਰੀਆਂ ਅੱਖਾਂ ਸਾਹਮਣੇ ਉਭਰਨ ਲੱਗਦੇ ਨੇ।



ਆਰਥਿਕ ਹੀਣਤਾ ਦਾ ਖ਼ਿਆਲ ਮੇਰੇ ਜ਼ਿਹਨ ਵਿੱਚ ਕਿਸੇ ਚੀਜ਼ ਵਾਂਗ ਰੀਂਗਦਾ ਰਹਿੰਦਾ ਹੈ।

"ਕੋਈ ਨਾ ਮੇਰਾ ਪੁੱਤ ਹੈਗਾ ਨਾ। ਇਹ ਬਦਲੂ ਘਰ ਦੀ ਹੋਣੀ। ਵੱਡਾ ਅਫ਼ਸਰ ਬਣੂ, ਸਾਰੇ ਧੋਣੇ-ਧੋ ਦਿਊਂ।"

ਕੌਣ ਬੋਲਿਆ ਇਹ?

ਮੈਂ? ... ਜਾਂ ਫਿਰ ਡੈਡੀ?

ਇਹੋ ਗੱਲ ਤਾਂ ਡੈਡੀ ਨੇ ਕਦੇ ਮੇਰੇ ਬਾਰੇ ਆਖੀ ਸੀ। ਪਰ ਮੈਂ ਉਹਨਾਂ ਦੀਆਂ ਉਮੀਦਾਂ 'ਤੇ ਖਰਾ ਨਹੀਂ ਉਤਰਿਆ। ਆਪਣੀ ਜ਼ਿੰਮੇਵਾਰੀ ਦੀ ਪੰਡ ਮੈਂ ਪ੍ਰਿੰਸ ਦੇ ਸਿਰ ਸੁੱਟ ਰਿਹਾ ਹਾਂ।

ਪਤਾ ਨਹੀਂ ਉਹ ਵਿਚਾਰਾ ਇੰਨਾਂ ਭਾਰ ਸਹਿ ਪਾਊ ਜਾਂ ਨਹੀਂ।

***********

# ਪੱਟੀ ਤੋਂ ਪਟਿਆਲਾ ਵਾਇਆ ਬੁੱਘੀਪੁਰਾ

ਭਾਊ ਜੀ ! ਗਲਤ ਨਾ ਸਮਝਿਓ।

ਇਹ ਸਾਰਾ ਕੁੱਝ ਮੈਂ ਨਹੀਂ ਜੇ ਕਰਦਾ।

ਇੱਕ ਅੰਦਰਲੀ ਗੱਲ ਦੱਸਾਂ ? ਜ਼ਰਾ ਕੋਲ ਨੂੰ ਹੋਵੋ।

ਮੇਰੇ ਅੰਦਰੋਂ ਕੋਈ ਹੋਰ ਬੋਲਦਾ।

ਹੋ ਗਏ ਨਾ ਤੁਸੀਂ ਵੀ ਹੈਰਾਨ।

ਪਰ ਸੱਚ ਤਾਂ ਇਹੀ ਹੈ।

...... ਤੇ ਜਦੋਂ ਉਹ ਬੋਲਦਾ, ਮੈਂ ਚੁੱਪ ਕਰ ਜਾਂਦਾ। ਚੁੱਪ ਤਾਂ ਮਨੀ ਨੇ ਵੀ ਵੱਟੀ ਹੈ। ਪਿਛਲੇ ਕਈ ਦਿਨਾਂ ਤੋਂ। ਹੁਣ ਤੁਸੀਂ ਇਹ ਪੁੱਛੋਗੇ ਕਿ ਇਹ ਮਨੀ ਕੌਣ ਹੈ ? ਮਨੀ ਮੇਰੀ ਘਰਵਾਲੀ ਦਾ ਨਾਮ ਹੈ। ਨਾਮ ਤਾਂ ਉਸਦਾ ਮਨਜੋਤ ਹੈ ਪਰ ਪਿਆਰ ਨਾਲ ਮੈਂ ਉਸਨੂੰ ਮਨੀ ਆਖਦਾ। ਕਈ ਦਿਨ ਹੋ ਗਏ ਉਹ ਮੂੰਹ ਬਣਾਈ ਬੈਠੀ ਹੈ। ਉਸਦਾ ਵੀ ਕੀ ਕਸੂਰ ? ਕਿੰਨਾ ਕੁ ਸਹਿ ਲਵੇ ਉਹ ? ਪਰ ਭਾਊ ਜੀ ! ਤੁਸੀਂ ਦੱਸੋਂ ... ਮੈਂ ਵੀ ਕਿੰਨਾ ਕੁ ਸਹਿ ਲਵਾਂ ?

"ਤੇਰਾ ਕੀ ਐ ? ਤੂੰ ਤਾਂ ਹੈ ਈ ਨੌਂ ਨੰਬਰ ... ਮੀਚੀ ਰੱਖ ਅੱਖਾਂ।"

ਇਹ ਕੌਣ ਬੋਲਿਆ ?

ਤੁਸੀਂ ਤਾਂ ਚੁੱਪ ਬੈਠੇ ਹੋ ਮੇਰੇ ਸਾਹਮਣੇ। ਦੰਦਾਂ ਤੋਂ ਦੰਦ ਨਹੀਂ ਚੁੱਕਿਆ। ਫੇਰ .... ?

ਇਹ ਵੀ ਜ਼ਰੂਰ ਉਸੇ ਦੀ ਸ਼ਰਾਰਤ ਹੈ।

ਬਹੁਤ ਖੋਚਰੀ ਬੰਦਾ ਐ ਜੀ ਉਹ। ਬਥੇਰੀ ਥਾਂਏ ਮਰਵਾਉਣ ਲੱਗਾ ਸੀ ਮੈਨੂੰ ਗਰੀਬ ਨੂੰ। ... ਤਾਂ ਹੀ ਤਾਂ ਜਦੋਂ ਉਹ ਬੋਲਦਾ ਮੈਂ ਚੁੱਪ ਕਰ ਜਾਂਦਾ। ਕੁਝ ਸਮਝ ਨਹੀਂ ਆਉਂਦਾ ਫਿਰ ਮੈਨੂੰ। ਜਿਵੇਂ ਮੈਨੂੰ ਮਨੀ ਦੀ ਤੇ ਮਨੀ ਨੂੰ ਮੇਰੀ ਸਮਝ ਨਹੀਂ ਆਉਂਦੀ। ਅਸੀਂ ਆਪਸ ਵਿਚ ਉਲਝੇ ਰਹਿੰਦੇ ਹਾਂ ਤੇ ਮੇਰੇ ਅੰਦਰ ਦੀਆਂ ਆਵਾਜ਼ਾਂ ਆਪਸ ਵਿਚ।

ਕੀ ਸੋਚ ਰਹੇ ਤੁਸੀਂ ਕਿ ਪਾਗਲ ਹਾਂ ਮੈਂ ?

ਐਵੇਂ ਬਿਨ੍ਹਾਂ ਸਿਰ ਪੈਰ ਦੀਆਂ ਮਾਰਦਾ। ਪਰ ਮੇਰੀ ਥਾਂਏ ਤੁਸੀਂ ਹੋਵੋ ਫੇਰ ਪਤਾ ਲੱਗੇ। ਮੇਰੀ ਮਾਂ ਨੇ ਐਵੇਂ ਤਾਂ ਨਹੀਂ ਮੇਰਾ ਨਾਂ ਦਲੇਰ ਸਿੰਘ ਰੱਖਿਆ। ਮੈਂ ਤਾਂ ਸੱਚੀਓ ਦਲੇਰ ਬੰਦਾ ਭਾਊ ਜੀ। ਯਕੀਨ ਨਹੀਂ ਆਉਂਦਾ ਤਾਂ ਖ਼ੁਦ ਵੇਖ ਲਓ ਅਜ਼ਮਾ ਕੇ। ਮੇਰੀ ਪੂਰੀ ਗੱਲ ਸੁਣ ਕੇ ਖ਼ੁਦ ਸਿੱਟਾ ਕੱਢਿਓ ਤੁਸੀਂ। ਪਰ ਹੁਣ ਤੁਸੀਂ 'ਜੁਗਤੀ' ਦਾ ਮਤਲਬ ਨਾ ਪੁੱਛਿਓ। ਇਹ ਤਾਂ ਪਟਿਆਲੇ ਦੀ ਦੇਣ ਸੀ।

ਬੂਹ.... ਹ......।

ਕਿੱਥੋਂ ਯਾਦ ਕਰਾ ਦਿੱਤਾ ਪਟਿਆਲਾ।

ਮੂੰਹ ਕੁਸੈਲਾ ਹੋ ਗਿਆ ਮੇਰਾ। ਮੈਨੂੰ ਤਾਂ ਪਟਿਆਲੇ ਬਾਰੇ ਸੋਚ ਕੇ ਵੀ ਗੁੱਸਾ



ਚੜ੍ਹਨ ਲੱਗਦਾ। ਮੌਤ ਵਰਗੀ ਜ਼ਿੰਦਗੀ ਹੰਢਾਈ ਸੀ ਮੈਂ ਪਟਿਆਲੇ। ਮੇਰੇ ਪੈਰ ਤਿਲਕ ਗਏ ਸੀ ਉੱਥੇ ਜਾ ਕੇ। ਮੈਂ ਦੌੜਦਾ ਰਿਹਾ। ਮਜ਼ਾਕ ਨਹੀਂ ਜੀ। ਇੰਨਾ ਕਿਤੇ ਕੋਈ ਬੰਦਾ ਉਲਪਿੰਕ 'ਚ ਦੌੜੇ ਤਾਂ ਸੋਨੇ ਦਾ ਤਗਮਾ ਜਿੱਤੇ।

ਮੰਨਦਾ ਮੈਂ ਤੁਹਾਡੀ ਗੱਲ।

ਪਟਿਆਲੇ ਨੇ ਹੀ ਮਿਲਾਇਆ ਸੀ ਮੈਨੂੰ ਤੇ ਮਨੀ ਨੂੰ। ਪਰ ਸੱਚ ਦੱਸਾਂ... ਬਹੁਤਾ ਗੁੱਸਾ ਤਾਂ ਇਸੇ ਗੱਲ ਦਾ ਹੀ ਚੜ੍ਹਦਾ ਮੈਨੂੰ। ਨਾ ਮੈਂ ਪਟਿਆਲੇ ਜਾਂਦਾ। ਨਾ ਮਨੀ ਮਿਲਦੀ ਤੇ ਨਾ ਆਹ ਯੱਬ ਖੜਾ ਹੁੰਦਾ। ਅੱਧਾ ਯੱਬ ਤਾਂ ਉਹ ਖੜ੍ਹਾ ਕਰੀ ਛੱਡਦੀ ਸੀ .... ਤੇ ਬਾਕੀ ਮੈਂ ਖ਼ੁਦ ਹੀ ਜ਼ਰਾ ...।

ਬੱਸ ਪੁੱਛੋ ਨਾ ਤੁਸੀਂ। ਸੋਹਣੀ ਨਾਰ ਤੇ ਨਜਾਇਜ਼ ਹਥਿਆਰ ਦੋਨੋਂ ਜਾਨ ਦਾ ਹੀ ਖੋਹ ਹੁੰਦੇ ਨੇ।

ਲੈ ਦੱਸੋ। ਮੈਂ ਇੰਨੇ ਪਤੇ ਦੀ ਗੱਲ ਦੱਸੀ ਜਾਂਦਾ ਤੁਸੀਂ ਅਜੇ ਤੀਕ 'ਜੁਗਤੀ' 'ਤੇ ਹੀ ਅੜੇ ਹੋਏ। ਚੱਲੋਂ ਪਹਿਲਾਂ ਦੱਸ ਹੀ ਦੇਵਾ 'ਜੁਗਤੀ' ਦਾ ਵੀ ਇਤਿਹਾਸ। ਪਰ ਇਤਿਹਾਸ ਵੀ ਕਾਹਦਾ ਜੀ। ਮੈਂ ਕਿਹੜਾ ਸਿਕੰਦਰ ਦੀ ਵੰਸ਼ 'ਚੋਂ ਹਾਂ। ਇਹ ਤਾਂ ਸਾਲੀ ਮੁੰਡੀਰ ਨੇ ਛੇੜ ਪਾਈ ਸੀ ਮੇਰੀ। ਪਟਿਆਲੇ ਰਹਿੰਦਿਆਂ 'ਜੁਗਤਾਂ' ਬਹੁਤ ਵੰਡਦਾ ਸੀ ਮੈਂ।

ਹਾਂ ਜੀ ਜੁਗਤਾਂ... ਹੋਰ ਕਿਹੜਾ ਮੈਂ ਮਨੀ ਆਰਡਰ ਵੰਡਣੇ ਸੀ।

ਮਾੜੇ ਮੋਟੇ ਬੰਦੇ ਦੇ ਪੈਰ ਨਹੀਂ ਸੀ ਲੱਗਣ ਦਿੰਦਾ ਮੈਂ।

ਕੋਈ ਸਮੱਸਿਆ ਤਾਂ ਲੈ ਕੇ ਆਉਂਦਾ ਮੇਰੇ ਕੋਲ। ਮੈਂ ਗਿੱਚੀ ਖੁਰਕਦਾ ਆਖਦਾ:-

"ਭਾਈ ਸਾਬ੍ਹ ! ਇੱਕ ਜੁਗਤ ਹੈਗੀਂ ਮੇਰੇ ਕੋਲ....।"

ਅਗਲਾ ਖੁਸ਼ ਹੋ ਕੇ ਮੁੜਦਾ ਸੀ।

ਪਰ ਹੁਣ .....।

ਹੁਣ ਤਾਂ ਮੈਨੂੰ ਕੋਈ ਰਾਹ ਨਹੀਂ ਦਿੱਸਦਾ। ਸਹੀ ਦੱਸਾ ? ਜ਼ਰਾ ਭੈੜਾ ਪੈ ਗਿਆ ਹੁਣ ਮੈਂ।

ਨਹੀਂ ... ਨਹੀਂ.. ਇਹ ਗੱਲ ਮੈਂ ਕੋਲੋਂ ਨਹੀਂ ਕਹਿੰਦਾ। ਇਹ ਤਾਂ ਡਾਕਟਰੀ ਰਿਪੋਰਟਾਂ ਦੱਸਦੀਆਂ ਨੇ। ਪਰ ਮੈਂ ਨਹੀਂ ਜੇ ਮੰਨਦਾ ਡਾਕਟਰਾਂ ਦੀ। ਮੈਂ ਤਾਂ ਅਜੇ ਆਪਣੇ ਅਸਲੀ ਰੰਗ ਵਿਚ ਆਇਆ ਹੀ ਨਹੀਂ। ਨਹੀਂ ਤਾਂ ....। ਚੱਲ ਛੱਡੋ ਇਸ ਗੱਲ ਨੂੰ। ਆਪਾਂ ਤਾਂ ਕਰ ਕੇ ਵਿਖਾਉਣ ਵਾਲਿਆਂ 'ਚੋਂ ਹਾਂ।

ਕਰਕੇ ਤਾਂ ਮੈਂ ਮਨੀ ਨੂੰ ਵੀ ਦਿਖਾਉਂਦਾ।

ਪਰ ... ਉਹ ਖੋਚਰੀ ਬੰਦਾ ਨਹੀਂ ਸੀ ਟਿਕਣ ਦਿੰਦਾ ਮੈਨੂੰ।

ਦੱਸੋ ਤੁਸੀਂ ?

ਜੱਟ ਦਾ ਪੁੱਤ ਕਦੀ ਥੁੱਕ ਕੇ ਚੱਟਦਾ ?

ਪਰ ਲੱਗਦੀ ਤਾਂ ਜਨਾਬ ਮਨੀ ਨੂੰ ਵੀ ਨਹੀਂ ਸੀ। ਹੁਣ ਕੀ ਦੱਸਾਂ ਤੁਹਾਨੂੰ ਤੇ ਕੀ ਲੁਕਾਵਾਂ ? ਕੀ ਕਹਿੰਦੇ ਨੇ ਪੰਜਾਬੀ 'ਚ .. ਬਈ ਝੱਗਾ ਚੁੱਕਿਆਂ ਢਿੱਡ ਆਪਣਾ ਹੀ ਨੰਗਾ

ਹੁੰਦਾ। ਖੈਰ ਜੁਗਤੀ ਵਾਲੀ ਗੱਲ ਨਬੇੜ ਲਵਾਂ ਪਹਿਲਾਂ। ਬਸ ਜੁਗਤਾਂ ਵੰਡਣ ਕਰਕੇ ਹੀ ...। ਬੱਸ ਗੱਲ ਤਾਂ ਨਿੱਕੀ ਜਿਹੀ ਸੀ।

ਨਹੀਂ... ਨਹੀਂ... ਭਾਊ ਜੀ ਹਰ ਗੱਲ ਇੰਨੀ ਨਿੱਕੀ ਵੀ ਨਹੀਂ ਹੁੰਦੀ। ਜਿੰਨੀ ਤੁਸੀਂ ਸਮਝੀ ਬੈਠੇ ਹੋ। ਨਿੱਕੀ ਮੋਟੀ ਗੱਲ ਨੂੰ ਤਾਂ ਮੈਂ ਉਂਜ ਹੀ ਨਹੀਂ ਗੌਲਦਾ। ਸਹੀ ਗੱਲ ਦੱਸਾਂ ? ਮੈਂ ਤਾਂ ਬੰਦਾ ਹੀ ਜ਼ਰਾ ਹੋਰ ਕਿਸਮ ਦਾ।

ਹਾਂ ਜੀ ! ਜਿਵੇਂ ਸੱਪਾਂ ਦੀਆਂ ਕਿਸਮਾਂ ਹੁੰਦੀਆਂ ਨਾ..... ਉਂਜ ਹੀ ਬੰਦੇ ਵੀ ਕਈ ਤਰ੍ਹਾਂ ਦੇ ਹੁੰਦੇ।

ਇਹ ਨੁਕਤਾ ਜ਼ਰਾ ਬਾਰੀਕ ਹੈ। ਕਦੀ ਫੇਰ ਸਮਝਾਊਂ। ਪਹਿਲਾਂ ਜ਼ਰਾ ਆਪਣੇ ਬਾਰੇ ਹੋਰ ਚਾਨਣਾ ਪਾ ਲਵਾਂ। ਮੈਂ ਜ਼ਰਾ ਟੇਢੀ ਖੋਪੜੀ ਵਾਲਾ ਬੰਦਾ। ਤੁਹਾਨੂੰ ਲੱਗਦਾ ਨਾ ਮੈਂ ਐਵੇਂ 'ਨੌਂ ਨੰਬਰ' ਹੀ ਆਂ। ਪਰ ਕਦੀ ਪਰਖ ਕੇ ਵੇਖਿਓ। ਇੱਕ ਨੰਬਰ ਦਾ ਅਸੂਲਾਂ ਦਾ ਪੱਕਾ ਬੰਦਾ ਮੈਂ। ਈਮਾਨਦਾਰੀ ਦੀ ਹੱਦ ਤੱਕ ਇਮਾਨਦਾਰ। ਉਹ ਜਿਹੜਾ ਆਰ.ਐਸ. ਪਬਲਿਕ ਸਕੂਲ ਵਾਲਾ ਰੌਲਾ ਸੁਣਿਆ ਸੀ ਤੁਸੀਂ....।

ਚੱਕਰ ਕੀ ਸੀ ਭਲਾ ?

ਨਹੀਂ ਪਤਾ ਤੁਹਾਨੂੰ ?

ਚੱਲੋਂ ਮੈਂ ਦੱਸਦਾ।

ਉਹ ਵੀ ਅਸੂਲਾਂ ਦਾ ਹੀ ਮਸਲਾ ਸੀ। ਜੇ ਅਸੂਲਾਂ ਦਾ ਸਵਾਲ ਨਾ ਹੁੰਦਾ ਤਾਂ ਵੀਰ ਤੁਹਾਡਾ ਆਰ.ਐਸ. ਪਬਲਿਕ ਸਕੂਲ ਦਾ ਪ੍ਰਿੰਸੀਪਲ ਹੁੰਦਾ। ਫੇਰ ਤੁਹਾਡੇ ਜਵਾਕ ਵੀ ਬਿਨ੍ਹਾਂ ਫੀਸ ਤੋਂ ਪੜ੍ਹਾਉਂਦਾ। ਬਸ ਗੱਲ ਜ਼ਮੀਰ ਦੀ ਸੀ। ਲੋਕ ਮੈਨੂੰ ਚੋਰ ਸਮਝਦੇ ਨੇ। ਪਰ ਵਿਚਲੀ ਗੱਲ ਕੌਣ ਜਾਣਦਾ ? ਸਿਰਫ ਮੈਂ ਤੇ ਜਾਂ ਫਿਰ ਜਾਣਦਾ ਉਹ ਰਮਨਦੀਪ।

ਥੂਹ... ਹ...।

ਥੁੱਕਦਾ ਮੈਂ। ਸਾਲਾ ਗੰਦਾ। ਕੀ ਦੱਸਾਂ... ਉਹ ਦਸਵੀਂ ਜਮਾਤ ਦੀ ਕੁੜੀ ਨਾਲ।

ਮੈਂ ਵੇਖ ਲਿਆ ਸੀ।

ਮੈਨੂੰ ਕਹਿੰਦਾ– "ਮਾਸਟਰ ਜੀ। ਰੌਲਾ ਨਾ ਪਾਇਓ। ਬਾਪੂ ਨੂੰ ਕਹਿ ਕਿ ਪ੍ਰਿੰਸੀਪਲ ਬਣਾ ਦਊਂ ਸਕੂਲ ਦਾ।"

ਪਰ ਮੈਂ ਧਾਰ ਨਹੀਂ ਮਾਰਦਾ ਇਹੋ ਜਿਹੀ ਪ੍ਰਿੰਸੀਪਲੀ 'ਤੇ। ਮੈਂ ਕਿਹਾ ਪੁੱਤ... ਤੇਰੇ ਪਿਓ ਨੂੰ ਮੈਂ ਦੱਸਦਾ ਤੇਰੀਆਂ ਕਰਤੂਤਾਂ। ਪ੍ਰਿੰਸੀਪਲ ਤਾਂ ਉਹ ਬਣਾਊ ਮੈਨੂੰ। ਪਰ ਸਾਲਾ ਰਾਤ–ਰਾਤ 'ਚ ਹੀ ਖਿਲਾਰਾ ਪੈ ਗਿਆ।

ਲੱਗਦਾ ਮੈਂ ਨਸ਼ੇੜੀ ਕਿਸੇਂ ਪਾਸਿਓਂ ?

ਰਮਨਦੀਪ ਨੇ ਹੀ ਰਖਵਾਈ ਸੀ ਅਫੀਮ ਮੇਰੇ ਲਾਕਰ 'ਚ। ..... ਤੇ ਖ਼ੁਦ ਹੀ ਰੌਲਾ ਪਾ ਦਿੱਤਾ ਸੀ ਕਿ ਮਾਸਟਰ ਦਲੇਰ ਸਿੰਹੁ ਮੁੰਡਿਆਂ ਨੂੰ ਨਸ਼ਿਆਂ 'ਤੇ ਲਾਈ ਜਾਂਦਾ।

ਪਈ ਗੱਲ ਪੱਲ੍ਹੇ ?

ਕੀ ਭਲਾ ?



ਬਸ ਸਿੱਧ ਪੱਧਰੀ ਗੱਲ ਹੈ ਕਿ ਮੈਂ ਤਾਂ ਹਾਂ ਇਮਾਨਦਾਰ ਬੰਦਾ। ਅਸੂਲਾਂ ਦਾ ਪੱਕਾ। ਜ਼ਿੰਦਗੀ 'ਚ ਕਦੀ ਕਿਸੇ ਨਾਲ ਧੋਖਾ ਨਹੀਂ ਕੀਤਾ। ਪਰ ਮੇਰੇ ਨਾਲ ਕਿੱਡਾ ਵੱਡਾ ਧੋਖਾ ਹੋਇਆ। ਤੁਸੀਂ ਤਾਂ ਅੰਦਾਜ਼ਾ ਵੀ ਨਹੀਂ ਲਗਾ ਸਕਦੇ। ਪਰ ਮੈਂ ਤਾਂ ਭਾਊ ਜੀ। ਦੱਸਣ ਜੋਗਾ ਵੀ ਨਹੀਂ ਰਿਹਾ ਕਿਸੇ ਨੂੰ। ਚੋਰਾਂ ਨੂੰ ਮੋਰ ਪੈ ਜਾਂਦੇ ਨੇ। ਜੋ ਮੇਰੀ ਤਕਲੀਫ਼ ਹੈ ... ਕੀ ਜਾਣੇ ਕੋਈ ?

ਮੈਂ ਸੋਚਦਾ ਸੀ ਕਿ ਜਿਹੋ ਜਿਹਾ ਮੈਂ ਹਾਂ... ਉਹੋ ਜਿਹੇ ਹੀ ਲੋਕ ਹੋਣਗੇ। ਪਰ ਜਨਾਬ ਸਾਰੀ ਦੁਨੀਆਂ ਕਿਤੇ ਇੱਕੋ ਜਿਹੀ ਹੁੰਦੀ। ਮੇਰੇ ਵਰਗੀ ਤਾਂ ਮਨੀ ਨਹੀਂ ਬਣੀ। ਜਿਹੜੀ ਮੇਰੇ ਵਰਗੀ ਬਣਨ ਦੇ ਦਾਅਵੇ ਕਰਿਆ ਕਰਦੀ ਸੀ। ਦਾਅਵੇ ਤਾਂ ਭਾਊ ਜੀ ਉਹਨੇ ਹੋਰ ਵੀ ਬਥੇਰੇ ਕੀਤੇ ਸੀ। ਪਰ ਰੌਲਾ ਤਾਂ ਇਸੇ ਗੱਲ ਦਾ ਕਿ ਉਹਨੂੰ ਬੋਲ ਪੁਗਾਉਂਣੇ ਨਹੀਂ ਆਉਂਦੇ। ਇਹ ਤਾਂ ਮੈਂ ਹੀ 'ਦੜ ਵੱਟ ਜ਼ਮਾਨਾ ਕੱਟ' ਕਰੀ ਜਾਂਦਾ ਰਿਹਾ ਨਹੀਂ ਤਾਂ.....।

ਸਹੀ ਸੋਚ ਰਹੇ ਤੁਸੀਂ।

ਆਹੀ ਗੱਲ ਮੇਰੇ ਬਾਪੂ ਨੇ ਕਹੀ ਸੀ ਮੈਨੂੰ।

ਪਰ ਮੈਂ ਨਹੀਂ ਸੀ ਸੁਣਦਾ, ਉਦੋਂ ਕਿਸੇ ਦੀ।

ਪਤਾ ਕੀ ਕਹਿੰਦਾ ਸੀ ਬਾਪੂ ? ... ਭਾਊ ਜੀ ! ਬਾਪੂ ਮੇਰਾ ਫੰਨੇ ਖਾਂ ਬੰਦਾ। ਨਿੰਬੂ ਖੜ੍ਹਦਾ ਉਹਦੀ ਮੁੱਛ 'ਤੇ। ਬਾਪੂ ਕਹਿੰਦਾ ਸੀ, ਦਿਨ ਚੜ੍ਹਦੇ ਨੂੰ ਵੀਹ ਕੁੜੀਆਂ ਲਿਆ ਖਿਲਾਰੂ ਤੇਰੇ ਬੂਹੇ ਅੱਗੇ। ਛੱਡ ਦੇ ... ਦਾ ਖਹਿੜਾ। ਪਰ ਮੈਂ.....।

ਮੈਂ ਮਨੀ ਨਾਲ ਕੋਰਟ ਮੈਰਿਜ਼ ਕਰਾ ਲਈ।

ਬਾਪੂ ਨੇ ਜ਼ਰਾ ਵੀ ਵਿਰੋਧ ਨਹੀਂ ਸੀ ਕੀਤਾ। ਪਰ ਮੈਂ ਉਸਦੀ ਅੱਖ ਪਹਿਚਾਣ ਦਾ। ਕੋਈ ਗੰਢ ਬੱਝ ਗਈ ਸੀ ਉਹਦੇ ਅੰਦਰ।

ਕਈ ਗੰਢਾਂ ਤਾਂ ਮੇਰੇ ਅੰਦਰ ਵੀ ਨੇ....।

ਕਹਿੰਦੇ ਹੁੰਦੇ ਨੇ ਕਿ ਹੱਥਾਂ ਦੀਆਂ ਦਿੱਤੀਆਂ ਦੰਦਾਂ ਨਾਲ ਖੋਲਣੀਆਂ ਪੈਂਦੀਆਂ। ਪਰ ਮੈਥੋਂ ਤਾਂ ਹੁਣ ਦੰਦਾਂ ਨਾਲ ਵੀ ਨਹੀਂ ਖੁੱਲਦੀਆਂ। ਖ਼ੈਰ... ਮਨੀ ਦੀ ਗੱਲ ਕਰਦੇ ਸੀ ਆਪਾਂ। ਤੁਸੀਂ ਤਾਂ ਉਲਝਾ ਕੇ ਰੱਖਤਾ ਮੈਨੂੰ। ਨਹੀਂ ਤੁਸੀਂ ਨਹੀਂ। ਸ਼ਾਇਦ ਮੈਂ ਖ਼ੁਦ ਹੀ ਉਲਝਿਆ ਫਿਰਦਾ।

ਨਹੀਂ ਜਨਾਬ..... ਪਟਿਆਲੇ ਨਹੀਂ ਸੀ ਉਲਝਿਆ ਮੈਂ ਕਿਸੇ ਨਾਲ। ਉੱਥੇ ਤਾਂ ਹਿੱਲ ਗਿਆ ਸੀ ਮੈਂ। ਦਿਮਾਗੀ ਤੌਰ 'ਤੇ।... ਤਾਂ ਹੀ ਤਾਂ ਅਜੀਬੋ–ਗਰੀਬ ਹਰਕਤਾਂ ਕਰਦਾ ਸਾਂ।

ਲੜ ਪੈਣ ਨੂੰ ਜੀ ਕਰਦਾ ਸੀ ਤੁਰੇ ਜਾਂਦੇ ਬੰਦੇ ਨਾਲ। ਪਤਾ ਨਹੀਂ ਕੀ ਕੀੜਾ ਵੜ ਗਿਆ ਸੀ ਮੇਰੇ ਅੰਦਰ। ਕੁੜੀਆਂ ਨੂੰ ਦੇਖਦਿਆਂ ਹੀ ਮੇਰਾ ਤਵਾਜ਼ਨ ਡੋਲਣ ਲੱਗਦਾ। ਹੋਸਟਲ ਪਤਾ ਕਿਉਂ ਬੁਰਾ ਲਗਦਾ ਸੀ ਮੈਨੂੰ। ਕਿਉਂਕਿ ਉੱਥੇ ਮਨੀ ਰਹਿੰਦੀ ਸੀ। ਰੰਗ ਵਟਾ ਲਿਆ ਸੀ ਉਹਨੇ ਉੱਥੇ ਜਾ ਕੇ। ਰੰਗ ਵਟਾਉਣ ਵਾਲੇ ਨੂੰ ਗਿਰਗਟ ਕਹਿੰਦੇ ਨੇ। ਪਰ ਬੰਦਾ ਤਾਂ ਗਿਰਗਟ ਨਾਲੋਂ ਵੀ ਖਤਰਨਾਕ ਹੁੰਦਾ। ਕਦੇ ਸਿੱਧੇ ਮੂੰਹ ਗੱਲ ਨਹੀਂ ਸੀ ਕਰਦੀ ਉਹ ਮੇਰੇ ਨਾਲ। ਫੋਨ ਨਹੀਂ ਸੀ ਚੁੱਕਿਆ ਉਹਨੇ ਕਦੀ ਹੋਸਟਲ 'ਚ ਮੇਰਾ। ਇੱਥੇ ਕੁੜੀਆਂ ਨੇ ....

ਇੱਥੇ ਇੰਝ ਹੋ ਜਾਂਦਾ। ਉਂਜ ਹੋ ਜਾਂਦਾ। ਹੁੰਦਾ ਕੀ ਸੀ ? ਕੁਝ ਵੀ ਨਹੀਂ। ਇੱਕ ਗੱਲ ਦੱਸਾਂ ਅਕਲ ਦੀ ?

ਇਹ ਗੱਲਾਂ ਬੰਦੇ ਦੀ ਤਬੀਅਤ 'ਚ ਹੁੰਦੀਆਂ। ਗੱਲ ਫੇਰ ਬੰਦੇ ਦੀਆਂ ਕਿਸਮਾਂ 'ਤੇ ਆਣ ਖਲੋਤੀ ਨਾ ?

ਬਸ ਭਾਊ ਜੀ ! ਰੋਣਾ ਤਾਂ ਇਸੇ ਗੱਲ ਦਾ ਜਿਹੜੀ ਤੁਸੀਂ ਖ਼ੁਦ ਹੀ ਕਹਿ ਦਿੱਤੀ। ਲੋਕਾਂ ਲਈ ਬਹੁਤ ਟਾਈਮ ਸੀ ਉਹਦੇ ਕੋਲ। ਲੋਕਾ ਚਾਰੀ ਤਾਂ ਬੱਸ ਮੇਰੇ ਵਾਰੀ ਮਾਰਦੀ ਸੀ ਉਨ੍ਹੂੰ। ਉਹਦੀ ਭਾਬੀ ਦਾ ਭਰਾ ਇੰਗਲੈਂਡ ਤੋਂ ਫੋਨ ਕਰਿਆ ਕਰਦਾ ਸੀ ਉਸਨੂੰ। ਤਿੰਨ-ਤਿੰਨ ਘੰਟੇ ਲੜੀ ਨਹੀਂ ਸੀ ਟੁੱਟਦੀ ਦੋਹਾਂ ਦੀ। ਹੁਣ ਤੁਸੀਂ... ਭਰਾ ਉਹਦੀ ਭਾਬੀ ਦਾ ਉਹਦਾ ਕੀ ਲੱਗਦਾ ਉਹ ? ਹਰ ਰਿਸ਼ਤੇ ਦੀ ਪਰਿਭਾਸ਼ਾ ਹੁੰਦੀ ਕੋਈ। ਮੈਂ ਵੀ ਬਖੇਰਾ ਸਮਝਦਾ ਸਮਾਜ ਸ਼ਾਸਤਰ, ਤੀਜੇ ਦਿਨ ਕਲੇਸ਼ ਹੁੰਦਾ ਸੀ ਸਾਡਾ।

ਇੱਕ ਦਿਨ ਇਸੇ ਕਲੇਸ਼ ਦੇ ਪੱਟੇ ਮੈਂ ਮੁੱਠ ਭਰ ਕੇ ਨੀਂਦ ਦੀਆਂ ਗੋਲੀਆਂ ਦੀ ਖਾ ਲਈ। ਪਰ ਸਾਲੀ ਮੌਤ ਵੀ ਧੋਖਾ ਦੇ ਗਈ। ਨਹੀਂ ਤਾਂ ਜੀਣ ਨੂੰ ਕੀਹਦਾ ਜੀ ਕਰਦਾ ਸੀ ? ਇੱਕ ਦਿਨ ਦੀ ਗੱਲ ਹੋਏ ਤਾਂ ਸਹਿ ਲਏ ਬੰਦਾ, ਉਹਦਾ ਤਾਂ ਨਿੱਤ ਦਾ ਹੀ ਵਿਹਾਰ ਸੀ।

ਬੱਸ ਸਹਿਣ ਨਹੀਂ ਸੀ ਹੁੰਦਾ ਮੈਥੋਂ।

ਮੈਂ ਸਾਫ਼ ਸ਼ਬਦਾਂ 'ਚ ਤੀਹ ਵਾਰ ਪੁਛਿਆ ਸੀ ਉਸਨੂੰ ਕਿ ਤੂੰ ਸਾਫ਼ ਦਸਦੇ, ਤੇਰੇ ਲਈ ਲੋਕ ਜ਼ਰੂਰੀ ਨੇ ਜਾਂ ਮੈਂ।

ਪਰ ਮੇਰੇ ਵਾਰੀ ਤਾਂ ਜ਼ੁਬਾਨ ਠਾਕੀ ਜਾਂਦੀ ਸੀ ਉਸਦੀ।

ਜੀ... ਸਹੀ ਕਿਹਾ ਮੈਂ।

ਜਨਾਬ ਗੱਲਾਂ ਤਾਂ ਮਾਰਦੀ ਸੀ ਉਹ ਲੋਕਾਂ ਨਾਲ।

ਉਦੋਂ ਨਾਗਰੇ ਨਾਲ ਵੀ ਤਾਂ ਗੱਲਾਂ ਹੀ ਮਾਰਦੀ ਪਈ ਸੀ, ਉਹ... ਤੇ ਮੈਂ ਦੂਰ ਖੜ੍ਹਾ ਘੰਟਾ ਭਰ ਤਮਾਸ਼ਾ ਦੇਖਦਾ ਰਿਹਾ ਸੀ ਦੋਹਾਂ ਦਾ। ਐਨ ਨਾਲ ਜੁੜ ਕੇ ਖਲੋਤੀ ਸੀ ਉਹ ਉਹਦੇ। ਦੋਨੋਂ ਹੱਸ-ਹੱਸ ਗੱਲਾਂ ਕਰਦੇ ਰਹੇ। ਮੈਂ ਖੜਾ ਸੋਚਦਾ ਸੀ, ਸ਼ਾਇਦ ਛੱਡ ਕੇ ਆ ਜਾਊ ਨਾਗਰੇ ਨੂੰ। ਜਿਵੇਂ ਉਹਦੀ ਖਾਤਿਰ ਮੈਂ ਲੋਕਾਂ ਨੂੰ ਛੱਡਿਆ ਕਰਦਾ ਸੀ।

ਪਰ ਕਿੱਥੇ ਸੀ ਉਹ ਮੇਰੇ ਵਰਗੀ ?

ਉਸਨੇ ਤਾਂ ਦੇਖਿਆ ਤੱਕ ਨਹੀਂ ਸੀ ਮੇਰੇ ਵੱਲ। ਮੈਂ ਦੇਰ ਤੀਕ ਬੈਠਾ ਰੋਂਦਾ ਰਿਹਾ। ਪਰ ਕਿੱਥੇ ਫਰਕ ਪੈਂਦਾ ਸੀ,ਉਸਨੂੰ ਮੇਰੇ ਰੋਣ ਨਾਲ। ਰੋਇਆ ਤਾਂ ਮੈਂ ਉਸਦੇ ਸਾਹਮਣੇ ਵੀ ਬਹੁਤ ਸੀ ਇੱਕ ਦਿਨ। ਸੌ ਸਹੁੰਆ ਖਾਧੀਆ ਸੀ ਉਸਨੇ ਕਿ ਬਦਲ ਲਊ ਮੈਂ ਖ਼ੁਦ ਨੂੰ। ਪਰ ਨਹੀਂ। ਉਸਦੀ ਤਾਂ ਉਹੀ ਗੱਲ ਸੀ ਨਾ ਕਿ ਆਖਾ ਮੋੜਨਾ ਨਹੀਂ ਤੇ ਡੱਕਾ ਤੋੜਨਾ ਨਹੀਂ।

ਮੈਂ ਤਾਂ ਉਸ ਦਿਨ ਵੀ ਪੁਛਿਆ ਸੀ ਉਸਨੂੰ।

ਪਰ ਪਤਾ ਕੀ ਜਵਾਬ ਦਿੱਤਾ ਸੀ ਉਸਨੇ ? ਭਾਊ ਜੀ ! ਜਵਾਬ ਸੁਣ ਕੇ ਤਾਂ ਹੋਰ ਵੀ ਦੁੱਖੀ ਹੋ ਗਿਆ ਸੀ ਮੈਂ। ਕਹਿੰਦੀ ਤੂੰ ਉਦਾਸ ਜਿਹਾ ਖੜਾ ਸੀ ਮੈਂ ਤਾਂ ਨਹੀਂ ਸੀ ਆਈ ਤੇਰੇ ਕੋਲ।ਦੱਸੋਂ ... ਮੈਂ ਉਦਾਸ ਸਾਂ। ਮਾਤਾ ਤਾਂ ਨਹੀਂ ਸੀ ਨਿਕਲੀ ਮੈਨੂੰ। ਨਾਲੇ ਜਦੋਂ ਕੋਈ



ਆਪਣਾ ਉਦਾਸੀ ਵੇਲੇ ਤੁਹਾਡੇ ਕੋਲ ਨਹੀਂ ਖੜਦਾ ਤਾਂ ਚੰਗੇ ਵੇਲੇ ਫੋੜੇ 'ਤੇ ਰਗੜ ਕੇ ਲਾਉਣਾ ਉਨ੍ਹੂੰ। ਪਰ ਕਿੱਥੇ ਪੱਲ੍ਹੇ ਪੈਂਦੀਆਂ ਉਹਦੇ ਇਹ ਗੱਲਾਂ।

ਸੱਚੀ ਗੱਲ ਤਾਂ ਇਹ ਹੈ ਕਿ ਦੁਨੀਆਂ ਹਾਸਿਆ ਦੀ ਗਾਹਕ ਹੈ। ਦੁੱਖ ਵੇਲੇ ਕੋਈ ਨਹੀਂ ਜੇ ਪੁਛਦਾ। ਪੀੜ ਤਾਂ ਬੱਸ ਆਪਣਿਆਂ ਨੂੰ ਹੁੰਦੀ। ਜਿਵੇਂ ਮੇਰੇ ਬਾਪੂ ਨੂੰ ਮੇਰੀ ਹੋਈ ਸੀ। ਮਿੰਟ ਵੀਹ ਨਹੀਂ ਸੀ ਕੱਟਣ ਦਿੱਤੇ ਉਹਨੇ ਮੈਨੂੰ ਥਾਣੇ ਜਦੋਂ ਉਹ ਸਕੂਲ ਵਾਲਾ ਕੇਸ ਬਣਿਆ ਸੀ। ਐਸੇ ਘੜੀ 'ਤੇ ਟਾਇਮ ਦੇਖਿਆ ਸੀ ਮੈਂ। ਆਹ ਦੇਖੋ... ਪੰਜ ਵੱਜ ਕੇ ਪੰਚੀ ਮਿੰਟ ਹੋਏ।

ਭਾਊ ਜੀ ! ਥਾਣੇਦਾਰ ਨੂੰ ਤਾਂ ਗੱਲ ਨਹੀਂ ਸੀ ਆਈ ਕੋਈ। ਉਹ ਤਾਂ ਸੁਣ ਕੇ ਹੀ ਠਾਕਿਆ ਗਿਆ ਸੀ ਕਿ ਮੈਂ ਬਾਗਾਂ ਵਾਲਿਆਂ ਦਾ ਮੁੰਡਾ। ਸਫਾਰੀ ਸ਼ੂਕਦੀ ਆਈ ਸੀ ਬਾਪੂ ਦੀ। ਪਲਾਂ 'ਚ ਜ਼ਮਾਨਤ ਹੋ ਗਈ ਮੇਰੀ।

ਬਾਪੂ ਅੱਖ ਪਹਿਚਾਣਦਾ ਮੇਰੀ। ਆਪਣੇ ਧੀ-ਪੁੱਤ ਦੀ ਭੁੱਲ ਤਾਂ ਨਹੀਂ ਹੁੰਦੀ। ਭੁੱਲ ਤਾਂ ਜਨਾਬ ਕਿਸੇ ਨੂੰ ਵੀ ਨਹੀਂ ਹੁੰਦੀ।

ਮੇਰੀ ਗੱਲ ਕਰਦੇ ਹੋ ?

ਮੈਂ ਵੀ ਰੋਟੀ ਖਾ ਕੇ ਸੌਂਦਾ ਰਾਤ ਨੂੰ। ਸਮਝਦਾ ਸੀ ਮੈਂ ਸਾਰਾ ਕੁਝ। ਪਰ ਕੀ ਕਰਦਾ ? ਉਹ ਰੋ ਕੇ ਸੱਚੀ ਹੋ ਜਾਂਦੀ ਸੀ।

....ਤੇ ਉਤੋਂ ਮੇਰੇ ਅੰਦਰ ਬੈਠਾ ਉਹ ਖੋਚਰੀ ਬੰਦਾ... ਉਹੀ ਕਰਵਾਉਂਦਾ ਸੀ ਮੈਥੋਂ ਸਾਰਾ ਕੁਝ। ਜਨਾਬ ਬੜਾ ਡਰਾਮੇਬਾਜ਼ ਏ ਉਹ ਵੀ। ਮਨੀ ਵੀ ਬਥੇਰੀ ਵਾਰ ਵਿਟਰ ਜਾਂਦੀ ਸੀ। ਮਰਨ ਮਾਰਨ 'ਤੇ ਉਤਰ ਆਉਂਦੀ ਫਿਰ ਉਹੀ ਸੰਭਾਲਦਾ ਸੀ। ਹੁੱਜ ਮਾਰਦਾ ਮੈਨੂੰ ਅੰਦਰੋਂ। ਆਖਦਾ:-

"ਮਿੱਤਰਾ ਪੈਂਤੜਾ ਬਦਲ ਲੈ। ਤੀਵੀਂ ਮੂਹਰੇ ਬਹੁਤੀ ਹੁਸ਼ਿਆਰੀ ਨਹੀਂ ਦਿਖਾਈ ਦੀ। ਬਣ ਜਾ ਦੋ ਪਲ ਲਈ ਝੁੱਡੂ।"

..... ਤੇ ਦੋ ਪਲ ਲਈ ਝੂਡੂ ਬਣਦਾ-ਬਣਦਾ ਮੈਂ ਤਾਂ ....।

ਦਲੇਰ ਸਿੰਘ ਜੁਗਤੀ ਤਾਂ ਪਰਵਾਹ ਨਹੀਂ ਸੀ ਕਰਦਾ ਕਿਸੇ ਦੀ। ਪਰ ਮਨੀ ਨੇ ....।

ਨਕਸ਼ਾ ਦੇਖੋਂ ਜ਼ਰਾ ਪੰਜਾਬ ਦਾ।

ਪਟਿਆਲੇ ਤੋਂ ਮੁੜਦਿਆਂ ਪਹਿਲਾਂ ਮੈਂ ਉਹਨੂੰ ਬੁੱਘੀਪੁਰੇ ਛੱਡਦਾ ਤੇ ਫੇਰ ਪੱਟੀ ਆਉਂਦਾ। ਉਹ ਜੋ ਕਹਿੰਦੀ ਮੈਂ ਕਰਦਾ ਜਾਂਦਾ। .... ਤਾਂ ਹੀ ਤਾਂ ਉਹ ਖੋਚਰੀ ਬੰਦਾ ਹੁਣੇ ਆਖਦਾ ਸੀ ਕਿ ਮੀਚੀ ਰੱਖ ਅੱਖਾਂ।

ਪਰ ਅੱਖਾਂ ਮੈਂ ਹੀ ਕਿੱਥੇ ਮੀਚਦਾ। ਸਾਰੇ ਇੰਜ ਹੀ ਕਰਦੇ। ਹਰ ਕੋਈ ਮੰਨਦਾ ਤੀਵੀਂ ਦੀ। ਸਾਰੇ ਹੀ ਭੂਤ ਭੰਗੜਾ ਕਰਦੇ ਨੇ ਤੀਵੀਂ ਮੂਹਰੇ। ਸਭ ਪਤਾ ਮੈਨੂੰ।

ਹਾਂ ਜੀ ਠੀਕ ਸੁਣਿਆ ਤੁਸੀਂ।

ਭੂਤ ਭੰਗੜਾ। ਜਨਾਬ। ਭੰਗੜੇ ਦੀਆਂ ਵੀ ਕਈ ਕਿਸਮਾਂ ਹੁੰਦੀਆਂ। ਪਰ ਆਪਾਂ ਕਿਹੜਾ ਭੰਗੜਾ ਗਰੁੱਪ ਖੋਲਣਾ। ਕਿਸਮ ਤਾਂ ਹਰ ਸ਼ੈਅ ਦੀ ਹੁੰਦੀ।

ਜੇ ਮੈਂ ਕਿਸਮਾਂ ਦੇ ਚੱਕਰ 'ਚ ਪੈ ਗਿਆ ਤਾਂ ਮੈਂ ਉਲਝ ਜਾਣਾ। ਫੇਰ ਮੇਰੀ ਗੱਲ

ਰਹਿ ਜਾਣੀ ਵਿਚੇ। ਨਾ...ਨਾ... ਗਾਲੜੀ ਨਾ ਸਮਝੋ ਮੈਨੂੰ। ਆਹ ਤਾਂ ਥੋੜੇ ਨਾਲ ਦੁੱਖ ਸਾਂਝਾ ਕਰਨ ਲਈ ਬੈਠ ਗਿਆ। ਨਹੀਂ ਤਾਂ ਮੈਂ ਤਾਂ ਫਾਲਤੂ ਗੱਲ ਨਹੀਂ ਕਰਦਾ ਕਿਸੇ ਨਾਲ। ਆਹੀਂ ਤਾਂ ਰੋਸਾ ਸੀ ਲੋਕਾਂ ਨੂੰ ਮੇਰੇ ਨਾਲ। ਮੈਂ ਤਾਂ ਹੱਥ ਨਹੀਂ ਸੀ ਮਿਲਾਉਂਦਾ ਕਿਸੇ ਨਾਲ।

ਆਕੜ ?

ਜਨਾਬ ਆਕੜ ਨਹੀਂ... ਬੱਸ ਮੈਂ ਤਾਂ ਪ੍ਰੈਕਟੀਕਲ ਬੰਦਾ। ਹੱਥ ਮਿਲਾਇਆ ਕੀ ਹੁੰਦਾ ਜਦ ਦਿਲ ਨਾ ਮਿਲਣ। ਮੇਰਾ ਤਾਂ ਜਦ ਮਨ ਨਾ ਕਰੇ ਮੈਂ ਤਾਂ ਸਕੇ ਪਿਉ ਨੂੰ ਨਹੀਂ ਬੁਲਾਉਂਦਾ।

ਲੈ ਤੁਸੀਂ ਤਾਂ ਮੈਨੂੰ ਘੇਰਨ ਲੱਗ ਗਏ।

ਕੁਝ ਨਹੀਂ ਹੁੰਦਾ ਹੱਥ ਮਿਲਾਇਆ। ਪਤਾ ਮੈਨੂੰ। ਪਰ ਨਹੀਂ ਸੀ ਜਚਿਆ ਮੈਨੂੰ। ਜਚਿਆ ਤਾਂ ਮੈਨੂੰ ਪ੍ਰਦੀਪ ਵੀ ਨਹੀਂ ਸੀ। ਫਿਰ ਪ੍ਰਦੀਪ ਨਾਲ ਹੱਥ ਮਿਲਾ-ਮਿਲਾ ਮਨੀ ਦਾ ਮਿਲਣਾ ਵੀ ਕਿਵੇਂ ਜ਼ਰ ਲੈਂਦਾ ਮੈਂ ?

ਰੱਜ ਕੇ ਕਲੇਸ਼ ਹੋਇਆ ਸੀ ਸਾਡੇ 'ਚ।

ਨਹੀਂ ਭਾਊ ਜੀ ! ਗੱਲ ਮੇਰੀ ਤੰਗ ਸੋਚ ਦੀ ਨਹੀਂ।

ਬੱਸ ਮੈਂ ਕਹਿਣੀ ਤੇ ਕਰਨੀ ਇੱਕ ਰੱਖਣ ਵਾਲਾ ਬੰਦਾ।

ਤੁਸੀਂ ਅਜ਼ਮਾ ਕੇ ਦੇਖਿਓ। ਟੁਣਕਾ ਕੇ ਦੇਖਿਓ। ਇਹ ਨਾ ਕਹਿ ਦਿਓ ਹੁਣ ਕਿ ਮੈਂ ਆਪਣੇ ਗੁਣ ਆਪ ਗਾਈ ਜਾਂਦਾ। ਪਰ ਦਲੇਰ ਸਿੰਘ ਵਰਗੇ ਪੁੱਤ ਮਾਵਾਂ ਨਿੱਤ-ਨਿੱਤ ਨਹੀਂ ਜੰਮਦੀਆਂ। ਇਹ ਤਾਂ ਮੈਂ ਹੀ ਸੀ। ਜਿੰਨੇ ਇੰਨਾਂ ਕੁਝ ਝੱਲਿਆ ਤੇ ਵਿਆਹ ਵੀ ਉਸੇ ਨਾਲ ਕਰਵਾਇਆ। ਪ੍ਰੇਮਿਕਾ ਤਾਂ ਮੈਂ ਸਮਝਿਆ ਹੀ ਨਹੀਂ ਸੀ ਉਸਨੂੰ।

ਸ਼ੱਕ ? ਕੌਣ ਨਹੀਂ ਕਰਦਾ ਸ਼ੱਕ ?

ਗੱਲ ਮਨੀ ਦੀ ਨਹੀਂ ਜਨਾਬ ਦੁਨੀਆਂ ਬਹੁਤ ਖਰਾਬ ਹੈ। ਕੋਈ ਦੇ ਸਕਦਾ ਕਿਸੇ ਦੀ ਗਰੰਟੀ ? ਨਾ ਬਿਲਕੁਲ ਨਹੀਂ.....। ਪਰ ਮਨੀ ਨੇ ਬਹੁਤ ਗਰੰਟੀਆਂ ਦਿੱਤੀਆਂ ਸਨ ਆਪਣੀ ਭਾਬੀ ਦੇ ਭਰਾ ਦੀਆਂ। ਪਰ ਮੇਰਾ ਮਨ ਤਦ ਵੀ ਨਹੀਂ ਸੀ ਮੰਨਿਆ। ਤੁਸੀਂ ਖ਼ੁਦ ਸੋਚੋ। ਭੈਣ ਦੀ ਅੱਗੇ ਨਨਾਣ ਨਾਲ ਕਾਹਦਾ ਰਿਸ਼ਤਾ। ਨਾਲੇ ਜੀ ਤਿੰਨ-ਤਿੰਨ ਘੰਟੇ ਫੋਨ।

ਲੋਕਾਂ ਨੂੰ ਤਾਂ ਇੰਗਲੈਂਡ 'ਚ ਮਰਨ ਜੋਗੀ ਵਿਹਲ ਹੈਨ੍ਹੀ। ਉਹ ਸਾਲਾ ਫੋਨ ਜੋਗਾ ਹੀ ਸੀ ? ਮੈਂ ਸਭ ਸਮਝਦਾ ਜੀ। ਮੈਨੂੰ ਤਾਂ ਸੋਚ ਕੇ ਵੀ ਵੱਟ ਚੜਨ ਲੱਗਦਾ। ਬੱਸ ਕਰਾ ਦਿੱਤਾ ਮੈਂ ਫੋਨ ਬੰਦ।

ਕੀ ਕਿਹਾ ?

ਸੋਚ ਛੋਟੀ ਏ ਮੇਰੀ ?

ਨਹੀਂ ਜਨਾਬ। ਤੁਸੀਂ ਨਹੀਂ ਸਮਝ ਸਕਦੇ ਇਸ ਗੱਲ ਨੂੰ। ਮੈਂ ਦੱਸਿਆ ਨਾ..ਮਾੜੀ ਮੋਟੀ ਗੱਲ ਨੂੰ ਤਾਂ ਮੈਂ ਗੌਲਦਾ ਹੀ ਨਹੀਂ। ਮਸਲਾ ਤਾਂ ਇਹ ਸੀ ਕਿ ਸਾਈਆਂ ਕਿਤੇ ਤੇ ਵਧਾਈਆ ਕਿਤੇ।

ਤੁਹਾਡੀ ਹੋਵੇ ਘਰ ਵਾਲੀ। ਗੱਲਾਂ ਕਰੇ ਕਿਸੇ ਹੋਰ ਨਾਲ। ਜ਼ਰ ਲਓਗੇ ਤੁਸੀਂ ?



ਬੱਸ ਪੰਗਾ ਤਾਂ ਆਹੀ ਸੀ ਕਿ ਮੈਂ ਮਨ ਹੀ ਮਨ ਪਤਨੀ ਬਣਾ ਬੈਠਾ ਸੀ ਉਸਨੂੰ।

ਮੈਂ ਮੰਨਦਾ ਤੁਹਾਡੀ ਗੱਲ। ਰਿਸ਼ਤੇ ਮੰਨਿਆ ਹੀ ਨਹੀਂ ਬਣ ਜਾਂਦੇ। ਪਰ ਮੈਂ ਕਰ ਕੇ ਵੀ ਤਾਂ ਵਿਖਾਇਆ ਨਾ। ਨਹੀਂ ਤਾਂ ਘਾਟ ਸੀ ਕਿਸੇ ਗੱਲ ਦੀ। 'ਕੱਲਾ-'ਕੱਲਾ ਪੁੱਤ ਹਾਂ ਸਰਦਾਰਾਂ ਦਾ। ਪੰਜ ਸੌ ਬੰਦਾ ਜਾਂਦਾ ਬਰਾਤੇ। ਪਰ ਆਪਾਂ ਤਾਂ....।

ਲਓ ਬਰਾਤ ਤੋਂ ਮੈਨੂੰ ਸੁੱਖੀ ਦੀ ਬਰਾਤ ਚੇਤੇ ਆ ਗਈ।

ਮੈਂ ਨਹੀਂ ਸੀ ਜਾਣਾ ਉਹਦੇ ਵਿਆਹ। ਪਰ ਲੋਕਚਾਰੀ ਵੀ ਤਾਂ ਚੀਜ਼ ਹੁੰਦੀ ਕੋਈ। ਹਾਂ ਜੀ। ਭਾਊ ਜੀ ! ਉਹ ਬੰਦਾ ਹੀ ਐਸਾ। ਤੁਹਾਨੂੰ ਦੱਸਾਂ ਜੇ ਉਹਦੀਆਂ ਕਰਤੂਤਾਂ ਤਾਂ ....। ਸਹੀ ਦੱਸਾਂ.... ਮੈਂ ਉਹਨੂੰ ਕਦੀ ਸਾਲਾ ਸਮਝਿਆ ਹੀ ਨਹੀਂ। ਭਰਾ ਹੋਊ ਉਹ ਮਨੀ ਦਾ ਪਰ ਮੇਰਾ ਉਹ ਕੁਝ ਨਹੀਂ ਲੱਗਦਾ। ਪਰ ਭਰਾ ਵੀ ਕਾਹਦਾ। ਭਰਾਵਾਂ ਵਾਲੀ ਤਾਂ ਕੋਈ ਗੱਲ ਹੀ ਹੈਨ੍ਹੀ ਉਹਦੇ 'ਚ।

ਪਰਦੇ ਵਾਲੀ ਗੱਲ ਦੱਸਾਂ ?

ਨੇੜੇ ਹੋਵੇ ਜ਼ਰਾ। ਇੱਕ ਨੰਬਰ ਦਾ ਵੈਲੀ ਏ ਉਹ।

ਕੀ ਪੁਛਦੇ ਹੋ ?

ਕੀ ਵੈਲ ਪੁਣਾ ਕਰਦਾ ?

ਵੈਲ ਵੀ ਕਈ ਕਿਸਮਾਂ ਦੇ ਹੁੰਦੇ ਜਨਾਬ। ਤੁਸੀਂ ਕਹੋਗੇ ਬਈ ਮੈਨੂੰ ਕਿਵੇਂ ਪਤਾ ? ਨਾ...ਨਾ..ਆਪਾਂ ਤਾਂ ਮਾੜੇ ਰਾਹ ਵੱਲ ਮੂੰਹ ਤੱਕ ਨਹੀਂ ਕਰੀਦਾ। ਹਾਂ ...ਇੱਕ ਵਾਰ ਵੈਲਪੁਣਾ ਕੀਤਾ ਜ਼ਰੂਰ ਸੀ ਮੈਂ ਪਟਿਆਲੇ। ਪਰ ਕੀ ਨਤੀਜਾ ਨਿਕਲਿਆ। ਠੱਗੀ ਖਾਧੀ। ਠੱਗੀ ਵਰਗੀ ਠੱਗੀ। ਮੇਰਾ ਤਾਂ ਜੀ ਸਭ ਕੁਝ ਲੁਟਿਆ ਗਿਆ। ਮੈਂ ਅੱਜ ਤੱਕ ਪਛਤਾਉਂਦਾ। ਨਾ ਉਸ ਦਿਨ ਮੋਟਰਸਾਇਕਲ ਚੁੱਕ ਕੇ ਬਰਨਾਲੇ ਜਾਂਦਾ। ਨਾ ਹੀ...। ਪਰ ਵਕਤ ਵੀ ਹੱਥ ਆਇਆ ਕਿਸੇ ਦੇ ? ਮੈਨੂੰ ਛੱਡੋ। ਸੁੱਖੀ ਦੀ ਗੱਲ ਕਰਦੇ ਆਪਾਂ। ਲੋਫਰ ਬੰਦਾ ਐ ਜੀ ਉਹ। ਤੁਸੀਂ ਦੱਸੋ ਜਿਨੂੰ ਭੈਣ ਦੀ ਨਹੀਂ ਪਰਵਾਹ। ਹੋਰ ਉਹਨੇ ਕੀ ਕਰਨਾ ? ਉਹ ਤਾਂ ਕਦੀ ਬੱਸ ਸਟੈਂਡ ਤੋਂ ਲੈਣ ਨਹੀਂ ਸੀ ਆਇਆ ਮਨੀ ਨੂੰ। ਬਾਹਰ ਅੰਦਰ ਦੇ ਸਾਰੇ ਕੰਮ ਉਹ ਆਪ ਕਰਦੀ। ਹੋਰ ਛੱਡੋ... ਉਹ ਤਾਂ ਮੱਝਾਂ ਜੋਗੇ ਰੁੱਗ ਪੱਠੇ ਨਹੀਂ ਵੱਢਦਾ ਖੇਤੋਂ। ਸਾਰਾ ਦਿਨ ਮੂੰਹ ਅੱਡ ਕੇ ਪਿਆ ਰਹਿੰਦਾ। ਕੀੜੇ ਪਏ ਕੁੱਤੇ ਵਾਗੂੰ। ਦਸੋਂ ? ਫੋੜੇ ਤੇ ਮਲ ਕੇ ਲਾਉਣਾ ਐਸੇ ਭਰਾ ਨੂੰ।

ਪਰ ਮਨੀ ਦੀ ਇੱਕ ਸਿਫ਼ਤ ਦੱਸਾਂ... ਤੁਸੀਂ ਹੁਣ ਪੁੱਛ ਕੇ ਦੇਖ ਲਓ ਚਾਹੇ। ਇੱਕ ਵਾਰ ਨਹੀਂ ਕਹਿਣਾ ਉਹਨੇ ਕਿ ਮੇਰਾ ਭਰਾ...। ਮੇਰੀਆਂ ਵੀ ਬਥੇਰੀਆਂ ਜ਼ਰ ਲੈਂਦੀ ਹੈ ਉਹ। ਪਰ ਕਦੀ ਦੰਦਾਂ ਤੋਂ ਜੀਭ ਨਹੀਂ ਚੁੱਕਦੀ। ਨਹੀਂ ਜਨਾਬ ਫਿਰਵੇਂ ਚੁੱਲ੍ਹੇ ਵਾਲੀ ਕੋਈ ਗੱਲ ਨਹੀਂ ਇਹਦੇ 'ਚ।

ਆਪਾ ਸੱਚ ਨੂੰ ਸੱਚ ਕਹੀਦਾ।

ਗੁੱਸਾ ਮੈਂ ਵੀ ਬਥੇਰਾ ਝਾੜਦਾ ਸੀ ਉਹਦੇ 'ਤੇ। ਪਰ ਮੈਂ ਜ਼ਾਲਮ ਤਾਂ ਨਹੀਂ ਹਾਂ। ਬਸ ਜ਼ਰਾ...। ਪੱਟ ਦਿੱਤਾ ਸੀ ਪਟਿਆਲੇ ਨੇ...। ਮੇਰੀ ਬੋਲੀ ਵਿਗਾੜ ਕੇ ਰੱਖ 'ਤੀ। ਪੱਟੀ ਦਾ ਬੰਦਾ ਤੇ ਪਟਿਆਲੇ ਦੀ ਬੋਲੀ। ਮਿਲ ਗੋਭਾ ਜਿਹਾ ਬਣ ਗਿਆ। ਨਾ ਮਝੈਲ ਨਾ ਮਲਵਈ।

ਤੁਸੀਂ ਤਾਂ ਭਾਊ ਜੀ ਪੁੱਠੇ ਪਾਸੇ ਵਗ ਤੁਰੇ ਹੋ। ਚਲ ਇੰਜ ਕਹਿ ਲਓ... ਇੰਜ ਦੇ ਹੀ ਨਿਆਣੇ ਹੋਣਗੇ ਸਾਡੇ। ਨਾ ਜੱਟ ਨਾ ਛੀਂਬੇ। ਮਨੀ ਕਹਿੰਦੀ ਹੁੰਦੀ ਮੈਂ ਆਪਣੇ ਪੁੱਤ ਦਾ ਨਾਂ ਰਵੀਇੰਦਰ ਸਿੰਘ ਕਰੀਰ ਰੱਖਣਾ ਤੇ ਮੈਂ ਕਹਿੰਦਾ ਅਸੀਂ ਤਾਂ ਮਾਨ ਹਾਂ। ਪੈ ਗਿਆ ਨਾ ਪੰਗਾ। ਪਰ ਚਲੋ ਕੀ ਰੱਖਿਆ ਜਾਤਾਂ ਤੇ ਗੋਤਾਂ 'ਚ।

ਰੱਖਿਆ ਤਾਂ ਜੀ ਨਿੱਕੀਆਂ-ਨਿੱਕੀਆਂ ਗੱਲਾਂ 'ਚ ਵੀ ਕੁਝ ਨਹੀਂ। ਪਰ ਮਨੀ ਕਿੱਥੇ ਸਮਝਦੀ ਸੀ ਇਹਨਾ ਗੱਲਾਂ ਨੂੰ। ਉਹ ਤਾਂ ਜ਼ਿੱਦ ਕਰਿਆ ਕਰਦੀ ਸੀ ਨਿਆਣਿਆਂ ਵਾਗੂੰ। .. ਜ਼ਿੱਦ ਹੁੰਦੀ ਹੈ ਭੈੜੀ।

ਮੈਂ ਵੀ ਤਾਂ ਜ਼ਿੱਦ ਹੀ ਪੁਗਾਈ ਸੀ ਮਨੀ ਨਾਲ ਵਿਆਹ ਕਰਕੇ। ਬਹੁਤ ਕਿਹਾ ਸੀ ਬਾਪੂ ਨੇ। ਪਰ ਮੈਂ ਨਹੀਂ ਸੀ ਸੁਣੀ ਕਿਸੇ ਦੀ.....।

..... ਤੇ ਜਦੋਂ ਵਿਆਹ ਹੋ ਗਿਆ। ਸਭ ਨੇ ਮੇਰੀ ਸੁਣਨੀ ਬੰਦ ਕਰ ਦਿੱਤੀ। ਮੇਰੇ 'ਤੇ ਮਨੀ ਦੇ ਝਗੜੇ 'ਚ ਹੁਣ ਕੋਈ ਹਾਮੀ ਨਹੀਂ ਭਰਦਾ।

"ਲੈ ਪੁੱਤ ਇਸ਼ਕ ਦੇ ਨਜ਼ਾਰੇ।"

ਮੇਰੇ ਅੰਦਰੋਂ ਉਹੀ ਖੋਚਰੀ ਬੰਦਾ ਬੋਲਦਾ।

ਮੈਂ ਨਾ ਇੱਧਰ ਦਾ ਰਿਹਾ ਨਾ ਉੱਧਰ ਦਾ।

ਦੋ ਸਾਲ ਹੋ ਗਏ ਸਾਡੇ ਵਿਆਹ ਨੂੰ। ਮਨੀ ਨੂੰ ਰਵੀਇੰਦਰ ਨਹੀਂ ਮਿਲਿਆ। ਮੈਂ ਕਦੀ ਬਹੁਤਾ ਨਹੀਂ ਸੀ ਸੋਚਿਆ। ਪਰ ਮਨੀ ਨੂੰ ਜਿਵੇਂ ਕਾਹਲ ਪੈ ਗਈ ਸੀ। ਉਹ ਸੌ ਤਰ੍ਹਾਂ ਦੇ ਓਹੜ-ਪੋਹੜ ਕਰਨ ਲੱਗੀ। ਮੰਦਿਰ-ਮਸੀਤਾਂ ਪੂਜਣ ਲੱਗੀ।

ਮੈਂ ਡਾਕਟਰ ਕੋਲੇ ਜਾਣ ਲਈ ਆਖਿਆ। ਪਰ ਉਹ ਨਹੀਂ ਸੀ ਮੰਨੀ। ... ਤੇ ਆਪਣੀ ਭਾਬੀ ਦੇ ਪਿੰਡ ਕਿਸੇ ਦੇਸੀ ਹਕੀਮ ਕੋਲ ਦਵਾਈ ਲੈਣ ਲਈ ਤੁਰ ਗਈ। ਪਰ ਮੈਂ ਆਪਣੇ ਸਾਰੇ ਟੈਸਟ ਕਰਵਾ ਲਏ।

"ਕਦੀ ਕੋਈ ਹਾਦਸਾ ਹੋਇਆ ਸੀ ਤੁਹਾਡੇ ਨਾਲ।"

ਡਾਕਟਰ ਨੇ ਚੈਕਅੱਪ ਕਰਕੇ ਪੁਛਿਆ।

"ਹਾਂ ਜੀ।"

ਮੈਨੂੰ ਪਟਿਆਲਾ ਯਾਦ ਆ ਗਿਆ।

ਉਸ ਦਿਨ ਦਾਰੂ ਪੀ ਕੇ ਮੈਂ ਮੋਟਰਸਾਇਕਲ 'ਤੇ ਬਰਨਾਲੇ ਨੂੰ ਆਉਂਦਾ ਪਿਆ ਸਾਂ। ਰਸਤੇ ਵਿਚ...। ਅੱਖ ਖੁੱਲ੍ਹੀ ਤਾਂ ਹਸਪਤਾਲ ਪਿਆ ਸਾਂ। ਚਾਰ ਦਿਨ ਹਸਪਤਾਲ ਕੱਟੇ। ਸਾਰਾ ਸੀਨ ਮੇਰੀਆਂ ਅੱਖਾਂ ਅੱਗੇ ਘੁੰਮ ਗਿਆ।

"ਅਸਲ 'ਚ ਦਲੇਰ ਜੀ। ਮੇਰੇ ਖ਼ਿਆਲ ਨਾਲ ਉਸ ਵਜਾਹ ਨਾਲ....। ਸੌਰੀ.....।"

ਡਾਕਟਰ ਸੌਰੀ ਮੰਗ ਕੇ ਫਾਰਗ ਹੋ ਗਿਆ ਸੀ।

.... ਤੇ ਮੈਂ ਡਾਕਟਰ ਦੀ ਕਲੀਨਕ 'ਚੋਂ ਨਿਕਲ ਕੇ ਮਨੀ ਕੋਲੋਂ ਸੌਰੀ ਮੰਗਣ ਲਈ ਘਰ ਨੂੰ ਤੁਰ ਪਿਆ।

ਮੈਂ ਕੋਈ ਗੱਲ ਕਰਦਾ। ਇਸ ਤੋਂ ਪਹਿਲਾਂ ਹੀ ਮਨੀ ਕੁਝ ਹੋਰ ਦੱਸਣ ਲਈ ਕਾਹਲੀ ਸੀ।

"ਦਲੇਰ ਆਪਾਂ ਦੋ ਤੋਂ ਤਿੰਨ ਹੋਣ ਵਾਲੇ ਆ। ਬੜੀ ਖੁਸ਼ ਹਾਂ ਮੈਂ.....।"

ਉਹ ਇੱਕੋ ਸਾਹੇ ਕਈ ਕੁਝ ਬੋਲ ਗਈ।

ਪਰ ਮੈਨੂੰ ਜਿਵੇਂ ਸੁਣਾਈ ਦੇਣੋ ਹੱਟ ਗਿਆ ਸੀ। ਮੈਂ ਕਈ ਦਿਨ ਮਾਨਸਿਕ ਗੁੰਝਲ ਵਿਚ ਫਸਿਆ ਰਿਹਾ। ਕੋਈ ਰਾਹ ਨਹੀਂ ਸੀ ਲੱਭਦਾ। ਸੱਚ ਬੋਲਣ ਦੀ ਜਿਵੇਂ ਹਿੰਮਤ ਨਹੀਂ ਸੀ ਪੈਂਦੀ। ... ਤੇ ਸੱਚ ਬੋਲਦਾ ਵੀ ਕੀ ? ਮੈਂ ਮਨੀ ਕੋਲੋਂ ਤਲਾਕ ਮੰਗਿਆ। ਉਹ ਚੁੱਪ ਵੱਟੀ ਬੈਠੀ ਹੈ। ਕਈ ਦਿਨ ਹੋ ਗਏ ਅਸੀਂ ਆਪਸ ਵਿਚ ਬੋਲੇ ਨਹੀਂ। ਮੇਰੇ ਨਾਲ ਇੰਨਾ ਵੱਡਾ ਧੋਖਾ। ਦਲੇਰ ਸਿੰਘ ਜੁਗਤੀ ਦੀ ਕੋਈ ਜੁਗਤ ਨਹੀਂ ਚੱਲਦੀ ਪਈ। ਮਨੀ ਕਾਰਨ ਪੁੱਛਦੀ ਹੈ। ਪਰ ਕੀ ਦੱਸਾਂ ਉਸਨੂੰ ? ਜਵਾਬ ਤਾਂ ਉਸਦੇ ਅੰਦਰ ਹੈ।

ਮੈਂ ਕੀ ਕਰਾਂ ?

ਮਨੀ ਨੂੰ ਉਹਦਾ ਰਵੀਇੰਦਰ ਤਾਂ ਮਿਲ ਗਿਆ ਪਰ ਮੈਨੂੰ ?...

ਉਹ ਰਵੀਇੰਦਰ ਮਾਨ ਨਹੀਂ ਹੋ ਸਕਦਾ।

ਕਿਉਂਕਿ.....।

***********

# ਕੇਂਦਰ ਬਿੰਦੂ

ਸਾਸਰੀਕਾਲ ਜੀ ਜਨਾਬ!

ਜਨਾਬ ਇੱਕ ਰਪਟ ਲਿਖਾਉਣੀ ਸੀ ਜੀ।

ਕੀ ਪੁੱਛਿਆ ? ਕੀਹਦੇ ਬਾਰੇ ?

ਸਭ ਦਸਦਾ ਜਨਾਬ! ਗੱਲ ਜ਼ਰਾ ਲੰਮੀ ਵੀ ਐ ਤੇ ਟੇਢੀ ਵੀ।

ਲਿਖੋ ਤੁਸੀਂ। ਮੈਂ ਮਿਲਖਾ ਸਿਹੁੰ। ਪੁੱਤਰ ਉਜਾਗਰ ਸਿਹੁੰ। ਪਿੰਡ ਚੱਕ ਏ ਜੀ ਮੇਰਾ। ਤਰਨਤਾਰਨ ਕੋਲੋਂ। ਲਿਖੋ ਬਈ, ਜੇ ਮੈਨੂੰ ਕੁਝ ਹੋ ਗਿਆ ਇਹਦਾ ਜਿੰਮੇਵਾਰ ਬਿੰਦੂ ਹੋਊ। ਬਿੰਦੂ ਮੇਰਾ ਸਹਿਬਜ਼ਾਦਾ।

ਕਾਹਦਾ ਸਹਿਬਜ਼ਾਦਾ ਠੱਗ ਏ ਜੀ ਉਹ। ਮੇਰੀ ਆਹ ਹਾਲਾਤ ? ਸਭ ਉਸੇ ਦੀਆਂ ਮਿਹਰਬਾਨੀਆਂ ਨੇ। ਮੈਂ ਜ਼ਰਾ ਖੁਲ੍ਹ ਕੇ ਦੱਸਦਾ ਕਿ ਘੁੰਡੀ ਹੈ ਕੀ ਵਿਚੋਂ। ਘੁੰਡੀ ਨਹੀਂ ਘੁੰਡੀਆਂ ਨੇ। ਜਿਵੇਂ ਜਨਾਬ ਕਹਿ ਲਓ ਦਾਲ 'ਚ ਕਾਲਾ ਨਹੀਂ ਇੱਥੇ ਤਾਂ ਪੂਰੀ ਦਾਲ ਹੀ ਕਾਲੀ ਹੈ। ਬੱਸ ਇਸੇ ਲਈ ਤੁਹਾਡੇ ਕੋਲ ਆਇਆ। ਠੋਕ ਕੇ ਰਪਟ ਲਿਖਿਓ। ਦੋ ਦਿਨ ਦਾਲ ਪਿਆ ਦਿਓ ਸਰਕਾਰੀ। ਫੇਰ ਵੇਖਿਓ ਮੱਤ ਟਿਕਾਣੇ ਆਉਂਦੀ। ਜਨਾਬ ਦੋ ਕਸੂਰ ਨੇ ਉਹਦੇ। ਦੋਵੇਂ ਇੱਕ ਤੋਂ ਵੱਧ ਇੱਕ। ਤੁਸੀਂ ਦੱਸੋ ਜਿਹੜਾ ਬੰਦਾ ਕਿਸੇ ਦੀ ਰੋਟੀ 'ਚ ਲੱਤ ਮਾਰੇ ਕੀ ਕੀਤਾ ਜਾਵੇ ਉਹਦਾ ? ਇਸ ਤੋਂ ਵੱਡਾ ਨਾ ਪਾਪ ਹੈਗਾ ਨਾ ਜੁਰਮ।

ਕੀ ਪੁੱਛਦੇ ਹੋ ? ਕਿਉਂ ਕੀਤਾ ਉਹਨੇ ?

ਬਸ ਜੀ ਮਿਸ਼ਰੇ ਦਾ ਕੌੜਾ ਪਾਣੀ ਲੱਗ ਗਿਆ ਉਹਦੇ ਮੂੰਹ ਨੂੰ। ਸਭ ਉਸੇ ਮਿਸ਼ਰੇ ਦੇ ਪੁਆੜੇ ਨੇ। ਨਹੀਂ ਤਾਂ ਜਨਾਬ ਪਿੰਡ ਜਾ ਕੇ ਪੁਛ ਲਓ ਸਾਡੇ। ਮਿਲਖਾ ਸਿਹੁੰ ਕਨੂੰਨੀ ਸੱਦਦੇ ਨੇ ਪਿੰਡ ਵਾਲੇ ਮੈਨੂੰ। ਲੱਗਣ ਦਿੰਦਾ ਸੀ ਮੈਂ ਪੈਰ ਕਿਸੇ ਦੇ। ਮੱਕੜ ਜਾਲ ਬੁਣਿਆ ਮੇਰੇ ਦੁਆਲੇ।

ਫਸ ਤਾਂ ਜਨਾਬ ਵੱਡੇ ਵੱਡੇ ਜਾਂਦੇ ਨੇ। ਸਬਜ਼ਬਾਗ ਦਿਖਾਏ ਸੀ ਮਿਸ਼ਰੇ ਨੇ। ਇਸੇ ਲਈ ਤਾਂ ਬਿੰਦੂ ਦਾ ਕੇਂਦਰ ਬਿੰਦੂ ਹਿੱਲਿਆ ਸੀ। ਮੈਂ ਜ਼ਮੀਨਾਂ ਦਾ ਮਾਲਕ ਤੇ ਹੁਣ ਬਣਿਆ ਫਿਰਦਾ ਭੁੱਖ ਨੰਗ। ਉਹਦੇ ਹਿਸਾਬ ਨਾਲ ਤਾਂ ਬੜਾ ਵੱਡਾ ਖਿਡਾਰੀ ਹੈ ਉਹ।

"ਖੇਡ ਤਾਂ ਸਾਰੀ ਪੈਸੇ ਦੀ ਏ ਚਾਚਾ ਸਿੰਹਾ। ਜੀਹਦੀ ਕੋਠੀ ਦਾਣੇ ਉਹਦੇ ਕਮਲੇ ਵੀ ਸਿਆਣੇ।"

ਇਹ ਕਿਹਾ ਸੀ ਮਿਸ਼ਰੇ ਨੇ। ਖਵਾਜੇ ਦਾ ਗਵਾਹ ਡੱਡੂ।

ਜਨਾਬ! ਮੇਰਾ ਬਾਪ ਆਖਦਾ ਹੁੰਦਾ ਸੀ ਕਿ ਲਾਈਲੱਗ ਬੰਦਾ ਨਹੀਂ ਹੁੰਦਾ ਕਾਸੇ



ਜੋਗਾ। ਉਹੀ ਹਾਲ ਤਾਂ ਬਿੰਦੂ ਦਾ ਬਣਿਆ। ਦੋ ਦਿਨ ਹੋ ਗਏ ਮੈਂ ਕਛਹਿਰਾ ਚੁੱਕ ਕੇ ਪਿੰਡੋਂ ਦੌੜਿਆਂ। ਜਾਨ ਸੁਕਣੇ ਪਈ ਹੋਈ ਐ।

ਬਿੰਦੂ ਨੇ ਪਾਈ ਐ ਜਾਨ ਸੁਕਣੇ।

ਉਸ ਦਿਨ ਪਹਿਲੀ ਵਾਰ ਸੁਣਾਉਣ ਲੱਗਿਆ ਸੀ ਮੈਨੂੰ ਉਹ ਆਪਣੀ ਠੱਗ-ਕਥਾ।

"ਬਾਪੂ ਤੂੰ ਕਦੀ ਪੰਜਾਹ ਰੁਪਈਆਂ ਵਾਲਾ ਅੰਬ ਖਾਧਾ ?"

"ਉਹ ਕਿਹੜਾ ਅੰਬ ਹੁੰਦਾ ਬਈ। ਪੰਜਾਹ ਰੁਪਏ ਕਿਲੋ ਦੀ ਗੱਲ ਕਰਦਾ ?"

"ਲੈ ਤੂੰ ਤਾਂ ਬੜਾ ਭੋਲਾ ਏ ਬਾਪੂ। ਪੰਜਾਹ ਰੁਪਈਆਂ ਦਾ ਇੱਕ ਅੰਬ।"

ਮੇਰਾ ਮੂੰਹ ਖੁੱਲਾ ਰਹਿ ਗਿਆ। ਮੈਂ ਆਖਿਆ:-

"ਸਹੁਰੀ ਦਿਆ, ਅੰਬਾਂ ਨੂੰ ਕੀ ਲਾਮ ਲੱਗ ਗਈ ਓਏ। ਅਸੀਂ ਤਾਂ ਕਦੀ ਬਜ਼ਾਰੋਂ ਨਹੀਂ ਸੀ ਖ੍ਰੀਦੇ। ਉਹ ਸਾਹਮਣੇ ਪਰਲੇ ਖੇਤ ਦੋ ਬੂਟੇ ਸੀ। ਸ਼ਹਿਦ ਵਰਗੇ ਮਿੱਠੇ ਅੰਬ....।"

"ਯਾਰ ਬਾਪੂ! ਆਹ ਕਥਾ ਵਿਚ ਈ ਛੇੜ ਬੈਠਦਾ ਤੂੰ। ਪੈਂਤੀ ਵਾਰ ਆਹੀ ਗੱਲ ਸੁਣਾ 'ਤੀ ਤੂੰ। ਤੂੰ ਇਹ ਦੱਸ ਬਈ... ਤੂੰ ਕਦੀ ਕਰਿਆਨੇ ਦੀ ਦੁਕਾਨ ਤੋਂ ਕੱਛੇ-ਪਜਾਮੇ ਖਰੀਦੇ ਨੇ....।"

"ਪੁੱਤ ਅੱਜ ਜਾਪਦੈ ਸਿਰ ਨੂੰ ਚੜ੍ਹ ਗਈ ਤੇਰੇ। ਮੂਰਖਾ ਕਰਿਆਨੇ ਦੀ ਦੁਕਾਨ ਤੋਂ ਲੂਣ-ਤੇਲ ਮਿਲਦਾ ਕੱਛੇ ਨਹੀਂ। ਕਿਉਂ ਮਗਜ ਚੱਟੀ ਜਾਂਦਾ ਏ ਮੇਰਾ।"

ਮੇਰੇ ਤਾਂ ਜਿਵੇਂ ਕੁਝ ਪੱਲੇ ਨਾ ਪਵੇ।

"ਮੈਂ ਤੈਨੂੰ ਘੈਂਟ ਖਬਰ ਸੁਣਾਉਂਦਾ ਬਾਪੂ। ਕਮਾਲ ਕਰਦੈਂ ਤੂੰ ਵੀ। ਇਹ ਦੱਸੋ ਪਿਤਾ ਸ੍ਰੀ ਕਦੀ ਜੁੱਤੀਆਂ ਦੀ ਦੁਕਾਨ ਤੋਂ ਭੁਜੀਆ ਖਰੀਦਿਆ ?"

ਮੈਨੂੰ ਤਾਂ ਜੀ ਚੜ੍ਹ ਗੁੱਸਾ ਗਿਆ।

"ਮੈਂ ਨਹੀਂ ਖ੍ਰੀਦਿਆ ਭੁੱਜੀਆ ਜੁੱਤੀਆਂ ਦੀ ਦੁਕਾਨ ਤੋਂ। ਪਰ ਤੈਨੂੰ ਭੁੱਖ ਜੁੱਤੀਆਂ ਦੀ ਐ। ਓਏ ਬਿੱਲਿਆ ਫੜਾਈ ਜ਼ਰਾ ਛਿੱਤਰ।..."

"ਠੰਡ ਰੱਖ ਬਾਪੂ ਠੰਡ। ਤੈਨੂੰ ਪਤੈ.....।"

"ਚੱਲ ਸਾਲਾ। ਉਂਈ ਧੂੜ 'ਚ ਟੱਟੂ ਭਜਾਈ ਫਿਰਦਾ।"

ਮੈਂ ਜੁੱਤੀ ਲਾਹ ਲਈ।

"ਚੰਗਾ ਬਾਪੂ ਤੂੰ ਨਹੀਂ ਮੰਨਦਾ ਲੱਗਦਾ। ਮੈਂ ਚੱਲਿਆ ਸੌਂਣ। ਤੂੰ ਵੀ ਸੌਂ ਜਾ ਲਪੇਟ ਕੇ ਮੂੰਹ ਸਿਰ। ਇਹ ਹਾਈ ਲੇਵਲ ਦੀ ਗੱਲ ਤੇਰੇ ਨਹੀਂ ਵੱਸ ਦੀ।"

ਪਰ ਜਨਾਬ ਬਿੰਦੂ ਧੂੜ 'ਚ ਟੱਟੂ ਨਹੀਂ ਸੀ ਭਜਾਉਂਦਾ। ਉਹਨੇ ਤਾਂ ਸਾਰਾ ਕੁਝ ਹੀ ਧੂੜ 'ਚ ਮਿਲਾ 'ਤਾ। ਮੇਰੇ ਤਾਂ ਗਲੇ ਤੀਕ ਧੂੜ ਚੜ੍ਹੀ ਪਈ ਹੈ। ਇਹੋ ਜਿਹੀ ਗਰਮੀ 'ਚ ਮਾਰਾ-ਮਾਰਾ ਫਿਰ ਰਿਹਾ। ਹੱਜ ਹੈ ਕੋਈ। ਪਾਣੀ ਤਾਂ ਮੰਗਵਾਇਓ ਜ਼ਰਾ ਠੰਡਾ। ਕੀ ਦੱਸਾਂ ਹੁਣ ਸਰਦਾਰ ਸਾਬ੍ਹ। ਬਾਹਰ ਰੋਹ ਦੀ ਰੇਹੜੀ ਲੱਗੀ। ਬੜ੍ਹਾ ਮਨ ਕੀਤਾ। ਗੰਨੇ ਦਾ ਰਸ ਤਾਂ ਜੀ ਬੜਾ ਗੁਣਕਾਰੀ ਹੁੰਦਾ। ਪਰ ਜੇਬ 'ਚ ਹੱਥ ਮਾਰਿਆ ਤਾਂ....। ਗੰਨੇ ਦਾ ਰਸ ਤਾਂ ਜੀ ਮੈਂ ਕੱਢਿਆ

ਕਰਦਾ ਸੀ। ਪਰ ਬਿੰਦੂ ਮਹਾਰਾਜ ਨੂੰ ਤਾਂ ਮੇਰੇ ਗੰਨੇ ਦਾ ਰਸ ਕੌੜਾ ਲੱਗਿਆ ਕਰਦਾ ਸੀ।

"ਇਹ ਮਾਰਕੇ ਵਾਲਾ ਜੂਸ ਐ ਬਾਪੂ। ਐਵੇਂ ਨਾ ਸਮਝੀ। ਕੰਪਨੀ ਦਾ ਮਾਲ ਐ। ਇੱਕ ਸੌ ਪੰਚਾਸੀ ਰੁਪਏ ਦਾ ਇੰਨਾ ਕੁ। ਤੂੰ ਬੰਦ ਕਰ ਆਹ ਯੱਬ ਖਾਨਾ ਜਿਹਾ। ਸਰਦਾਰ ਮਿਲਖਾ ਸਿੰਘ ਭੁੱਲਰ ਐਂ ਤੂੰ। ਸਰਦਾਰ ਬਲਵਿੰਦਰ ਸਿੰਘ ਦਾ ਬਾਪੂ।"

ਬਿੰਦੂ ਦੇ ਡੱਬੇ ਵਾਲੇ ਜੂਸ ਅੱਗੇ ਮੇਰੇ ਗੰਨੇ ਦੇ ਜੂਸ ਦੀ ਕੋਈ ਔਕਾਤ ਨਹੀਂ ਸੀ। ਪਰ ਔਕਾਤ ਤਾਂ ਮਿਸਟਰ ਬਲਵਿੰਦਰ ਸਿੰਘ ਭੁੱਲਰ ਦੀ ਵੀ ਕੋਈ ਨਹੀਂ ਸੀ ਰਹੀ। ਮੈਨੂੰ ਵੀ ਗੁੱਸਾ ਆ ਗਿਆ। ਸੁਣਾ ਦਿੱਤੀਆਂ ਮੈਂ ਵੀ।

"ਓਏ ਕੁੱਤਿਆਂ। ਸ਼ਰਮ ਕਰ ਗਲੇ 'ਚ ਆਹ ਪਟਾ ਜਿਹਾ ਲਮਕਾ ਕੇ ਤੂੰ ਕੀ ਸਮਝਦਾ ਲਾਟ ਸਾਬ੍ਹ ਬਣ ਗਿਆ ਤੂੰ। ਪੂਛ ਹਿਲਾਉਂਦਾਂ ਫਿਰਦਾ ਸਾਰਾ ਦਿਨ.....।"

ਬੱਸ ਮਿਰਚਾਂ ਤਾਂ ਫਿਰ ਲੜਨੀਆਂ ਹੀ ਸੀ। ਸੱਚੀ ਗੱਲ ਤਾਂ ਜ਼ਹਿਰ ਵਰਗੀ ਹੁੰਦੀ।

ਕਹਿੰਦਾ- "ਬਾਪੂ ਮਿਲਾ ਤਾਂ ਨਾ ਧੂੜ 'ਚ ਟੱਟੂ। ਇਹ ਪਟਾ ਨਹੀਂ। ਟਾਈ ਐ ਟਾਈ। ਰੋਹਬਦਾਰ ਨੌਕਰੀ ਕਰਦਾ ਮੈਂ। ਤੈਨੂੰ ਸਵਾਹ ਪਤਾ ਐ। ਘਾਹ ਖੋਤ ਛੱਡਿਆ ਤੂੰ ਸਾਰੀ ਉਮਰ। ਬਦਲ ਲੈ ਆਪਣੇ ਆਪ ਨੂੰ। ਸਾਰਾ ਸੰਸਾਰ ਇੱਕ ਪਿੰਡ ਬਣਦਾ ਜਾ ਰਿਹਾ। ਉਸ ਪਿੰਡ ਵਿਚ ਤੇਰੇ ਵਰਗੇ ਪਛੜੇ ਬੰਦੇ ਲਈ ਕੋਈ ਥਾਂ ਨਹੀਂ ਰਹਿਣੀ।"

ਜਨਾਬ ਕਿਹੜਾ ਸੰਸਾਰ ਤੇ ਕਿਹੜਾ ਪਿੰਡ। ਮੇਰੀ ਥਾਂ ਤਾਂ ਮੇਰੇ ਪਿੰਡ 'ਚ ਨਹੀਂ ਰਹੀ। ਮੈਂ ਸੰਸਾਰ ਪਿੰਡ ਦੀ ਭੈਣ....।

ਨਹੀਂ... ਨਹੀਂ... ਆਹ ਗੱਲ ਵੀ ਨਹੀਂ ਕਿ ਮੈਂ ਸਮੇਂ ਦੀ ਤੋਰ ਨਹੀਂ ਪਹਿਚਾਣਦਾ। ਪਤਾ ਮੈਨੂੰ ਵਕਤ ਨਾਲ ਬਹੁਤ ਕੁਝ ਬਦਲਦਾ। ਮੈਂ ਵੀ ਅੱਖੀ ਦੇਖਿਆ ਬਹੁਤ ਕੁਝ। ਅੱਜ ਦੀ ਪੀੜ੍ਹੀ ਨੂੰ ਤਾਂ ਬੰਬੀ ਦਾ ਬਟਨ ਨਹੀਂ ਨੱਪਣਾ ਪੈਂਦਾ। ... ਤੇ ਅਸੀਂ ਇਹਨਾ ਹੱਥਾਂ ਨਾਲ ਖੂਹ ਗੇੜੇ ਨੇ। ਬਲਦ ਹੱਕੇ ਨੇ। ਇੱਕੋ ਦਿਨ 'ਚ ਹਾੜ੍ਹੀ ਸਾਉਣੀ ਨਿਬੜ ਜਾਂਦੀ ਏ ਅੱਜ ਕੱਲ। ਅੱਜ ਦੇ ਮੁੰਡਿਆਂ ਨੂੰ ਪੁਛੋ ਹਾਂ ਜ਼ਰਾ ਫਲ੍ਹੇ ਕੀ ਹੁੰਦੇ ? ਕੱਖ ਨਹੀਂ ਜੇ ਪਤਾ ਇਹਨਾਂ ਨੂੰ। ਅੱਜ ਦੀ ਭੂਤਰੀ ਮੁੰਡੀਰ ਹੱਗਣ ਵੀ ਮੋਟਰ ਸਾਇਕਲ 'ਤੇ ਜਾਂਦੀ। ਸਾਡੇ ਵੇਲੇ ਤਾਂ ਸਾਈਕਲ ਵੀ ਕਰਮਾ ਵਾਲੇ ਨੂੰ ਮਿਲਦਾ ਸੀ। ਅੱਠ ਪੜ੍ਹਿਆ ਮੈਂ ਸੁਲਤਾਨ ਵਿੰਡ ਦੇ ਸਰਕਾਰੀ ਸਕੂਲੇ। ਤੁਰ ਕੇ ਜਾਈਦਾ ਸੀ। ਆਖ ਕਿਤੇ ਧੁਪਾਂ ਛਾਵਾਂ ਦਾ ਕੁਝ ਪਤਾ ਹੋਵੇ। ... ਤੇ ਬਿੰਦੂ ਮਹਾਰਾਜ ਜੀ। ਅੰਗਰੇਜ਼ੀ ਬਾਬੂ। ਬਾਰਵੀਂ 'ਚ ਜਾਂਦਿਆਂ ਹੀ ਮੋਟਰਸਾਇਕਲ ਲਈ ਤਰਲੋਮੱਛੀ ਹੋਣ ਲੱਗਿਆ ਸੀ।

ਦੱਸੋ ? ਇਹ ਵੀ ਤਾਂ ਬਦਲਾਵ ਹੀ ਸੀ।

ਬਹੁਤ ਆਸਾਂ ਸੀ ਜਨਾਬ। ਕਿਹੜੇ ਮਾਂ-ਪਿਓ ਨੂੰ ਨਹੀਂ ਹੁੰਦੀਆਂ। ਬੱਸ ਉਹੀ ਉਮੀਦਾਂ ਮੈਨੂੰ ਸਨ। ਸੋਚਦਾ ਸਾਂ ਇੱਕੋਂ-ਇੱਕ ਪੁੱਤ ਐ। ਪੜ੍ਹ ਲਿਖ ਕੇ ਕਿਤੇ ਅਫਸਰ ਲੱਗ ਜਾਊ।

ਪਰ ਇਹ ਤਾਂ ਨਿੱਕੇ ਹੁੰਦਿਆਂ ਤੋਂ ਹੀ ਲੱਥ ਨਿਕਲਿਆ।

ਵੀਹ ਉਲਾਂਭੇ ਲਿਆਉਂਦਾ ਸੀ ਰੋਜ਼। ਪਿੰਡ ਵਾਲੇ ਸਕੂਲ ਜਦੋਂ ਇਹ ਪੜ੍ਹਦਾ ਸੀ



ਤਾਂ ਜਵਾਕਾਂ ਇਹਦੀ ਛੇੜ ਚੱਟਣੀ ਚੱਟ ਪਾਈ ਹੋਈ ਸੀ। ਗੱਲ ਮੇਰੀ ਸਮਝ ਨਾ ਪਵੇ। ਫਿਰ ਇੱਕ ਦਿਨ ਮੈਂ ਪਟਵਾਰੀਆਂ ਦੇ ਮੁੰਡੇ ਨੂੰ ਇਹਦੇ ਬਾਬਤ ਪੁਛਿਆ। ਉਹ ਕਹਿੰਦਾ:-

"ਤਾਇਆ ਅੱਧੀ ਛੁੱਟੀ ਵੇਲੇ ਜਵਾਕ ਬਖਸ਼ੇ ਬੁੜੇ ਕੋਲੋਂ ਪਕੌੜੇ ਲੈ ਕੇ ਖਾਂਦੇ। ਬਿੰਦੂ ਤੁਹਾਡਾ ਪਕੌੜੇ ਖਾ ਕੇ ਚਟਨੀ ਵਾਲਾ ਕਾਗਜ਼ ਜੀਭਾਂ ਮਾਰ-ਮਾਰ ਚੱਟਦਾ ਹੁੰਦਾ। ਇਸ ਲਈ ਮੁੰਡੇ...।"

ਮੈਂ ਜਨਾਬ ਬੜਾ ਹੱਸਿਆ। ਘਰ ਆਕੇ ਇਹਦੀ ਮਾਂ ਨੂੰ ਦੱਸਿਆ। ਪਰ ਹੁਣ ਰੋਂਦਾ। ਇਹਦੀ ਚੱਟਣ ਵਾਲੀ ਆਦਤ ਹੁਣ ਤੱਕ ਨਹੀਂ ਗਈ। ਹੁਣ ਤਾਂ ਇਹ ਸਭ ਕੁਝ ਚਟਮ ਕਰ ਗਿਆ। ਉਹ ਕਹਿੰਦੇ ਨੇ ਪੁੱਤ ਸਾਊ ਨਿਕਲੇ ਤਾਂ ਪਿਓ ਦਾਦੇ ਦੀ ਜਾਇਦਾਤ ਵਧਦੀ ਹੈ। ... ਤੇ ਜੇ....। ਗਿਆਤਾ ਹੋ ਤੁਸੀਂ ਸਭ ਕਾਸੇ ਦੇ। ਪਰ ਸਰਵਣ ਪੁੱਤਾਂ ਦੀ ਪਨੀਰੀ ਥੋੜ੍ਹਾ ਮਿਲਦੀ ਕਿਤਿਓਂ। ਬਿੰਦੂ ਪੁੱਤ ਨਹੀਂ ਕਪੁੱਤ ਹੈ ਜੀ। ਨਛੱਤਰ ਕੌਰ ਰਿੜਕਦੀ ਮਰਗੀ। ਪਾਣੀ ਦੀ ਘੁੱਟ ਨਹੀਂ ਪੁਛੀ ਕਦੇ ਕਿਸੇ। ਮੈਂ ਜਿੰਨੇ ਜੋਗਾ ਸੀ ਹੱਥ ਪੈਰ ਮਾਰਦਾ ਰਿਹਾ। ਉਹ ਤਾਂ ਤੁਰਗੀ ਤੇ ਮੈਂ ਰਹਿ ਗਿਆ ਇਹਨਾਂ ਦੀਆਂ ਠੋਕਰਾਂ ਜੋਗਾ। ਨਛੱਤਰ ਕੌਰ ਦੀ ਅਨੰਦਪੁਰ ਜਾਣ ਦੀ ਇੱਛਿਆ ਸੀ। ਮਰਨ ਤੱਕ ਕਹਿੰਦੀ ਰਹੀ। ਬਿੰਦੂ ਮਹਾਰਾਜ ਕੋਲੋ ਤਾਂ ਉਹ ਨਹੀਂ ਸੀ ਸਰਿਆ। ਹੋਰ ਅਠਾਹਠ ਤੀਰਥ ਕਿਨ੍ਹੇ ਲਿਜਾਣੇ ਸੀ ਤੇ ਕੀਹਦੀਆਂ ਗੱਲਾਂ।

"ਤੈਨੂੰ ਪਤਾ ਬਾਪੂ ! ਰੱਬ ਤਾਂ ਹਰੇਕ ਥਾਂ ਇੱਕ ਈ ਐ। ਅਨੰਦਪੁਰ ਕੀ ਹੈ। ਆਪਣੇ ਪਿੰਡ ਵਾਲੇ ਗੁਰਦੁਆਰੇ ਜਾਓ। ਇਕ ਪ੍ਰਮਾਤਮਾ ਵਿਚ ਯਕੀਨ ਕਰੋ। ਤੈਨੂੰ ਪਤਾ ਬੇਬੇ ਦਾ ਕਿੱਥੇ ਬਣਿਆ ਕਦੀ ਵਿਸ਼ਵਾਸ਼। ਕਦੀ ਮੜ੍ਹੀ। ਕਦੇ ਮਸੀਤੇ।"

ਆਹ ਸੋਹਲੇ ਸੁਣਾਇਆ ਕਰਦਾ ਸੀ ਉਹ।

ਸਹੁਰਾ ਵਿਸ਼ਵਾਸ਼ ਦਾ। ਉਹਨੂੰ ਕੀ ਪਤਾ ਕਿਉਂ ਪੂਜਦੀ ਰਹੀ ਨਛੱਤਰ ਕੌਰ ਮੜ੍ਹੀਆਂ ਮਸੀਤਾਂ। ਸਭ ਇਸੇ ਦੀ ਖਾਤਿਰ। ਵਿਆਹ ਤੋਂ ਬਾਰ੍ਹਾ ਸਾਲਾ ਬਾਅਦ ਜੰਮਿਆ ਸੀ ਇਹ। ਖੂਹੀ ਜਾਲ ਪਾਉਂਦੀ ਰਹੀ ਵਿਚਾਰੀ। ਤੁਸੀਂ ਦੱਸੋ ਕੌਣ ਨਹੀਂ ਕਰਦਾ ਇੰਜ ? ਹੱਥ ਪੈਰ ਤਾਂ ਹਰ ਕੋਈ ਮਾਰਦਾ।

ਇਸੇ ਗੱਲ ਤੋਂ ਮਿਸ਼ਰੇ ਦੀ ਗੱਲ ਯਾਦ ਆ ਗਈ। ਕਮੀਨਾ ਕਹਿੰਦਾ ਸੀ, "ਦੇਖ ਚਾਚਾ ਸਿੰਹਾ। ਤਰੱਕੀ ਕੋਈ ਮਾੜੀ ਗੱਲ ਤਾਂ ਨਹੀਂ। ਬਿੰਦਰ ਆਪਣਾ ਅੱਗੇ ਵੱਧਣਾ ਚਾਹੁੰਦਾ। ਹੱਥ ਪੈਰ ਤਾਂ ਫਿਰ...।"

"ਖਲੋਈਂ ਜ਼ਰਾ।"

ਮੈਂ ਚੁੱਪ ਕਰਾ ਦਿੱਤਾ ਸੀ ਉਸਨੂੰ।

"ਪਹਿਲਾਂ ਤਾਂ ਇਹ ਦੱਸ ਮੈਂ ਤੇਰਾ ਚਾਚਾ ਕਿੱਧਰੋਂ ਹੋਇਆ।"

"ਕਿਆ ਗੱਲਾਂ ਕਰਦਾ ਹੈ ਚਾਚਾ। ਇਹ ਕੋਈ ਪੁੱਛਣ ਵਾਲੀ ਗੱਲ ਏ।"

"ਹਾਂ ਹੈ ਪੁਛਣ ਵਾਲੀ। ਓਏ ਪੂਪਨਿਆਂ ਤੁਹਾਡੀ ਕੌਮ ਤਾਂ ਸਕੇ ਪਿਉ ਦੀ ਨਹੀਂ ਬਣਦੀ ਸਾਡਾ ਕੀ ਲੱਗਦਾ ਤੂੰ ? ਮੈਨੂੰ ਤੁਰਦਾ ਨਜ਼ਰੀਂ ਪੈ ਇੱਥੋਂ। ਬਰਬਾਦ ਕਰਕੇ ਰੱਖ 'ਤਾ।"

"ਥੁੱਕ ਲਾ ਕੇ ਨੋਟ ਗਿਣੇ ਨੇ ...ਮੈਂ ਤਾਂ ਨਹੀਂ ਸੀ ਕਿਹਾ ਕਿ ਤੂੰ ....।"

ਉਹ ਗਲੀ ਦੇ ਮੋੜ ਤੀਕ ਬੋਲਦਾ ਗਿਆ।

"ਤੂੰ ਦਸ ਪੁਛਿਆ ਕਿਸਨੂੰ ਸੀ ?"

ਮੈਂ ਬਿੰਦੂ ਦੁਆਲੇ ਹੋ ਗਿਆ।

"ਕੀ ਪੁਛਦਾ... ਮੈਂ ਕੁਝ ਗਵਾਇਆ ਤਾਂ ਨਹੀਂ। ਮੈਂ ਕੁਝ ਕਰਨਾ ਚਾਹੁੰਦਾ...।" ਬਿੰਦੂ ਦਾ ਕੇਂਦਰ ਬਿੰਦੂ ਹਿੱਲ ਗਿਆ ਸੀ।

"ਛਣਕਣਾ ਕਰਨਾ ਤੂੰ ? ਕਰਨ ਵੇਲੇ ਤਾਂ ਤੈਥੋਂ ਹੋਇਆ ਕੁਝ ਨਾ। ਕਰਤੂਤਾ ਪਤਾ ਨਾ ? ਬੀ.ਏ. ਤੈਥੋਂ ਕਰ ਨਾ ਹੋਈ। ਹੁਣ ਪਤਾ ਨਹੀਂ....।"

ਮੇਰੀਆਂ ਅੱਖਾਂ ਅੱਗੇ ਉਹ ਪੁਰਾਣੀਆਂ ਘਟਨਾਵਾਂ ਰੀਲ ਵਾਂਗ ਚੱਲਣ ਲੱਗੀਆਂ।

ਬੀ.ਏ. ਦੇ ਆਖਰੀ ਸਾਲ 'ਚ ਸੀ ਇਹ।

ਪੁੱਠੀ ਬਹਿਣੀ ਬਹਿ ਗਿਆ। ਕਾਲਜ 'ਚ ਕਿਸੇ ਮੁੰਡੇ ਦਾ ਸਿਰ ਪਾੜ ਦਿੱਤਾ ਸੀ ਇਹਨੇ। ਛੇ ਮਹੀਨੇ ਰੱਫੜ ਪਿਆ ਰਿਹਾ। ਥਾਣੇ-ਬਥਾਣੇ ਥੱਕੇ ਖਾਧੇ ਤੇ ਲੱਗਾ ਲਗਾਇਆ ਵਾਧੂ ਦਾ। ਸੌ ਸਿਆਪਿਆਂ ਨਾਲ ਮਾਮਲਾ ਸੈਟ ਕੀਤਾ। ਬਿੰਦੂ ਦੇ ਪੱਕੇ ਪੇਪਰ ਵਿੱਚੇ ਰਹਿ ਗਏ। ... ਤੇ ਵਿੱਚੇ ਰਹਿ ਗਏ ਮੇਰੇ ਸੁਪਨੇ।

"ਤੂੰ ਸੁਪਨੇ ਤਾਂ ਨਹੀਂ ਦੇਖੀ ਜਾਂਦਾ ਓਏ ਬਿੰਦੂਆ।"

ਮੈਂ ਹੈਰਾਨ ਸਾਂ ਉਸ ਦਿਨ।

ਬਿੰਦੂ ਸ਼ਹਿਰੋਂ ਮੁੜਿਆ ਸੀ। ਝੋਲੇ 'ਚ ਮੀਟ ਤੇ ਦਾਰੂ ਦੀ ਬੋਤਲ। ਚੁਲ੍ਹੇ ਉਤੇ ਸੀਟੀਆਂ ਵੱਜ ਗਈਆਂ। ਅਸੀਂ ਦਿਨ ਰਹਿੰਦਿਆਂ ਹੀ ਪੀਣ ਬੈਠ ਗਏ।

"ਬਿੰਦਰ ਸਿੰਹਾ। ਅੱਜ ਕਾਹਦਾ ਖੁਸ਼ਾ ਚੜ੍ਹ ਗਿਆ ?" ਮੈਂ ਪੁੱਛਿਆ।

"ਖੁਸ਼ਾ ਕਾਹਦਾ ਬਾਪੂ। ਮੈਂ ਕਿਹਾ ਤੇਰਾ ਚਿੱਤ ਕਰਦਾ ਹੋਊ।"

"ਅੱਛਿਆ। ਮੇਰੇ ਚਿੱਤ ਦਾ ਬਹੁਤ ਖ਼ਿਆਲ ਏ ਤੈਨੂੰ।"

"ਹੋਰ ਕੀ ਤੇਰੇ ਵਰਗੇ ਬਾਪੂ ਰੋਜ਼-ਰੋਜ਼ ਲੱਭਦੇ ਨੇ ਕਿਤੇ।"

ਅਸੀਂ ਪੀਂਦੇ ਰਹੇ। ਖਾਂਦੇ ਰਹੇ। ਬਿੰਦੂ ਫੇਰ ਤਬਸਰਾ ਕਰਨ ਲੱਗਿਆ।

"ਪੰਜਾਹ ਰੁਪਈਆਂ ਵਾਲਾ ਅੰਬ ਖਾਏਗਾ ਬਾਪੂ ?"

"ਹਾਂ ਲਿਆ। ਲੈ ਕੇ ਆਇਆ ? ਖਾ ਲੈਨੇ ਆਂ। ਧਰਮਰਾਜ ਨੂੰ ਦੱਸਣ ਵਾਲੇ ਤਾਂ ਬਣਾਂਗੇ।"

ਮੈਂ ਮੂੰਹ ਸੰਵਾਰ ਲਿਆ।

"ਐਨਾ ਤੱਤਾ ਨਾ ਹੋ ਬਾਪੂ। ਅੱਛਾ ਜੁੱਤੀਆਂ ਵਾਲੀ ਦੁਕਾਨ ਤੋਂ ਭੁਜੀਆ ਖ਼੍ਰੀਦਿਆ ਕਰੇਗਾ ?"

"ਫੇਰ ਰਮਾਇਣ ਲੱਗ ਪਿਆ ਏ ਸੁਣਾਉਣ। ਕਿੱਥੇ ਐ ਇਹੋ ਜਿਹੀ ਦੁਕਾਨ। ਲਿਆ ਹੁਣੇ ਲਿਆਉਂਦਾ।"

ਮੈਂ ਜੁੱਤੀ ਪਾ ਲਈ।

"ਨਾ ਅੱਜ ਨਹੀਂ ਖਾਣਾ ਭੁੱਜੀਆ। ਬਹਿ ਜਾ ਤੂੰ।"

"ਅੱਛਿਆ ਨਹੀਂ ਖਾਂਦੇ। ਪਰ ਦਿਖਾ ਤਾਂ ਦੇ ਉਹ ਦੁਕਾਨ।"



"ਸਾਹਮਣੇ ਦੇਖ।"

"ਸਾਹਮਣੇ ਕਿੱਥੇ ?"

"ਉਹ ਸੜਕ ਦੇ ਦੂਜੇ ਪਾਸੇ।"

"ਉਧਰ ਤਾਂ ਖਾਲੀ ਵੱਢ ਨੇ। ਉਹ ਪਰ੍ਹਾਂ ਦੋ ਅੰਬ ਹੁੰਦੇ ਸੀ। ਉਥੇ ਤਾਂ ਹੈਨ੍ਹੀ ਕੁਝ।"

"ਦਿਸਦਾ ਨਹੀਂ ਤੈਨੂੰ ? ਬਾਪੂ ਅੰਤਰ ਦ੍ਰਿਸ਼ਟੀ ਹੈ ਨੀ ਤੇਰੀ। ਚੱਲ ਦਿਸ ਜਾਊ ਕੋਈ ਨਾ।"

"ਤੈਨੂੰ ਦਿੱਸਦੀ ਹੈ ?"

"ਹਾਂ ਬਹੁਤ ਦਿਨਾਂ ਤੋਂ ਦਿਸਦੀ।"

"ਅੱਛਿਆ। ਚੱਲ ਮੈਨੂੰ ਵੀ ਦੱਸ ਦਈ। ਮੈਂ ਭੁਜੀਆ ਲਿਆਊ। ਨਾਲੇ ਬੂਟ। ਨਾਲੇ ਪਾਜਾਮਾ। ਨਾਲੇ ਅੰਬ।"

"ਬਹੁਤ ਅੱਛੇ। ਤੂੰ ਪਰਵਾਹ ਨਾ ਕਰ ਮੈਂ ਕਿਹਾ।"

"ਅੱਛਾ ਇਹ ਬੰਤ ਸ਼ਾਹ ਦੀ ਹੱਟੀ ਜਿੰਨੀ ਹੋਊ ਕਿ ਨਹੀਂ।"

"ਲੈ ਤੂੰ ਤਾਂ ਭੋਲੀਆਂ ਗੱਲਾਂ ਕਰਦਾ ਬਾਪੂ। ਕਿੱਥੇ ਬੰਤ ਦੀ ਹੱਟੀ ਤੇ ਕਿੱਥੇ ਇਹ। ਇਹ ਤਾਂ ਬੰਤ ਤੋਂ ਦਸ ਗੁਣਾ ਵੱਡੀ ਹੋਊ।"

"ਹਲਾ! ਇੰਨ ਵੱਡੀ ?"

"ਹੋਰ ਬੰਤ ਦੀ ਹੱਟੀ ਤਾਂ ਲੱਭਣੀ ਨਹੀਂ ਕਿਤੇ।"

"ਹੈਂ। ਫਿਰ ਉਹ ਕਿੱਥੇ ਜਾਊ ? ਉਹਨੂੰ ਤਾਂ ਵੀਹ ਵਰ੍ਹੇ ਹੋ ਗਏ ਹੱਟੀ ਕਰਦਿਆਂ।"

"ਇਹੀ ਤਾਂ ਗੱਲਾਂ ਨੇ ਬਾਪੂ। ਵਿਸ਼ਵ ਪਿੰਡ। ਸਾਇੰਸ। ਤਰੱਕੀ। ਬਿਜ਼ਨੈਸ।"

"ਮੈਂ ਨਹੀਂ ਸਮਝਿਆ।"

"ਭੋਲਾ ਏ ਤੂੰ ਤਾਂ। ਚੱਲ ਬਾਪੂ ਤੂੰ ਕੀ ਲੈਣਾ। ਇਹ ਵੱਡੇ ਪੱਧਰ ਦੀਆਂ ਗੱਲਾਂ ਨੇ।"

ਪਰ ਜਨਾਬ ਪੱਧਰ ਤਾਂ ਸਾਰੇ ਸਮਝ ਗਿਆ ਸੀ ਮੈਂ। ਐਵੇਂ ਤਾਂ ਨੀਂ ਮਿਲਖਾ ਸਿਹੁੰ ਕਾਨੂੰਨੀ ਆਖਦੇ ਲੋਕ ਮੈਨੂੰ। ਲੈ ਦੱਸ...ਕਾਨੂੰਨੀ ਦੀ ਵੀ ਕਾਹਦੀ ਕਹਾਣੀ ਸਰਦਾਰ ਸਾਬ੍ਹ।

ਪਿੰਡ ਸਾਡੇ ਢੀਂਗਰਿਆਂ ਦਾ ਟੱਬਰ ਏ। ਵੱਟ ਸਾਂਝੀ ਏ ਖੇਤ ਦੀ ਸਾਡੀ ਉਨ੍ਹਾਂ ਨਾਲ। ਪਤਾ ਨਹੀਂ ਸਾਲੇ ਕੀ ਫੰਨੇ ਖਾਂ ਸਮਝਦੇ ਖ਼ੁਦ ਨੂੰ। ਉਨ੍ਹਾਂ ਦੀ ਵੱਟ ਦਿਨੋਂ ਦਿਨ ਮੇਰੇ ਵੱਲ ਨੂੰ ਖਿਸਕਦੀ ਆਵੇ। ਮੈਂ ਇੱਕ ਦਿਨ ਹਾਸੇ ਹਾਸੇ 'ਚ ਢੀਂਗਰਿਆ ਦੇ ਬੁੜੇ ਨੂੰ ਕਿਹਾ, "ਵੱਟ ਤੁਹਾਡੀ ਤੁਰਦੀ ਜਾਪਦੀ ਐ। ਦੇਖ ਲੈ ਕਿੱਥੋਂ ਕਿੱਥੇ ਆਗੀ।"

"ਨਾ-ਨਾ ਪਾਤਸ਼ਾਹ। ਕਾਹਨੂੰ। ਭੁਲੇਖਾ ਤੇਰਾ। ਵੱਟਾ ਵੀ ਕਦੇ ਤੁਰਿਆ ਕਰਦੀਆਂ ਨੇ...।"

ਸਾਲਾ ਮੂਰਖ ਅੱਗਿਓਂ ਝੇੜ੍ਹਾਂ ਕਰੇ। ਬਹੁਤ ਗੁੱਸਾ ਸੀ ਮੈਨੂੰ। ਪਰ ਮੈਂ ਸਬਰ ਕਰਿਆ। ਸੋਚਿਆ ਕਿਉਂ ਇਸ ਅੱਧੇ ਦਿਮਾਗ ਵਾਲੇ ਨਾਲ ਮਗਜ਼ ਮਾਰਨਾ। ਮੈਂ ਢੀਂਗਰਿਆਂ ਦੇ ਵੱਡੇ

ਮੁੰਡੇ ਨਾਲ ਗੱਲ ਕੀਤੀ। ਉਹ ਵੀ ਪੈਰਾਂ 'ਤੇ ਪਾਣੀ ਨਾ ਪੈਣ ਦੇਵੇ। ਮੈਂ ਸਮਝ ਗਿਆ ਕਿ ਇਹ ਇਉਂ ਨਾ ਮੰਨੇ।

ਮੈਂ ਪਟਵਾਰੀ ਦੇ ਜਾ ਪੇਸ਼ ਹੋਇਆ। ਪੈਸੇ ਖਰਚੇ। ਪਟਵਾਰੀ ਦਾ ਢਿੱਡ ਭਰਿਆ। ... ਤੇ ਫੜ ਲਿਆ ਫੀਤਾ। ਗਿਣਤੀ-ਮਿਣਤੀ ਕਰਕੇ ਇਹ ਜੰਗ ਜਿੱਤੀ।

"ਦੇਖ ਲੈ ਭਾਊ! ਇਉਂ ਤੁਰਿਆ ਕਰਦੀ ਐ ਵੱਟ। ਆਹ ਦੇਖ ਲੈ।"

ਮੇਰਾ ਡੇਢ ਕਰਮਾਂ ਥਾਂ ਨਿਕਲ ਆਇਆ।

"ਤੂੰ ਕਿਹੜੀਆਂ ਗਿਣਤੀਆਂ-ਮਿਣਤੀਆਂ 'ਚ ਪੈ ਗਿਆ ਮਿਲਖਾ ਸਿੰਹਾ। ਜੇ ਕੋਈ ਕਾਰ ਕਣ ਸੀ ਤਾਂ ਮੈਨੂੰ ਦੱਸਦਾ।"

"ਦੱਸਿਆ ਸੀ ਮੈਂ ਭਾਊ! ਕਿਸੇ ਨਹੀਂ ਸੁਣੀ ਮੇਰੀ। ਫਿਰ ਮੈਂ ਤਾਂ ...।"

ਕੋਈ ਹੋਰ ਜੱਟ ਹੁੰਦਾ ਤਾਂ ਸਿਰ ਪੈਰ ਪੜਵਾਈ ਫਿਰਦਾ। ਮੈਂ ਤਾਂ ਕਾਨੂੰਨੀ ਲੜਾਈ ਲੜੀ। ਜਿੱਤ ਵੀ ਹਾਸਿਲ ਕੀਤੀ।

ਪਰ ਦੂਜੀ ਜੰਗ ਹਾਰ ਗਿਆ ਸੀ ਮੈਂ ਜਨਾਬ ਲੱਕ ਤੋੜ ਸੁਟਿਆ ਬਿੰਦੂ ਨੇ ਮੇਰਾ। ਮੈਂ ਸ਼ਹਿਰੋਂ ਮੁੜਿਆ ਸਾਂ। ਸ਼ਿੰਗਾਰੇ ਦੇ ਘੜੁਕੇ ਤੋਂ ਉਤਰਿਆ ਤਾਂ ਮੇਰੀ ਨਜ਼ਰ ਅਚਾਨਕ ਅੰਬਾਂ ਵਾਲੇ ਖੇਤ ਵੱਲ ਗਈ। ਉਥੇ ਤਾਂ ਜਨਾਬ ਇੱਟਾਂ ਦੇ ਢੇਰ ਲੱਗੇ ਪਏ। ਕਿੱਧਰੇ ਬੱਜਰੀ ਪਈ। ਕਿੱਧਰੇ ਰੇਤਾ। ਮੈਂ ਤਾਂ ਹੈਰਾਨ। ਦੋ ਕੁ ਭਈਏ ਜਿਹੇ ਫੀਤਾ ਫੜ ਕੇ ਭੱਜੇ ਫਿਰਨ। ਮੈਨੂੰ ਤਾਂ ਕੁਝ ਔੜੇ-ਸੁਝੇ ਨਾ। ਹੌਲੀ-ਹੌਲੀ ਪੈਰ ਪੁੱਟਦਾ ਮੈਂ ਉਹਨਾਂ ਕੋਲ ਜਾ ਖੜ੍ਹਿਆ।

"ਅਫਸਰੋਂ। ਆਹ ਕੀ ਗਿਣਤੀਆਂ-ਮਿਣਤੀਆਂ ਕਰੀ ਜਾਂਦੇ ਜੇ?"

ਇੱਕ ਕੋਟ ਵਾਲੇ ਬਾਊ ਨੂੰ ਮੈਂ ਪੁਛਿਆ।

"ਗਿਣਤੀਆਂ ਕਾਹਦੀਆਂ ਕਰਨੀਆਂ ਬਾਬਾ। ਇੱਥੇ ਸਾਪਿੰਗ ਮਾਅਲ ਬਣਨਾ। ਆਹ ਇੰਜੀਨੀਅਰ ਸਾਬ੍ਹ ਆਏ। ਹਿਸਾਬ ਕਿਤਾਬ....।"

"ਕੀ ਬਣਾਉਣਾ ਬਾਊ ਜੀ?"

ਮੈਨੂੰ ਜਿਵੇਂ ਕੁਝ ਸਮਝ ਨਹੀਂ ਸੀ ਲੱਗੀ।

"ਬਾਬਾ ਜੀ ਇਹ ਤਾਂ ਨਵੇਂ ਯੁੱਗ ਦੀਆਂ ਗੱਲਾਂ ਨੇ। ਮੈਂ ਦੱਸਦਾ। ਇੱਥੇ ਉਹ ਦੁਕਾਨ ਬਣਨੀ ਹੈ ਜਿਹਦੇ 'ਚ ਇੱਕ ਛੱਤ ਥੱਲੇ ਸਾਰਾ ਕੁੱਝ ਮਿਲਿਆ ਕਰੂੰ। ਕਰਿਆਨੇ ਦਾ ਸਮਾਨ। ਕੱਪੜਾ ਲੱਤਾ। ਵਿੱਚੇ ਤਾਜ਼ੀਆਂ ਸ਼ਬਜ਼ੀਆਂ। ਤਾਜ਼ੇ ਫਲ। ਗੱਲ ਕਾਹਦੀ ਸਾਰਾ ਕੁਝ।"

ਸੁਣ ਕੇ ਮੇਰੇ ਅੰਦਰ ਜਿਵੇਂ ਰੁੱਗ ਭਰਿਆ ਗਿਆ।

"ਹਲਾ! ਆਹ ਤਾਂ ਸ਼ਹਿਰ ਖੜ੍ਹਾ। ਪੰਗਾ ਤੁਸੀਂ ਇੱਥੇ ਲਈ ਜਾਂਦੇ ਓ ਪਿੰਡ 'ਚ।"

"ਨਾ ਬਾਬਾ ਜੀ! ਆਹ ਹੈਗਾ ਜੇ ਮੇਨ ਰੋਡ। ਡੇਢ ਕਿਲੋਮੀਟਰ ਸ਼ਹਿਰ ਏ। ਦੋ ਵਰ੍ਹੇ ਹੋਰ ਡੀਕ ਲਓ। ਸ਼ਹਿਰ ਇੱਧਰ ਨੂੰ ਭੱਜਾ ਆਉਂਦਾ ਤੇ ਪਿੰਡ ਉੱਧਰ ਨੂੰ ਭੱਜਾ ਜਾਂਦਾ। ਮੇਰਾ ਮਤਲਬ ਸਭ ਆਪਸ ਵਿਚ ਰਲ ਮਿਲ ਜਾਣਾ। ਇੱਥੇ ਜਗ੍ਹਾ ਖਾਲੀ ਹੈ। ਕੋਈ ਪਾਰਕਿੰਗ ਦੀ ਮੁਸ਼ਕਿਲ ਨਹੀਂ। ਅਜੇ ਤਾਂ ਇੱਥੇ ਮਲਟੀਕੰਪਲੈਕਸ ਬਣਾਉਣਾ ਭਵਿੱਖ 'ਚ।"



"ਆਹ ਕੀ ਬਲਾ ਹੁੰਦੀ ਅਫਸਰੋ।"

"ਇਹ ਨਵੀਂ ਕਿਸਮ ਦਾ ਸਿਨੇਮਾ ਹੁੰਦਾ। ਖੁਲ੍ਹ ਜਾਣ ਦੇ ਫੇਰ ਪਤਾ ਲੱਗੂ।"

ਪਤਾ ਤਾਂ ਜਨਾਬ ਮੈਨੂੰ ਸਾਰਾ ਲੱਗ ਗਿਆ ਸੀ।

"ਆਹ ਜ਼ਮੀਨ ਕਿੰਨ੍ਹੇ ਵੇਚੀ ਤੁਹਾਨੂੰ?"

"ਵੇਚਣੀ ਕਿਨ੍ਹੇ ਸੀ ਬਾਬਾ..... ਮਾਲਕਾਂ ਨੇ ਵੇਚੀ....। ਸਾਹਮਣੇ ਉਹ ਘਰ ਏ ਨਾ ਸਰਦਾਰ ਬਲਵਿੰਦਰ ਸਿੰਘ ਨੇ.....।"

"........"

"ਤੂੰ ਕਿੱਥੇ ਰਹਿੰਦਾ ਬਾਬਾ?"

"ਉਸੇ ਸਾਹਮਣੇ ਘਰ।"

"ਮਤਲਬ।"

"ਪਿਓ ਆਂ ਮੈਂ ਬਲਵਿੰਦਰ ਦਾ।"

"ਹੈਂ। ਫੇਰ ਕਿਉਂ ਪੁਛਦਾ? ਤੈਨੂੰ ਨਹੀਂ ਪਤਾ.....।"

"ਚਲ ਛੱਡ ਅਫਸਰਾ। ਜਲ ਪਾਣੀ ਦੀ ਸੇਵਾ ਦੱਸ।"

"ਬਸ ਬਾਬਾ ਜੀ! ਚੜ੍ਹਦੀ ਕਲਾ।"

ਪਰ ਮੇਰੀ ਢਹਿੰਦੀ ਕਲਾ ਸ਼ੁਰੂ ਹੋ ਗਈ ਸੀ। ਮੇਰਾ ਸਰੀਰ ਝੂਠਾ ਪੈ ਗਿਆ। ਪੈਰ ਪੁਟਦਾ ਮੈਂ ਘਰ ਪਹੁੰਚਿਆ। ਵਿਹੜੇ ਵਿਚ ਮਿਸ਼ਰਾ ਬੈਠਾ ਸੀ 'ਮਿਸ਼ਰਾ ਪ੍ਰਾਪਰਟੀ ਸਲਾਹਕਾਰ' ਵਾਲਾ। ਮੈਂ ਸਾਰੀ ਕਹਾਣੀ ਸਮਝ ਗਿਆ। ਜ਼ਮੀਨ ਦਾ ਸੌਦਾ ਉਸੇ ਨੇ ਕਰਵਾਇਆ ਸੀ।

"ਆਹ ਕੀ ਕੀਤਾ ਓਏ! ਜ਼ਮੀਨ...।"

ਮੇਰੀ ਗੱਲ ਪੂਰੀ ਨਹੀਂ ਸੀ ਹੋਈ ਕਿ ਵਿੱਚੇ ਮਿਸ਼ਰਾ ਬੋਲ ਪਿਆ। ਉਹ ਤਰੱਕੀ ਦੇ ਅਰਥ ਸਮਝਾਉਣ ਲੱਗਾ। ਬਿੰਦੂ ਮਹਾਰਾਜ ਦੀ ਸੋਚ ਦੀਆਂ ਗਵਾਹੀਆਂ ਭਰਨ ਲੱਗਾ। ਮੈਂ ਉਹਨੂੰ ਤਾਂ ਘਰੋਂ ਕੱਢ ਦਿੱਤਾ ਪਰ ਅਸਲੀ ਗੁੱਸਾ ਤਾਂ ਬਿੰਦੂ 'ਤੇ ਸੀ। ਬਿੰਦੂ ਤਾਂ ਸਮਝਦਾ ਸੀ, ਉਸਨੇ ਜਿਵੇਂ ਮਹਾਨ ਕੰਮ ਕੀਤਾ ਹੋਵੇ। ਮਹਿੰਗੇ ਮੁੱਲ ਜ਼ਮੀਨ ਵੇਚ ਕੇ ਵੱਟੇ ਪੈਸਿਆਂ ਦੇ ਪਲਾਟ ਖ੍ਰੀਦੇ ਨੇ ਸ਼ਹਿਰ। ਜਿਨ੍ਹਾਂ ਦਾ ਮੁੱਲ ਦਿਨਾਂ ਵਿਚ ਹੀ ਦੂਣ ਸਵਾਈ ਹੋ ਜਾਣਾ।

"ਪਰ ਤੂੰ ਪੁਛਿਆ ਕਿਸਨੂੰ ਸੀ? ਕਿੱਦਣ ਦੀ ਦਿਸਦੀ ਪਈ ਸੀ ਤੈਨੂੰ ਇਹ ਨਵੇਂ ਯੁੱਗ ਦੀ ਹੱਟੀ...।"

ਮੇਰਾ ਗੱਚ ਭਰ ਆਇਆ।

"ਦੇਖ ਬਾਪੂ ਆਹ ਭਾਅ ਕਿਤੇ ਨਹੀਂ ਸੀ ਮਿਲਣਾ। ਪੈਸੇ ਕਿਤੇ ਰੋੜ ਤਾਂ ਨਹੀਂ ਦਿੱਤੇ ਮੈਂ। ਫੇਰ ਸਾਪਿੰਗ ਮਾਅਲ ਵਾਲੇ ਨੌਕਰੀ ਵੀ ਦੇਣਗੇ ਮੈਨੂੰ। ਖੇਤੀ 'ਚੋਂ ਕੀ ਨਿਕਲਦਾ। ਅੱਗੇ ਦਾ ਵੀ ਸੋਚਣਾ ਪੈਂਦਾ...।"

"ਭੁੱਖਾ ਮਰਦਾ ਸੀ ਤੂੰ।"

"ਬਾਪੂ ਰੋਟੀ ਖਾ ਕੇ ਢਿੱਡ 'ਤੇ ਹੱਥ ਫੇਰ ਲੈਣਾ ਹੀ ਬਹੁਤ ਕੁਝ ਨਹੀਂ ਹੁੰਦਾ। ਤਰੱਕੀ ਕਰਨ ਲਈ ਬਹੁਤ ਕੁਝ...।"

"ਕਰ ਲੈ ਫਿਰ ਤੂੰ ਜੋ ਕਰਨਾ.....।"

ਮੇਰਾ ਤਾਂ ਜਿਵੇਂ ਹੌਸਲਾ ਪਸਤ ਹੋ ਗਿਆ ਜਨਾਬ। ਉਧਰ ਮਾਅਲ ਵਾਲਿਆ ਦਿਨਾਂ 'ਚ ਹੀ ਬਿਲਡਿੰਗ ਖੜ੍ਹੀ ਕਰ ਦਿੱਤੀ। ..... ਤੇ ਖੋਲ੍ਹ ਦਿੱਤੀ ਨਵੇਂ ਜ਼ਮਾਨੇ ਦੀ ਹੱਟੀ। ਵਿਹੜੇ 'ਚੋਂ ਦਿੱਸਦਾ ਸੀ ਸਭ ਕੁਝ। ਮੇਰੇ ਕਾਲਜੇ ਨੂੰ ਹਾਉਂਲ ਪੈਂਦੇ। ਬਿੰਦੂ ਲੱਗ ਗਿਆ ਉਹਨਾਂ ਦੀ ਚਾਕਰੀ। ਵੇਲੇ ਸਿਰ ਸੂਟ ਬੂਟ ਕਸ ਕੇ ਤੁਰ ਪੈਂਦਾ ਘਰ ਤੋਂ। ਤਕਾਲੀਂ ਉੱਥੋਂ ਆ ਕੇ ਉਥੋਂ ਵਾਲੀ ਅੰਗਰੇਜ਼ੀ ਘਰੇ ਝਾੜਦਾ ਰਹਿੰਦਾ।

ਮੈਨੂੰ ਪਛਤਾਵਾ ਖਾਂਦਾ।

ਜਿਉਂਦੀ ਜਾਨੇ ਕਿਉਂ ਮੈਂ ਜ਼ਮੀਨ ਬਿੰਦੂ ਦੇ ਨਾਮ ਕੀਤੀ ਸੀ। ਖੂਹ ਤਾਂ ਖ਼ੁਦ ਪੁੱਟਿਆ ਸੀ ਮੈਂ। ਮੈਨੂੰ ਰਹਿੰਦੇ ਦੋ ਕਿੱਲਿਆਂ ਦਾ ਖੌਫ਼ ਖਾਂਦਾ।

"ਕਿਤੇ ਨਵੇਂ ਜੁੱਗ ਦਾ ਸਿਨੇਮਾ।"

ਮੈਂ ਕੰਬ ਜਾਂਦਾ।

ਫਿਰ ਮੈਂ ਇਹਦਾ ਹੱਲ ਕੱਢਿਆ। ਨੰਬਰਦਾਰ ਨੂੰ ਨਾਲ ਲੈ ਕੇ ਨਵੀਂ ਵਸੀਅਤ ਬਣਾਈ। ਥੋੜੀ ਤਸੱਲੀ ਹੋਈ। ਪਰ ਮੇਰਾ ਮਨ ਨਹੀਂ ਸੀ ਲੱਗਦਾ ਕਾਸੇ 'ਚ। ਬਿੰਦੂ ਆਪਣੀ ਨੌਕਰੀ ਤੁਰ ਜਾਂਦਾ ਤੇ ਮੈਂ ਪਿਛੇ ਸਾਰਾ ਦਿਨ ਵਿਹਲਾ ਸੋਚਾਂ ਵਿਚ ਉਲਝਿਆ ਰਹਿੰਦਾ। ਮਾਅਲ ਦੀ ਬਹੁ-ਮੰਜ਼ਿਲੀ ਇਮਾਰਤ ਨੂੰ ਘੂਰਦਾ। ਖਿਝਦਾ। ਕੁੜਦਾ। ਫਸਲ-ਬਾੜੀ ਵੱਲੋਂ ਧਿਆਨ ਹੱਟ ਗਿਆ ਸੀ ਮੇਰਾ। ਕਮਾਦ ਜਿਉਂ ਦਾ ਤਿਉਂ ਹੀ ਖੜਾ ਸੀ।

ਇੱਕ ਗੱਲ ਮੇਰੇ ਮਨ 'ਚ ਆਈ।

ਸੋਚਿਆ... ਇੱਥੇ ਕਿਹੜਾ ਸੰਘਾ ਫਾਰਮ ਏ ਸਾਡਾ। ਦੋ ਕਨਾਲਾਂ ਥਾਂ ਹੈ। ਕਿਉਂ ਨਾ ਬੂਹੇ ਅੱਗੇ ਵੇਲਣਾ ਲਗਾ ਲਵਾਂ।

ਮੈਂ ਜਨਾਬ ਰੋਹ ਕੱਢਣੀ ਸ਼ੁਰੂ ਕਰ ਦਿੱਤੀ।

ਸੜਕ ਬਹੁਤ ਵੱਗਦੀ। ਬਹੁਤ ਗਾਹਕ ਆਉਂਦੇ।

ਪਰ ਇੱਕ ਦਿਨ ਇਹਦੇ 'ਚ ਵੀ ਝੱਜੂ ਪੈ ਗਿਆ।

ਬਿੰਦੂ ਚਿੜਣ ਲੱਗਿਆ ਸੀ ਇਸ ਕੰਮ ਤੋਂ।

"ਬਾਪੂ ਆਹ ਕੁੱਤ-ਖਾਨਾ ਜਿਹਾ ਬੰਦ ਕਰਦੇ। ਅੰਦਰ ਵੀ ਤਾਜ਼ਾ ਜੂਸ ਮਿਲਦਾ। ਕਾਣੇ ਗੰਨੇ ਪੀੜ-ਪੀੜ ਦੇਈ ਜਾਂਦਾ। ਲੋਕ ਬਿਮਾਰ ਨਾ ਕਰਦੀ। ਦੋ ਪ੍ਰਸ਼ਾਦੇ ਛਕਿਆ ਕਰ ਤੇ ਰਾਮ-ਰਾਮ ਜਪਿਆ ਕਰ।"

"ਅੱਛਿਆ! ਬੜਾ ਸਾਊ ਪੁੱਤ ਏ ਤੂੰ ਤਾਂ, ਜਾਂ ਨਹੀਂ ਕਰਦਾ ਮੈਂ ਬੰਦ। ਲਾਹ ਲਿਓ ਜਿਹੜਾ ਸੜਕ ਤੋਂ ਟਾਂਗਾ ਲਾਹੁਣਾ ਹੋਇਆ। ਤੂੰ ਤੇ ਤੇਰੇ ਮਾਅਲ ਵਾਲੇ। ਸਾਲੇ ਠੱਗ।"

ਹਾਂ ਜੀ ਜਨਾਬ ਠੱਗ ਨਹੀਂ ਤਾਂ ਹੋਰ ਕੀ। ਮੈਂ ਨਹੀਂ ਜੇ ਡਰਦਾ ਕਿਸੇ ਤੋਂ। ਬਿੰਦੂ ਮਹਾਰਾਜ ਨੂੰ ਵੀ ਟਿੱਚ ਜਾਣਦਾ। ਕੰਜਰ ਪੂੰਛ ਹਿਲਾਉਂਦਾ ਰਹਿੰਦਾ ਸਾਰਾ ਦਿਨ। ਡੱਬੂ ਨਾਲੋਂ ਵੀ ਗਿਆ ਗੁਜ਼ਰਿਆ। ਹਾਏ ਮਾਲਕਾ! ਕਿੱਥੋਂ ਯਾਦ ਆ ਗਿਆ ਅੱਜ ਡੱਬੂ। ਮੇਰੇ ਨਾਲ ਤਾਂ ਜੀ ਡੱਬੂ ਨਾਲੋਂ ਵੀ ਭੈੜੀ ਹੋਈ ਸੀ। ਬੱਸ ਕਹਿ ਲਓ ਤਪ ਤੇਜ਼ ਸੀ ਮੇਰਾ। ਹੁਣ ਪੁੱਛੋਗੇ ਕਿ ਡੱਬੂ ਨਾਲ ਕੀ ਹੋਇਆ।

ਉਸ ਦਿਨ ਪੁੰਨਿਆ ਸੀ ਜਿਸ ਦਿਨ ਮੇਰਾ ਚੰਨ ਡੁਬਿਆ। ਤਕਾਲੀਂ ਪਈ



ਗੋਇੰਦਵਾਲ ਤੋਂ ਮੁੜਿਆ ਸਾਂ ਮੈਂ। ਵੇਖਿਆ, ਨਾ ਮੇਰਾ ਵੇਲਣਾ। ਨਾ ਇੰਜਣ। ਨਾ ਮੇਜ਼ ਨਾ ਦੂਜਾ ਨਿੱਕ ਸੁਕ। ਮੈਂ ਤਾਂ ਦੇਖਾ ਜਿਵੇਂ ਗੂੰਗੀ ਯੱਕੇ ਵੱਲ ਦੇਖਦੀ। ਰਾਣੀ ਨੂੰ ਪੁਛਿਆ। ਮੂੰਹ ਜਿਹਾ ਸੰਵਾਰ ਕੇ ਕਹਿੰਦੀ ਅਖੇ ਉਹ ਤਾਂ ਬਿੱਲੇ ਦੇ ਪਾਪਾ ਨੇ ਚੁਕਾ ਦਿੱਤਾ ਕਿਸੇ ਨੂੰ। ਮੈਨੂੰ ਇੱਕ ਆਵੇ ਤੇ ਇੱਕ ਜਾਵੇ। ਮੈਂ ਨਿੰਮ ਥੱਲੇ ਬੈਠਾ ਸਾਂ। ਡੱਬੂ ਆ ਕੇ ਮੇਰੇ ਪੈਰਾਂ 'ਚ ਲੇਟਣੀਆਂ ਲੈਣ ਲੱਗਿਆ।

"ਇਹਨਾਂ ਨਾਲੋਂ ਤਾਂ ਆਹੀ ਚੰਗਾ....।"

ਮੈਂ ਮਨ ਵਿਚ ਸੋਚਿਆ।

ਬਸ ਦੋ ਦਿਨ ਹੀ ਲੰਘੇ ਸੀ ਕਿ ਵਿਚਾਰਾ ਡੱਬੂ ਮਰ ਗਿਆ।

ਤੁਸੀਂ ਕਹੋਗੇ ਲਿਖਾਉਣ ਰਪਟ ਆਇਆ ਸੀ ਪਾ ਕੇ ਕਹਾਣੀਆਂ ਬਹਿ ਗਿਆ।

ਫਿਰ ਆਹ ਡੱਬੂ ਦਾ ਕੀ ਚੱਕਰ? ਇੱਥੇ ਹੀ ਤਾਂ ਘੁੰਡੀ ਏ। ਬੱਸ ਇਹੀ ਤਾਂ ਗੱਲ ਹੈ ਸਮਝਣ ਵਾਲੀ ਹੋਰ ਮੈਂ ਰਪਟ ਕਾਹਦੀ ਲਿਖਾਉਣੀ।

ਨਹੀਂ... ਨਹੀਂ...

ਡੱਬੂ ਮਰੇ ਦੀ ਰਪਟ ਥੋੜ੍ਹੀ ਲਿਖਾਉਣੀ। ਪਰ ਜਨਾਬ ਉਹ ਮੇਰੀ ਆਈ ਮਰਿਆ।

ਕਿਵੇਂ?

ਪਰਸੋਂ ਦੀ ਗੱਲ ਹੈ। ਰੋਟੀ ਲੱਗਾ ਸੀ ਮੈਂ ਖਾਣ। ਬੁਰਕੀ ਤੋੜੀ ਹੀ ਕਿ ਬਾਹਰੋਂ ਨੰਬਰਦਾਰ ਨੇ ਹਾਕ ਮਾਰ ਲਈ। ਮੈਂ ਨੰਬਰਦਾਰ ਨਾਲ ਗੱਲ ਨਬੇੜ ਕੇ ਮੁੜਿਆ ਤਾਂ ਦੇਖਿਆ... ਮੰਜੇ ਹੇਠ ਡੱਬੂ ਵਿਚਾਰਾ ਢੇਰੀ ਹੋਇਆ ਪਿਆ ਸੀ। ਮੂੰਹ 'ਚੋਂ ਝੱਗ ਨਿਕਲੇ। ਦਹੀਂ ਨਾਲ ਲਿਬੜਿਆ ਉਹਦਾ ਮੂੰਹ ਦੇਖ ਕੇ ਸਾਰੀ ਗੱਲ ਸਮਝ ਗਿਆ ਸੀ ਮੈਂ। ਡੱਬੂ ਨੂੰ ਭਾਂਡੇ-ਟੀਡੇਂ 'ਚ ਮੂੰਹ ਮਾਰਨ ਦੀ ਆਦਤ ਸੀ। ਬੱਸ ਉਹੀ ਆਦਤ। ਜਨਾਬ ਉਹ ਥਾਲੀ 'ਚ ਮੂੰਹ ਨਾ ਮਾਰਦਾ ਤਾਂ ਉਹ ਰੋਟੀ ਮੈਂ ਖਾਣੀ ਸੀ ਤੇ....।

ਹੁਣ ਸਮਝੇ ਨਾ ਮੇਰੀ ਗੱਲ।

ਬਿੰਦੂ ਮਹਾਰਾਜ ਦੀਆਂ ਚਾਲਾਂ ਨੇ ਇਹ।

ਮੈਂ ਫੜੀ ਬੱਸ ਤੇ ਪਹੁੰਚ ਗਿਆ ਕੁੜੀ ਕੋਲ ਪੱਖੋਪੁਰ, ਮਾਰਨਾ ਚਾਹੁੰਦੇ ਨੇ ਮੈਨੂੰ। ਪਰ ਕੋਈ ਨਾ। ਮੈਨੂੰ ਵੀ ਮਿਲਖਾ ਸਿਹੁੰ ਕਾਨੂੰਨੀ ਕਹਿੰਦੇ ਨੇ....। ਸਭ ਘੁੰਡੀਆਂ ਜਾਣਦਾ ਮੈਂ।

ਰਹਿੰਦੇ ਦੋ ਕਿੱਲੇ ਗੁਰਦੁਆਰੇ ਦੇ ਨਾਮ ਕਰਵਾਊਂ। ਬਿੰਦੂ ਨੇ ਕਿਹੜਾ ਮੜ੍ਹੀ 'ਤੇ ਦੀਵਾ ਬਾਲਣਾ। ਨਾਲੇ ਜਿਹੜੀ ਜ਼ਮੀਨ ਮੇਰੀ ਜਾਨ ਦਾ ਖੋਹ ਬਣੀ ਬੈਠੀ ਕੀ ਕਰਨਾ ਮੈਂ ਉਹਦਾ। ਜੱਟ ਦੇ ਪੁੱਤ ਲਈ ਬੇਜ਼ਮੀਨੇ ਹੋਣ ਦਾ ਮਿਹਣਾ ਬਹੁਤ ਵੱਡਾ ਹੁੰਦਾ। ਤੁਸੀਂ ਠੋਕ ਕੇ ਰਪਟ ਲਿਖੋ ਬੱਸ।

ਸਾਲੇ ਨਵੇਂ ਯੁੱਗ ਦੇ।

ਇਹਨਾਂ ਨੂੰ ਕੀ ਲੱਗਦਾ ਅਸੀਂ ਘੁੱਗੂ ਆ? ਆਹ ਧੁੱਪ 'ਚ ਤਾਂ ਨਹੀਂ ਚਿੱਟੇ ਹੋਏ। ਪਤੇ ਦੀ ਗੱਲ ਦੱਸਾਂ? ਆਹ ਜਿਹੜੀ ਇਹ ਗੱਲ ਕਰਦੇ..... ਵਿਸ਼ਵ ਪਿੰਡ ਦੀ। ਕੁਲ ਜਹਾਨ ਇੱਕ ਬਣ ਜਾਣਾ। ਇਹਦੇ 'ਚ ਫਿਰ ਬੰਦੇ ਨਹੀਂ ਜੇ ਵੱਸਣੇ। ਨਾ ਰਹਿਣਾ ਕਿਸੇ ਕੋਲ ਸੁੱਖ ਚੈਨ। ਇਹਦੇ 'ਚ ਤਾ ਮਸ਼ੀਨ ਬਣ ਜਾਊ ਬੰਦਾ। ਮਸ਼ੀਨ ਨੂੰ ਕਿਤੇ ਦੁੱਖ ਦਰਦ ਹੁੰਦਾ। ਨਾ

ਬਿਲਕੁੱਲ ਨਹੀ....।ਆਹੀ ਤਾਂ ਇਹਨਾਂ ਦੀਆਂ ਚਾਲਾਂ ਨੇ....।

ਬਿੰਦੂ ਕਹਿੰਦਾ ਸੀ ਤੇਰੇ ਚਾਲਾਂ ਨਹੀਂ ਸਮਝ ਆਉਣੀਆਂ ਇਸ ਨਵੇਂ ਯੁੱਗ ਦੀਆਂ।

ਪਰ ਸਭ ਸਮਝ ਗਿਆ ਮੈਂ।

ਕੰਮ ਪਤਾ ਕੀ ਏ ਇਹਨਾ ਦਾ।

ਬਈ ਬੰਦੇ ਨੂੰ ਬੰਦਾ ਨਾ ਰਹਿਣ ਦਿਓ।ਬੱਸ ਜਿੰਨਾ ਚਿਰ ਬੰਦਾ ਮਸ਼ੀਨ ਨਹੀਂ ਬਣ ਜਾਂਦਾ ਉਨ੍ਹਾਂ ਚਿਰ ਦਾਲ ਨਹੀਂ ਗਲਣੀ ਇਹਨਾਂ ਦੀ।ਇਹ ਤਾਂ ਘਾਣ ਕਰਦੇ ਨੇ ਜੀ.....।

ਖੈਰ ਮੈਂ ਕਿਹੜੀਆਂ ਗੱਲਾਂ ਲੈ ਕੇ ਬਹਿ ਗਿਆ।ਲਿਖ ਦਿੱਤੀ ਮੇਰੀ ਰਪਟ।ਜ਼ਰਾ ਜਲਦੀ ਕਰਿਓ।ਟਾਇਮ ਜ਼ਰਾ ਘੱਟ ਈ ਏ ਮੇਰੇ ਕੋਲ।ਅਜੇ ਤਾਂ ਹੋਰ ਬੜੇ ਕੰਮ ਨੇ।ਮਿਲਖਾ ਸਿਹੁੰ ਕਾਨੂੰਨੀ ਨਾਲ ਪੰਗਾ ਲਿਆ।ਪਤਾ ਤਾਂ ਲੱਗਣਾ ਚਾਹੀਦਾ।ਕਿ ਨਹੀਂ.....?

********



# ਰੂਪ ਤੂੰ ਨਾ ਜਾਹ

ਉਹ ਨਹੀਂ ਸਮਝਦੀ ਮੇਰੀ ਤਕਲੀਫ਼।

ਉਹ ਕੀ ਸ਼ਾਇਦ ਕੋਈ ਵੀ ਨਹੀਂ ਸਮਝਦਾ ਮੇਰੀ ਤਕਲੀਫ਼।

ਤਕਲੀਫ਼..?

ਤਕਲੀਫ਼ ਵੀ ਉਹ ...ਜੋ ਮੈਂ ਨਹੀਂ ਸਿਰਜੀ।ਕੁਦਰਤ ਨੇ ਦਿੱਤੀ ਹੈ।

ਔਰਤ ਹੋਣ ਦੀ ਤਕਲੀਫ਼।ਜਵਾਨ ਹੋਣ ਦੀ ਤਕਲੀਫ਼।ਖ਼ੂਬਸੂਰਤ ਹੋਣ ਦੀ ਤਕਲੀਫ਼। ...ਤੇ ਸਜ਼ਾ ਇਸ ਸਾਰੇ ਕੁਝ ਦੀ।

ਸਜ਼ਾ!!

ਸਜ਼ਾ ਹੀ ਤਾਂ ਹੈ।

ਪਹਿਲਾ ਜੇ.ਡੀ. ਗਿਆ।

ਫਿਰ ਬੱਲਪ੍ਰੀਤ।

...ਤੇ ਹੁਣ!!

ਮੈਂ ਤਾਂ ਵਾਸਤੇ ਪਾਏ ਸੀ।ਪੈਰ ਫੜੇ ਸੀ।

"ਰੂਪ ਨਾ ਜਾ ਮੈਨੂੰ ਛੱਡ ਕੇ।ਤੇਰੀ ਲੋੜ ਏ ਮੈਨੂੰ।ਮੈਂ....।"

ਪਰ ਬਾਂਹ ਛੁਡਾ ਤੁਰੀ ਸੀ ਉਹ। ਮੇਰੇ ਤਰਲਿਆਂ ਦਾ ਕੋਈ ਅਸਰ ਨਹੀਂ ਸੀ ਹੋਇਆ ਉਸ 'ਤੇ।ਨਿਰਮੋਹੀ।

"ਮੈਂ ਤੇਰਾ ਸਹਾਰਾ ਕਿਵੇਂ ਬਣ ਸਕਦੀ ਹਾਂ।ਮੈਂ ਤਾਂ....।"

ਰੂਪ ਦੇ ਬੋਲ ਹਾਲੇ ਤੀਕ ਕੰਨਾਂ ਵਿਚ ਗੂੰਜ ਰਹੇ ਨੇ...।

ਕੁਝ ਵੀ ਚੰਗਾ ਨਹੀਂ ਲੱਗ ਰਿਹਾ।

ਪਰ ਉਹ ਅੱਜ ਬਹੁਤ ਖ਼ੁਸ਼ ਹੈ। .... ਤੇ ਮੈਂ ਉਸ ਤੋਂ ਵੀ ਕਿਤੇ ਵੱਧ ਉਦਾਸ। ਕਿਉਂ??

ਉਸ ਨੇ ਇਹ ਸੋਚ ਵੀ ਕਿਵੇਂ ਲਿਆ।ਨਹੀਂ ਕਰ ਸਕਦੀ ਉਹ ਇੰਜ।

ਨਹੀਂ।ਬਿਲਕੁੱਲ ਵੀ ਨਹੀਂ।ਉਸਨੇ ਤਾਂ ਵਾਅਦਾ ਕੀਤਾ ਸੀ ਮੇਰੇ ਨਾਲ....।

ਦਿਮਾਗ ਵਿਚ ਸੋਚਾਂ ਦੇ ਵਾਵਰੋਲੇ ਉਠ ਰਹੇ ਨੇ।ਪਰ ਕੋਈ ਜਵਾਬ ਨਹੀਂ ਲੱਭ ਰਿਹਾ।

"ਤੂੰ ਇੱਕ ਵਾਰ ਸੋਚ ਲੈ ਪ੍ਰਭ! ਇਹੋ ਜਿਹੇ ਫੈਸਲੇ ਜਲਦਬਾਜ਼ੀ 'ਚ ਨਹੀਂ ਕੀਤੇ ਜਾਂਦੇ। ਕਿਤੇ ਇਹ ਨਾ ਹੋਵੇ....।"

ਮੰਮੀ ਦੀ ਕਹੀ ਗੱਲ ਯਾਦ ਆ ਰਹੀ ਹੈ।

ਕਿੰਨਾ ਸਮਝਾਇਆ ਸੀ ਉਹਨਾਂ। ਪਰ ਮੇਰੀ ਤਾਂ ਜਿਵੇਂ ਸਮਝ ਮੁਕ ਗਈ ਸੀ। ਸੋਚ ਜਿਵੇਂ ਇੱਕੋ ਥਾਂਏਂ ਆ ਖਲੋਤੀ ਸੀ। ਸ਼ਾਇਦ ਹੁਣ ਵੀ ਤਾਂ ਮੇਰੇ ਨਾਲ ਇਹੀ ਕੁਝ...।

ਪਤਾ ਨਹੀਂ ਕਿਉਂ ਪਰ ਰੂਪ ਮੇਰੇ ਖਿਆਲਾਂ 'ਚੋਂ ਨਹੀਂ ਨਿਕਲ ਰਹੀ ਰੂਪ ਮੇਰਾ ਸਹਾਰਾ।

ਕਿਉਂ?

ਕਿਵੇਂ?

ਕੁਝ ਸਮਝ ਨਹੀਂ ਆ ਰਿਹਾ।

ਦਿਮਾਗ ਨੇ ਜਿਵੇਂ ਕੰਮ ਕਰਨਾ ਬੰਦ ਕਰ ਦਿੱਤਾ ਹੋਵੇ। ਉਦੋਂ ਵੀ ਤਾਂ ਇਹੀ ਵਾਪਰਿਆ ਸੀ। ਮੈਂ ਦਿਮਾਗ ਤੋਂ ਨਹੀਂ ਦਿਲ ਤੋਂ ਕੰਮ ਲਿਆ ਸੀ। ... ਤੇ ਦਿਲ ਬਾਰ-ਬਾਰ ਇੱਕ ਹੀ ਗੱਲ ਮੰਨਣ ਲਈ ਮਜ਼ਬੂਰ ਕਰ ਰਿਹਾ ਸੀ।

"ਮਜ਼ਬੂਰੀ ਨੂੰ ਸਮਝੀ ਪ੍ਰਭ। ਇਟਸ ਵੈਰੀ ਅਰਜੈਂਟ। ਕੰਮ ਕਾਰ ਸੰਭਾਲਣਾ ਵੀ ਜ਼ਰੂਰੀ ਹੈ। ਬਲੀਵ ਮੀ... ਮੇਰਾ ਤਾਂ ਖ਼ੁਦ ਜਾਣ ਨੂੰ ਦਿਲ ਨਹੀਂ ਕਰਦਾ। ਪਰ...।"

ਕਿੰਨਾ ਬਹਾਨੇਬਾਜ਼ ਹੈ ਜਤਿੰਦਰ ਢਿੱਲੋਂ ਉਰਫ ਜੇ.ਡੀ।

ਤੰਗ ਆ ਗਈ ਹਾਂ ਮੈਂ ਉਸਦੇ ਬਹਾਨਿਆਂ ਤੋਂ। ਜਦੋਂ ਵੀ ਫੋਨ ਕਰੇ ਬਿਨ ਪੁੱਛੇ ਤੋਂ ਹੀ ਦੱਸਣ ਲੱਗਦਾ ਹੈ।

"ਪ੍ਰਭ ਪਲੀਜ਼। ਥੋੜਾ ਹੋਰ ਵੇਟ ਕਰ ਲੈ। ਹਾਲੇ ਕਾਗਜ਼ ਤਿਆਰ ਹੋਣ 'ਚ ਵਕਤ ਲੱਗ ਜਾਣਾ। ਕਾਗਜ਼ ਤਿਆਰ ਹੁੰਦਿਆ ਹੀ.....।"

ਅਣਸੁਣਿਆ ਕਰ ਦਿੰਦੀ ਹਾਂ ਮੈਂ ਇਸ ਗੱਲ ਨੂੰ।

ਉਸਦੀਆਂ ਇਹਨਾਂ ਗੱਲਾਂ ਵਿਚ ਨਾ ਹੀ ਮੇਰੀ ਕੋਈ ਦਿਲਚਸਪੀ ਰਹੀ ਹੈ ਤੇ ਨਾ ਹੀ ਯਕੀਨ। ਦੌੜ ਰਿਹਾ ਹੈ ਉਹ। ਉਸਦੀ ਇਹ ਦੌੜ ਤਾਂ ਹਫਤੇ ਬਾਅਦ ਹੀ ਸ਼ੁਰੂ ਹੋ ਗਈ ਸੀ।

ਹਫਤਾ.... ਹਫਤਾ ਹੀ ਤਾਂ ਬਚਿਆ ਹੈ ਬੱਸ।

ਕਿੰਨੇ ਚਾਅ ਨਾਲ ਦੱਸਿਆ ਸੀ ਰੂਪ ਨੇ....।

ਪਰ ਉਸਦੇ ਬੋਲਾਂ ਵਿਚ ਜਿਵੇਂ ਅਗਨੀ ਹੋਵੇ। ਤਪਣ ਲੱਗਿਆ ਸੀ ਮੇਰਾ ਪੂਰਾ ਵਜੂਦ। ਹਫਤੇ ਬਆਦ ਕੀ ਹੋਵੇਗਾ। ਕੁਝ ਸਮਝ ਨਹੀਂ ਆਉਂਦਾ।

"ਪ੍ਰਭ ਮੇਰੀ ਤਾਂ ਸਮਝ ਨਹੀਂ ਆਉਂਦਾ ਕੁਝ। ਢੇਰ ਸਾਰੇ ਕੰਮ ਨੇ ਕਰਨ ਵਾਲੇ। ਸਮਝ ਨਹੀਂ ਆਉਂਦੀ ਕਿੱਧਰ ਕਿੱਧਰ ਹੋਵਾਂ।"

ਆਸ਼ਾ ਆਂਟੀ ਥੋੜੀ ਦੇਰ ਪਹਿਲਾਂ ਹੀ ਮੇਰੇ ਕੋਲ ਬੈਠੇ ਸਨ।

ਅਜੀਬ ਜਿਹੀ ਖੁਸ਼ੀ ਸੀ ਉਹਨਾਂ ਦੇ ਚਿਹਰੇ 'ਤੇ। ਉਹੀ ਖੁਸ਼ੀ ਜੋ ਸਾਲ ਕੁ ਪਹਿਲਾਂ ਮੰਮੀ ਦੇ ਚਿਹਰੇ ਉਪਰ ਸੀ। ਮੇਰੇ ਵਿਆਹ ਦੀ ਖੁਸ਼ੀ 'ਚ ਉਡੇ ਫਿਰਦੇ ਸਨ ਉਹ। ਇੱਕ ਵੱਡੀ



ਜ਼ਿੰਮੇਵਾਰੀ ਤੋਂ ਸ਼ੁਰਖਰੂ ਹੋ ਜਾਣ ਦਾ ਸੁਖਦ ਅਹਿਸਾਸ ਉਹਨਾਂ ਦੇ ਚਿਹਰੇ ਤੋਂ ਸਾਫ਼ ਝਲਕਦਾ ਸੀ। ਖੁਸ਼ ਤਾਂ ਮੈਂ ਵੀ ਬਹੁਤ ਸਾਂ। ਇੱਕ ਨਵੀਂ ਜ਼ਿੰਦਗੀ ਮੇਰੇ ਅੱਗੇ ਬਾਹਾਂ ਪਸਾਰੀ ਖੜੀ ਸੀ। ਜੇ.ਡੀ. ਸੰਗ ਜ਼ਿੰਦਗੀ ਗੁਜ਼ਾਰਨ ਦੇ ਰੰਗੀਨ ਸੁਪਨੇ ਮੇਰੀਆਂ ਅੱਖਾਂ ਵਿਚ ਤੈਰ ਰਹੇ ਸਨ। ਪਹਿਲੀ ਹੀ ਮੁਲਾਕਾਤ ਵਿਚ ਦਿਲ ਹਾਰ ਬੈਠੀ ਸਾਂ ਮੈਂ ਆਪਣਾ।

ਅਸੀਂ ਪਟਿਆਲੇ ਮਿਲੇ ਸਾਂ ਪਹਿਲੀ ਵਾਰ।

ਮੇਰੀ ਫਰੈਂਡ ਦੇ ਬ੍ਰਦਰ ਦੀ ਮੈਰਿਜ਼ ਸੀ।

ਜੇ.ਡੀ. ਵਿਆਹ ਵਾਲੇ ਮੁੰਡੇ ਦਾ ਦੋਸਤ ਹੋਣ ਕਰਕੇ, ਚਾਂਭਲਿਆ ਹੋਇਆ ਅੱਗੇ-ਅੱਗੇ ਫਿਰ ਰਿਹਾ ਸੀ। ਨਜ਼ਰਾਂ ਮਿਲਾਉਂਦਾ। ਉਸਦੀਆਂ ਅੱਖਾਂ ਵਿਚ ਡੁਬੋਂ ਲੈਣ ਵਾਲਾ ਸਮੁੰਦਰ ਦਿਖਾਈ ਦਿੰਦਾ। ਉਸਦਾ ਚਿਹਰਾ ਧਿਆਨ ਖਿਚਦਾ।

ਦੋ ਦਿਨਾਂ ਵਿਚ ਹੀ ਅਸੀਂ ਕਾਫੀ ਘੁਲ ਮਿਲ ਗਏ ਸਾਂ।

ਘਰ ਪਹੁੰਚੀ ਤਾਂ ਜੇ.ਡੀ. ਦਾ ਫੋਨ ਖੜਕ ਪਿਆ।

ਮੈਨੂੰ ਜਿਵੇਂ ਯਕੀਨ ਨਹੀਂ ਸੀ ਆਇਆ। ਉਸਨੇ ਮੇਰਾ ਨੰਬਰ ਪਤਾ ਨਹੀਂ ਕਿੱਥੋਂ ਖੋਜ ਲਿਆ ਸੀ।

ਖੋਜ....ਖੋਜ ਹੀ ਤਾਂ ਕਰ ਰਹੀ ਹਾਂ।

ਮਨ ਦੀਆਂ ਪਰਤਾਂ ਫਰੋਲ ਰਹੀ ਹਾਂ। ਪਰ ਇਸ ਉਦਾਸੀ ਦਾ ਕਾਰਨ ਨਹੀਂ ਲੱਭਦਾ। ਮੇਰੇ ਅੰਦਰ ਦਾ ਹਨ੍ਹੇਰਾ ਹੋਰ ਡੂੰਘਾ ਹੋਈ ਜਾਂਦਾ। ਕਿੰਨੀ ਪੱਥਰ ਦਿਲ ਹੈ ਰੂਪ। ਪਲ ਭਰ ਵਿਚ ਸਭ ਕੁਝ ਤਬਾਹ ਕਰ ਗਈ। ਇੱਕ ਝਟਕੇ ਵਿਚ ਸਭ ਰਿਸ਼ਤੇ ਤੋੜ ਸੁੱਟੇ ਉਸਨੇ। ਕੈਸੀ ਖੇਡ ਹੈ ਇਹ?

"ਪ੍ਰਭ ਵਿਆਹ ਕੋਈ ਖੇਡ ਤਾਂ ਨਹੀਂ ਹੁੰਦੀ। ਤੂੰ ਜਾਣਦੀ ਕਿੰਨਾਂ ਏ ਉਹਨੂੰ? ਇੰਜ ਕਿਵੇਂ ... ਤੂੰ ਠੀਕ ਤਰ੍ਹਾਂ ਸੋਚ ਲੈ।"

ਮੰਮੀ ਨੇ ਦਲੀਲਾਂ ਦਿੱਤੀਆਂ ਸਨ।

ਪਰ ਮੈਂ ਸਭ ਤਰਕ ਰੱਦ ਕਰ ਦਿੱਤੇ। ਆਪਣੀ ਪਟਿਆਲੇ ਵਾਲੀ ਫਰੈਂਡ ਨੂੰ ਵਿਚ ਪਾ ਕੇ ਆਪਣੀ ਜ਼ਿੱਦ ਪੁਗਾ ਲਈ। ਮੇਰੇ ਫੈਸਲੇ ਨੂੰ ਖਿੜੇ ਮੱਥੇ ਕਬੂਲ ਕਰ ਲਿਆ ਗਿਆ।

ਵੈਸੇ ਵੀ ਕਿਸ ਗੱਲੋਂ ਘੱਟ ਸੀ ਜੇ.ਡੀ?

ਵਧੀਆ ਪਰਸਨੈਲਿਟੀ। ਚੰਗਾ ਘਰ ਬਾਰ। ਜ਼ਮੀਨ-ਜਾਇਦਾਦ। ਸਭ ਕੁਝ ਤਾਂ ਸੀ। ਢਿੱਲੋਂ ਖਾਨਦਾਨ ਦਾ ਇਕਲੌਤਾ ਵਾਰਿਸ। ਇੰਨੇ ਵੱਡੇ ਕਾਰੋਬਾਰ ਦਾ ਇਕੱਲਾ ਮਾਲਿਕ। ਜੇ.ਡੀ ਹਰ ਖੁਸ਼ੀ ਦੇ ਸਕਦਾ ਸੀ ਮੈਨੂੰ।

ਖੁਸ਼ੀ... ਹਰ ਖੁਸ਼ੀ ਦੇ ਕੇ ਵੀ ਨਹੀਂ ਸੀ ਦੇ ਸਕਿਆ ਉਹ ਮੈਨੂੰ, ਉਹ ਸਕੂਨ ਜੋ ਮੇਰੀ ਜਵਾਨੀ ਨੂੰ ਚਾਹੀਦਾ ਸੀ। ਮੇਰੇ ਸਾਹਮਣੇਂ ਉਹ ਝੂਠਾ ਪੈਣ ਲੱਗਦਾ। ਖੁਰਨ ਲੱਗਦਾ ਉਹ ਮੇਰੀ ਤਪਸ਼ ਅੱਗੇ। ਇੱਕ ਕੰਪਲੈਕਸ ਪੈਦਾ ਹੋ ਗਿਆ ਸੀ ਜਿਵੇਂ ਉਸਦੇ ਮਨ ਵਿਚ। ਉਸ ਨੇ ਮੇਰੇ ਕੋਲੋਂ ਦੌੜਨਾ ਸ਼ੁਰੂ ਕਰ ਦਿੱਤਾ। ... ਤੇ ਹਫਤੇ ਕੁ ਬਾਅਦ ਹੀ ਉਹ ਲੰਬੀ ਉਡਾਰੀ ਭਰ ਗਿਆ। ਕੋਲ ਬੁਲਾਉਣ ਦਾ ਵਾਅਦਾ ਕਰਕੇ।

"ਪ੍ਰਭ! ਡੌਂਟ ਵਰੀ। ਤੈਨੂੰ ਪਤਾ ਇੰਨਾ ਵੱਡਾ ਕਾਰੋਬਾਰ ਸੰਭਾਲਣਾ ਕੋਈ ਸੌਖੀ

ਗੱਲ ਨਹੀਂ ਹੈ। ਮੈਂ ਜਾਂਦਿਆਂ ਹੀ ਪੇਪਰ ਤਿਆਰ ਕਰਵਾ ਲਵਾਂਗਾ। ਬੱਸ ਜ਼ਰਾ...।"

ਪਰ ਜੇ.ਡੀ ਦੇ ਕਾਗਜ਼ ਹਾਲੇ ਤੀਕ ਤਿਆਰ ਨਹੀਂ ਹੋਏ। ਮੈਂ ਹੁਣ ਸਾਰੀਆਂ ਆਸਾਂ ਲਾਹ ਚੁੱਕੀ ਹਾਂ। ਹੁਣ ਮੈਨੂੰ ਪਹਿਲਾਂ ਵਾਂਗ ਉਸ ਦੀ ਉਡੀਕ ਨਹੀਂ ਰਹੀ। ਉਹ ਚਲਾ ਗਿਆ ਤਾਂ ਮੈਂ ਰਹਿ ਗਈ ਸਾਂ ਪਿੱਛੇ ਕੰਧਾਂ ਨਾਲ ਟੱਕਰਾਂ ਮਾਰਨ ਜੋਗੀ। ਸਾਰਾ ਦਿਨ ਇਕੱਲਿਆਂ... ਤੇ ਘਰ ਦੇ ਬਾਕੀ ਜੀਅ ਆਪਣੇ ਰੁਝੇਵਿਆਂ 'ਚ ਰੁੱਝੇ ਰਹਿੰਦੇ। ਕੌਣ ਹੈ ਬਾਕੀ ?

ਗਿਣਤੀ ਦੇ ਕੁਲ ਦੋ ਜਾਣੇ।

ਮੇਰੇ ਸਹੁਰਾ ਸਾਬ੍ਹ। ਪਾਪਾ ਆਖਦੀ ਹਾਂ ਮੈਂ ਜਿੰਨਾਂ ਨੂੰ।

ਮੇਰੀ ਸੱਸ। ਆਪਣੀ ਮੰਮੀ ਵਾਂਗ ਹੀ ਮੋਹ ਕਰਦੀ ਹਾਂ ਜਿੰਨ੍ਹਾਂ ਦਾ।

ਪਰ ਆਪਣੀ ਦੁਨੀਆਂ ਹੈ ਦੋਨਾਂ ਦੀ। ਪਾਪਾ ਕੋਲੋ ਕੰਮਕਾਜ਼ ਹੀ ਨਹੀਂ ਸੰਭਾਲ ਹੁੰਦਾ। .... ਤੇ ਮੰਮੀ। ਕਦੇ ਕਿੱਟੀ। ਕਦੇ ਮਹਿਲਾ ਮੰਚ ਦੀਆਂ ਮੀਟਿੰਗਾਂ। ਕਿੰਨਾ ਫਿਕਰ ਕਰਦੇ ਨੇ ਉਹ ਔਰਤਾਂ ਦਾ। ਉਹਨਾਂ ਦੀ ਹਰ ਤਕਲੀਫ਼ ਦਾ। ਪਰ ਮੇਰੀ ਤਕਲੀਫ਼....

ਮੇਰੀ ਤਕਲੀਫ਼ ਕਦੇ ਨਜ਼ਰੀਂ ਨਹੀਂ ਪਈ ਉਹਨਾਂ ਦੇ।

ਮੈਨੂੰ ਇਸ ਘਰ ਦੀਆਂ ਕੰਧਾਂ ਖਾਣ ਨੂੰ ਆਉਂਦੀਆਂ। ਇਕੱਲਤਾ ਸਤਾਉਂਦੀ।

ਪਹਾੜ ਜਿੱਡੀਆਂ ਰਾਤਾਂ ਪਾਸੇ ਮਾਰਦਿਆਂ ਲੰਘਦੀਆਂ। ਮਨ ਅੰਦਰ ਦਿਨ ਰਾਤ ਇੱਕ ਜਵਾਰ ਭਾਟਾ ਉਠਿਆ ਰਹਿੰਦਾ।

ਜਵਾਹਰਭਾਟਾ... ਜਵਾਹਰਭਾਟਾ ਹੀ ਤਾਂ ਉਠਿਆ ਸੀ ਉਸ ਦਿਨ। .... ਜੋ ਬੱਲਪ੍ਰੀਤ ਨੂੰ ਰੋੜ ਕੇ ਲੈ ਗਿਆ ਸੀ। ਕੋਹਾਂ ਦੂਰ।

ਜੇ.ਡੀ. ਦਾ ਕਜ਼ਨ ਹੈ ਬੱਲਪ੍ਰੀਤ।

ਪੀ.ਐਮ.ਟੀ. ਦੀ ਕੋਚਿੰਗ ਲਈ ਆਇਆ ਸੀ ਉਹ ਇੱਥੇ। ਦਿਨ ਰਾਤ ਮਿਹਨਤ ਕਰਦਾ। ਗੱਲਾਂ ਸੁਣਾਉਂਦਾ। ਮੈਨੂੰ ਹਸਾਉਂਦਾ। ਕੰਮ ਵਿਚ ਹੈਲਪ ਕਰਦਾ। ਮੇਰਾ ਮਨ ਲੱਗਿਆ ਰਹਿੰਦਾ। ਅਸੀਂ ਜਿਵੇਂ ਦੋਸਤ ਬਣ ਗਏ ਸਾਂ। ਇੱਕ ਦਿਨ ਗੱਲਾਂ ਕਰਦਿਆਂ ਮੇਰੀਆਂ ਅੱਖਾਂ ਵਿਚ ਦੇਖ ਕੇ ਪੁੱਛਿਆ ਸੀ ਉਸਨੇ।

"ਭਾਬੀ ਜਤਿੰਦਰ ਵੀਰੇ ਦੀ ਯਾਦ ਨਹੀਂ ਆਉਂਦੀ ?"

ਮੇਰੇ ਅੰਦਰ ਜਿਵੇਂ ਕੁਝ ਖੁਰਨ ਲੱਗਿਆ ਸੀ।

"ਤੂੰ ਕਿਤਾਬਾਂ ਵੱਲ ਧਿਆਨ ਰੱਖ। ਬਦਮਾਸ਼....।"

ਮੈਂ ਹੱਸਣ ਦੀ ਕੋਸ਼ਿਸ਼ ਕੀਤੀ। ਪਰ ਅੰਦਰ ਇਕ ਚੀਸ ਜਿਹੀ ਉਠ ਖਲੋਤੀ। ਅਸੀਂ ਹੋਰ ਨੇੜੇ ਹੋਣ ਲੱਗੇ ਸਾਂ। ਉਸਦੀਆਂ ਖਾਮੋਸ਼ ਅੱਖਾਂ ਵਿਚ ਕੁਝ ਸੀ, ਜੋ ਮੈਨੂੰ ਖਿੱਚ ਪਾਉਂਦਾ ਸੀ।

ਦੀਵਾਲੀ ਦੀ ਰਾਤ ਸੀ ਉਹ।

ਪੂਰਾ ਸ਼ਹਿਰ ਰੁਸ਼ਨਾ ਰਿਹਾ ਸੀ। ਪਟਾਕਿਆਂ ਦੀ ਅਵਾਜ਼ ਗੂੰਜ ਰਹੀ ਸੀ ਚਾਰੇ ਪਾਸੇ। ਅਸੀਂ ਦੋਨਾਂ ਦੀਵੇ ਜਗਾਏ। ਛੱਤ 'ਤੇ ਖੜ੍ਹ ਕੇ ਆਲੇ-ਦੁਆਲੇ ਫੈਲੀ ਰੌਸ਼ਨੀ ਨੂੰ ਦੇਖਿਆ। ...ਤੇ ਬੱਲਪ੍ਰੀਤ ਰੂਮ ਵਿਚ ਜਾ ਕੇ ਪੜ੍ਹਨ ਬੈਠ ਗਿਆ। ਮੈਂ ਦੁੱਧ ਦਾ ਗਿਲਾਸ ਦੇਣ ਗਈ ਸਾਂ ਉਸਦੇ ਰੂਮ ਵਿਚ। ਮੁੜਣ ਲੱਗੀ ਤਾਂ ਉਸਨੇ ਮੇਰੀ ਬਾਂਹ ਫੜ੍ਹ ਲਈ। ਸਾਡੇ ਵਿਚਾਲੇ



ਚੁੱਪ ਸੀ। ਨਜ਼ਰਾਂ ਮਿਲੀਆਂ। ਮੈਨੂੰ ਜਿਵੇਂ ਸਾਰਾ ਕੁਝ ਭੁੱਲ ਗਿਆ। ਮੈਂ ਬੱਲਪ੍ਰੀਤ ਦੀਆਂ ਬਾਹਾਂ ਵਿਚ ਡਿੱਗ ਪਈ। ਉਸ ਦਿਨ ਸਾਰੀਆਂ ਸੀਮਾਵਾਂ ਪਾਰ ਹੋ ਗਈਆਂ।

ਬਹੁਤ ਖੁਸ਼ ਸਾਂ ਮੈਂ। ਪਰ ਅਚਾਨਕ...।

ਮੇਰਾ ਹੱਥ ਫੜੀ ਕਿਸੇ ਗੱਲ ਤੋਂ ਹੱਸ ਰਿਹਾ ਸੀ ਉਹ।

ਉਸੇ ਪਲ ਕਿਧਰੋਂ ਮੰਮੀ ਰੂਮ ਵਿਚ ਆ ਗਏ। ਹਾਸੇ ਬੰਦ ਹੋ ਗਏ।... ਤੇ ਅਗਲੇ ਦਿਨ ਬੱਲਪ੍ਰੀਤ ਆਪਣੇ ਪਿੰਡ ਮੁੜ ਗਿਆ ਸੀ। ਹਮੇਸ਼ਾ-ਹਮੇਸ਼ਾ ਲਈ। ਮੈਂ ਉਸਨੂੰ ਉਡੀਕਦੀ। ਤੜਫ਼ਦੀ। ਨੀਂਦ ਨਾ ਆਉਂਦੀ। ਹਨ੍ਹੇਰਿਆਂ ਤੋਂ ਡਰ ਆਉਂਦਾ। ਲੱਗਦਾ ਅੰਦਰ ਜਿਵੇਂ ਕੁਝ ਸੁਲਗ ਰਿਹਾ ਹੋਵੇ। ਬੁਖਾਰ ਨਾਲ ਪਿੰਡਾ ਤਪਣ ਲੱਗਦਾ। ਕਈ ਡਾਕਟਰ ਬਦਲੇ। ਕਿੰਨਾ ਇਲਾਜ ਕਰਵਾਇਆ। ਪਰ ਮੇਰਾ ਰੋਗ ਕਿਸੇ ਦੀ ਸਮਝ ਨਾ ਪੈਂਦਾ। ਮੰਮੀ ਟੂਣੇ-ਟਾਪਣ ਕਰਾਉਣ ਲੱਗੇ। ਪੰਡਿਤਾਂ ਦੇ ਜਾਣ ਲੱਗੇ। ਕਦੀ ਅੱਖ ਲੱਗਦੀ ਤਾਂ ਅਜੀਬ-ਅਜੀਬ ਸੁਪਨੇ ਆਉਣ ਲੱਗਦੇ। ਮੈਂ ਦੇਖਦੀ। ਮੈਂ ਜਿਵੇਂ ਅੱਗ ਵਿਚ ਸੜ ਰਹੀ ਹੋਵਾਂ। ਚੀਕਦੀ। ਪਰ ਕੋਈ ਮੇਰੀ ਸਹਾਇਤਾ ਲਈ ਨਾ ਬਹੁੜਦਾ। ਅੱਖ ਖੁਲ੍ਹਦੀ ਤਾਂ ਪਿੰਡਾ ਤਪ ਰਿਹਾ ਹੁੰਦਾ।

ਮੰਮੀ ਕਿਸੇ 'ਸਿਆਣੇ' ਨੂੰ ਬੁਲਾ ਲਿਆਏ।

ਉਹ ਮੇਰੇ ਵਾਲ ਪੁੱਟਦਾ ਰਿਹਾ।

"ਕੌਣ ਏ ਤੂੰ ?"

ਇਕਦਮ ਗਰਜਦਾ। ਚਿਮਟਾ ਖੜਕਾਉਂਦਾ।

"ਮੈਂ ਤਾਰੋਂ ਹਾਂ। ਬੇਰੀ ਵਾਲਿਆ ਦੀ।"

ਮੈਂ ਖਬਰੈ ਕੀ ਬੋਲ ਗਈ ਸਾਂ।

ਅੱਖਾਂ ਅੱਗੇ ਹਨ੍ਹੇਰਾ ਛਾ ਗਿਆ।

ਹੋਸ਼ ਪਰਤੀ ਤਾਂ ਮੰਮੀ ਨੇ ਪੁੱਛਿਆ।

"ਇਹ ਤਾਰੋ ਕੌਣ ਸੀ ਭਲਾ ?"

"ਪਤਾ ਨਹੀਂ!"

ਮੈਂ ਸਿਰ ਫੇਰ ਦਿੱਤਾ।

ਅੱਖਾਂ ਸਾਹਮਣੇ ਬਚਪਨ ਵਾਲੀ ਘਟਨਾ ਸਾਕਾਰ ਹੋ ਗਈ। ਤਾਰੋ ਸਾਡੇ ਪਿੰਡ ਦੀ ਸੀ। ਬਘੇਲ ਸਿਹੁੰ ਦੀ ਨੂੰਹ। ਉਹਨਾਂ ਦੇ ਵਿਹੜੇ ਵਿਚ ਵੱਡੀ ਸਾਰੀ ਬੇਰੀ ਸੀ ਜਿਸ ਕਰਕੇ ਉਹ ਬੇਰੀ ਵਾਲੇ ਵੱਜਦੇ। ਤਾਰੋ ਦਾ ਘਰ ਵਾਲਾ, ਘਰ ਬਾਰ ਛੱਡ ਕੇ ਕਿੱਧਰੇ ਨਿਕਲ ਗਿਆ ਸੀ। ਉਸਦੀ ਕੋਈ ਉਂਘ-ਸੁੱਘ ਨਹੀਂ ਸੀ ਨਿਕਲੀ। ਤਾਰੋ ਕਿੰਨੇ ਸਾਲ ਉਸਨੂੰ ਉਡੀਕਦੀ ਰਹੀ। ਲੋਕ ਆਪਣੇ-ਆਪਣੇ ਅੰਦਾਜ਼ੇ ਲਾਉਂਦੇ। ਅਚਾਨਕ ਇੱਕ ਦਿਨ ਤਾਰੋ ਨੇ ਫਾਹਾ ਲੈ ਲਿਆ। ਵਿਹੜੇ ਵਾਲੀ ਬੇਰੀ 'ਤੇ ਲਟਕਦੀ ਉਸਦੀ ਲਾਸ਼ ਮੈਂ ਆਪ ਦੇਖੀ ਸੀ। ਉਸ ਰਾਤ ਮੈਨੂੰ ਨੀਂਦ ਨਹੀਂ ਸੀ ਆਈ। ਬੱਚੇ ਜਿਸ ਬੇਰੀ ਦੇ ਮਿੱਠੇ ਬੇਰ ਖਾਂਦੇ ਸਨ, ਹੁਣ ਉਸ ਵੱਲ ਕੋਈ ਨਹੀਂ ਸੀ ਦੇਖਦਾ। ਲੋਕ ਆਖਦੇ ਬੇਰੀ 'ਤੇ ਤਾਰੋ ਦਾ ਭੂਤ ਵੱਸਦਾ।

ਭੂਤ... ਭੂਤ ਹੀ ਤਾਂ ਡਰਾਉਂਦੇ ਨੇ ਮੈਨੂੰ। ਅੱਖਾਂ ਅੱਗੇ ਕਾਲੇ ਪ੍ਰਛਾਵੇਂ ਘੁੰਮਦੇ ਰਹਿੰਦੇ ਨੇ। ਮੇਰੀ ਦੇਖ ਭਾਲ ਕਰਦਿਆਂ ਮੰਮੀ ਖੁਦ ਬਿਮਾਰ ਰਹਿਣ ਲੱਗੇ। ਮੇਰਾ ਫਿਕਰ

ਕਰਦੇ। ਮੰਮੀ ਦੇ ਕਹਿਣ ਤੇ ਆਸ਼ਾ ਆਂਟੀ ਰੂਪ ਨੂੰ ਮੇਰੇ ਕੋਲ ਪੈਣ ਲਈ ਭੇਜ ਦਿੰਦੇ। ਰੂਪ ਮੇਰਾ ਖ਼ਿਆਲ ਰੱਖਦੀ। ਰਾਤ ਨੂੰ ਉਠਾ ਕੇ ਦਵਾਈ ਦਿੰਦੀ। ਵਾਲਾਂ ਵਿਚ ਹੱਥ ਫੇਰਦੀ ਤਾਂ ਮੈਨੂੰ ਨੀਂਦ ਆਉਣ ਲੱਗਦੀ।

ਅਚਾਨਕ ਇੱਕ ਦਿਨ...

ਰੂਪ ਦਾ ਹੱਥ ਮੇਰੇ ਵਾਲਾ ਵਿਚ ਫਿਰਦਾ ਹੋਇਆ....।ਸਰੀਰ ਵਿਚ ਜਿਵੇਂ ਝਰਨਾਹਟ ਛਿੜ ਗਈ। ਰੂਪ ਨੇ ਮੈਨੂੰ ਆਪਣੀਆਂ ਬਾਹਾਂ ਵਿਚ ਜਕੜ ਲਿਆ। ਪਾਗਲਾਂ ਵਾਂਗ ਚੁੰਮਦੀ ਰਹੀ। ਮੇਰੇ ਅੰਦਰ ਇੱਕ ਛੱਲ ਜਿਹੀ ਪੈਦਾ ਹੋ ਗਈ। ਮੈਂ ਰੂਪ ਦਾ ਸਾਥ ਦੇਣ ਲੱਗੀ। ... ਤੇ ਕੁਝ ਪਲਾਂ ਬਾਅਦ... ਮੈਂ ਸਕੂਨ ਨਾਲ ਭਰ ਗਈ।

ਉਸ ਰਾਤ ਜਿਵੇਂ ਰੱਜ ਕੇ ਸੁੱਤੀ ਸਾਂ ਮੈਂ।

ਸਾਡੀ ਇਹ ਖੇਡ ਹਰ ਰੋਜ਼ ਚੱਲਦੀ। ਅੰਦਰ ਦੀ ਉਹ ਸੁਲਗਣ ਜਿਵੇਂ ਮੱਠੀ ਪੈ ਗਈ ਸੀ। ਰੂਪ ਦੀਆਂ ਬਾਹਾਂ ਵਿਚ ਮੈਨੂੰ ਸਕੂਨ ਮਿਲਦਾ। ਉਹ ਔਰਤ ਹੋ ਕੇ ਵੀ ਮੇਰੇ ਲਈ ਕਿਸੇ ਮਰਦ ਵਾਂਗ ਸੀ।

****

ਰੂਪ ਅੱਜ ਦੁਪਹਿਰੇ ਆਈ ਸੀ।

ਬਹੁਤ ਖ਼ੁਸ਼ ਲੱਗ ਰਹੀ ਸੀ ਉਹ। ਉਸ ਵੇਲੇ ਬੱਸ ਮੈਂ ਤੇ ਉਹ ਸਾਂ।

ਮੈਂ ਕਲਾਵੇ ਵਿਚ ਭਰ ਲਿਆ ਸੀ ਉਸਨੂੰ।

"ਇੱਕ ਗੁੱਡ ਨਿਊਜ਼ ਏ।"

ਰੂਪ ਨੇ ਮੇਰੇ ਨਾਲੋਂ ਵੱਖ ਹੁੰਦਿਆਂ ਆਖਿਆ।

"ਹਾਂ ਦੱਸ...ਜਲਦੀ...।"

"ਮੇਰਾ ਰਿਸ਼ਤਾ ਪੱਕਾ ਹੋ ਗਿਆ।"

ਉਸਨੇ ਅੱਖਾਂ ਮਟਕਾਉਂਦਿਆਂ ਕਿਹਾ।

"ਇਹ ਕਿਵੇਂ ਹੋ ਸਕਦਾ ਰੂਪ। ਤੈਨੂੰ ਕੀ ਜ਼ਰੂਰਤ ਹੈ ਵਿਆਹ ਦੀ।...।"

ਮੇਰਾ ਗੱਚ ਭਰ ਆਇਆ।

"ਵਿਆਹ ਦੀ ਜ਼ਰੂਰਤ ਕਿਸ ਨੂੰ ਨਹੀਂ ਹੁੰਦੀ...।"

"ਮੈਂ ਕਰਾਊਂ ਤੇਰੇ ਨਾਲ ਵਿਆਹ। ਆਪਾਂ ਆਪਣੀ ਦੁਨੀਆਂ ਵਸਾਵਾਂਗੇ।"

"ਔਰਤਾਂ ਵੀ ਆਪਸ ਵਿਚ ਵਿਆਹ ਕਰਵਾਉਂਦੀਆਂ ਨੇ ?"

"ਕਿਉਂ ਨਹੀਂ ? ਹੁਣ ਸਭ ਕੁਝ ਹੋ ਰਿਹਾ। ਕਿੰਨੀ ਥਾਂਈ ਹੋਏ ਨੇ ਐਸੇ ਵਿਆਹ। ਮੈਂ ਨਹੀਂ ਜੀਅ ਸਕਦੀ...।"

"ਮੈਂ ਨਹੀਂ ਮੰਨਦੀ। ਇਹ ਖਿਲਾਫ਼ ਹੈ ਕੁਦਰਤ ਦੇ। ਔਰਤ ਕਦੇ ਵੀ ਮਰਦ ਨਹੀਂ ਬਣ ਸਕਦੀ।"

"ਪਰ ਮੈਨੂੰ ਤੇਰੀ ਲੋੜ ਹੈ। ਤੂੰ ਸਹਾਰਾ ਹੈ। ਤੇਰੀ ਛੋਹ ਨਾਲ ਜਾਨ ਪਈ ਹੈ ਮੇਰੇ 'ਚ।"

"ਮੈਂ ਤਾਂ ਖ਼ੁਦ ਕਿਸੇ ਦਾ ਸਹਾਰਾ ਲੱਭ ਰਹੀ ਹਾਂ। ਔਰਤ ਔਰਤ ਦਾ ਸਹਾਰਾ ਨਹੀਂ



ਬਣ ਸਕਦੀ। ਮਰਦ ਬਿਨ੍ਹਾਂ ਔਰਤ ਕੁਝ ਨਹੀਂ। ਤੇਰੀ ਇਸ ਪਿਆਸ ਲਈ ਤੈਨੂੰ....।"

ਰੂਪ ਪੱਲ੍ਹਾ ਛੁਡਾ ਕੇ ਚਲੀ ਗਈ।

ਅੰਦਰ ਬਹੁਤ ਕੁਝ ਟੁੱਟ ਰਿਹਾ ਹੈ। ਸਭ ਕੁਝ ਬੇਜਾਨ ਲੱਗ ਰਿਹਾ ਹੈ। ਰੂਪ ਦੀਆਂ ਗੱਲਾਂ ਦਿਮਾਗ ਵਿਚ ਘੁੰਮ ਰਹੀਆਂ ਨੇ...।

ਔਰਤ ?

ਮਰਦ ?

ਕਈ ਸਵਾਲ ਦਿਮਾਗ ਵਿਚ ਉਥੱਲ-ਪੁਥਲ ਮਚਾ ਰਹੇ ਨੇ।

ਪਰ ਕੋਈ ਜਵਾਬ ਨਹੀਂ ਲੱਭ ਰਿਹਾ।

**********

## ਲਾਲ ਚੂੜੀਆਂ

### (ਸਾਉਣ ਤੇ ਸੋਹਣ: ਮਿੱਠੀਆਂ ਯਾਦਾਂ)

ਮੇਰੀ ਪੋਤੀ ਸੁਨੇਹਾ ਨੂੰ ਦੇਖ ਕੇ ਮੈਨੂੰ ਮੇਰਾ ਸਾਉਣ ਯਾਦ ਆ ਗਿਆ। ... ਤੇ ਨਾਲ ਹੀ ਯਾਦ ਆ ਗਿਆ ਸੋਹਣ ਵੀ।

ਸੋਹਣ ਤਾਂ ਚੰਦਰਾ ਬਹੁਤ ਸੋਹਣਾ ਸੀ।

... ਤਾਂ ਹੀ ਤਾਂ ਉਸਨੂੰ ਨਜ਼ਰਾਂ ਲੱਗ ਗਈਆਂ। ਮੇਰੀ ਝਾਈ ਆਖਿਆ ਕਰਦੀ ਸੀ ਕਿ ਸੋਹਣੇ ਮੁੰਡੇ-ਕੁੜੀਆਂ ਨੂੰ ਨਜ਼ਰਾਂ ਲੱਗ ਜਾਂਦੀਆਂ ਨੇ....। ਜਿਵੇਂ ਹੁਣ ਸੁਨੇਹਾ ਨੂੰ....। ...ਤਾਂ ਹੀ 'ਰਾਮ-ਰਾਮ' ਕਰਦੀ-ਕਰਦੀ 'ਰਮਨ-ਰਮਨ' ਕਰਨ ਲੱਗ ਪਈ ਸੀ ਉਹ। ਜਿਵੇਂ ਮੈਂ ਸੋਹਣ-ਸੋਹਣ ਕਰਿਆ ਕਰਦੀ ਸੀ-

ਸੋਹਣਾ... ਮੇਰਾ ਸਾਰਿਆਂ ਤੋਂ ਸੋਹਣਾ  
ਸਭ ਦੇ ਦਿਲਾਂ ਨੂੰ ਮੋਹਣਾ  
ਸੋਹਣਾ....!!

ਪਰ ਉਹਨੇ ਮੇਰੇ ਬਾਪੂ ਦਾ ਦਿਲ ਨਹੀਂ ਸੀ ਮੋਹਿਆ ਤਾਂ ਹੀ ਤਾਂ ਸਾਡੇ ਮੋਹ ਦੀਆਂ ਤੰਦਾਂ ਅੱਧ ਵਿਚਾਲਿਓਂ ਟੁੱਟ ਗਈਆਂ। .... ਤਾਂ ਹੀ ਤਾਂ ਸਾਡੀਆਂ ਸਾਂਝਾ ਮੁਕ ਗਈਆਂ।

### (ਸੁਖੋ: ਜਵਾਨੀ ਦਾ ਗ੍ਰਹਿਣ)

ਮੈਂ ਕਰਮਾਂ ਸੜੀ। ਜੰਮੀ ਸਾਂ ਰਾਜਿਆਂ ਦੇ ਘਰ ਤੇ ਵਿਆਹੀ ਗਈ ਭੁੱਖ ਨੰਗਾਂ ਦੇ। ਮੇਰਾ ਸਹੁਰਾ ਬਿਸ਼ਨ ਸਿਹੁੰ ਖਾਕੀ ਨੰਗ ਤੇ ਮੇਰਾ ਖਸਮ ਯਾਨਿ ਕਿ ਦੁੱਲਾ ਉਸ ਤੋਂ ਵੀ ਵੱਡਾ ਖਾਕੀ ਨੰਗ। ਜਿਨ੍ਹੇ ਮੇਰੀਆਂ ਰੀਝਾਂ ਨਾ ਪੁਗਾਈਆਂ। ਜਿਨ੍ਹੇ ਮੇਰੀ ਜਵਾਨੀ ਦਾ ਸੇਕ ਠੰਡਿਆ ਕਰ ਦਿੱਤਾ। ਉਹ ਮੇਰੇ ਵਿਆਹੀ ਆਈ ਤੋਂ ਥੋੜ੍ਹੇ ਦਿਨਾਂ ਬਾਅਦ ਹੀ ਗਾਉਣ ਲੱਗ ਪਿਆ ਸੀ।

ਆਪ ਨੰਗ  
ਬਾਪ ਨੰਗ।  
ਤੀਜੇ ਨੰਗ ਨਾਨਕੇ



ਚੌਥੇ ਨੰਗਾਂ ਦੇ ਨੰਗ ਵੱਜੇ,  
ਘੱਟਾ ਪਾਉਂਦੇ ਛਾਣ ਕੇ।

ਉਹ ਸਾਰੀ ਉਮਰ ਮੇਰੇ ਬਾਪੂ ਕਰਤਾਰ ਸਿਹੁੰ ਨੂੰ ਵੀ ਨੰਗ ਦੱਸਦਾ ਰਿਹਾ। ਪਰ ਉਹਨੇ ਤਾਂ ਇਸ ਨੰਗ ਦਾ ਘਰ ਭਰ ਦਿੱਤਾ ਸੀ। ਪੇਟੀ ਭਰਕੇ ਗਰਮ-ਠੰਡੇ ਕੱਪੜੇ ਤੇ ਟੂਮ-ਟੱਲਾ ਹਰੇਕ ਨਿੱਕ-ਸੁੱਕ ਲੈ ਕੇ ਆਈ ਸੀ ਮੈਂ। ਪਰ ਡੁੱਬ ਜਾਣੇ ਨੇ ਕੁਝ ਨਹੀਂ ਛੱਡਿਆ। ਸ਼ਗਨਾਂ 'ਤੇ ਪਾਈ ਮੁੰਦਰੀ ਤਾਂ ਪਹਿਲੇ ਦਿਨ ਫੜਾ ਆਇਆ ਸੀ ਕਿਸੇ ਨੂੰ।

ਮੈਂ ਪੁਛਿਆ। ਕਹਿਣ ਲੱਗਾ:-

"ਆਹ ਗਹਿਣਿਆਂ ਦਾ ਸ਼ੌਕ ਤਾਂ ਤੀਵੀਆਂ ਨੂੰ ਹੁੰਦਾ। ਮੈਂ ਨਹੀਂ ਪਾਉਂਦਾ ਛਾਪਾਂ-ਛੱਲੇ। ਮੈਂ ਸੰਭਾਲ 'ਤੀ।"

ਕਈ ਦਿਨਾਂ ਬਾਅਦ ਪਤਾ ਲੱਗਿਆ ਮੁੰਦੀ ਕਿੱਥੇ ਸੰਭਾਲੀ ਗਈ ਸੀ।

ਜਿਹੜੀ ਇਹਨੂੰ ਸਾਂਭਦੀ ਸੀ ਉਹੀ ਮੁੰਦਰੀ ਸੰਭਾਲੀ ਬੈਠੀ ਸੀ।

ਉਹ ਯਾਨਿ ਕਿ ਮੇਰੀ ਜਠਾਣੀ ਸੁੱਖੋ।

ਸੁੱਖੋ- ਜਿਹਦਾ ਘਰ ਵਾਲਾ ਫੌਜ ਵਿਚ ਸੀ ਤੇ ਆਪ ਉਹ ਮੌਜ ਵਿਚ।

ਦੁੱਲਾ ਦਿਨ ਰਾਤ ਉਸੇ ਵੱਲ ਰਹਿੰਦਾ।

ਮੈਂ ਕਲਪਦੀ। ਤੀਵੀਂ ਆਪਣਾ ਸਭ ਕੁਝ ਵੰਡ ਸਕਦੀ ਹੈ ਪਰ ਆਪਣਾ ਬੰਦਾ ਨਹੀਂ।

"ਇਹ ਤਾਂ ਕੁੜੇ ਵਹਿਮ ਏ ਤੇਰਾ। ਦੁੱਲੇ ਦਾ ਤਾਂ ਉਂਜ ਹੀ ਮੋਹ ਹੈ ਸੁੱਖੋ ਨਾਲ। ਲਾਡਲਾ ਦਿਉਰ ਏ ਨਾ। ਹੱਥੀਂ ਪਾਲਿਆ ਉਹਨੇ।"

ਮੇਰੀ ਸੱਸ ਸਮਝੌਤੀਆਂ ਦਿੰਦੀ।

ਮੈਂ ਕਿਹੜਾ ਅੰਨ੍ਹੀ ਸੀ। ਪਰ ਮੈਂ ਅੱਖਾਂ ਮੀਚ ਲਈਆਂ। ਦੇਖਿਆ ਅਣਡਿੱਠ ਕਰ ਦਿੱਤਾ।

ਮੇਰੀ ਜਵਾਨੀ ਨੂੰ ਗ੍ਰਹਿਣ ਲੱਗ ਗਿਆ ਸੀ।

ਆਖਦੇ ਨੇ-ਜਦੋਂ ਧਰਤੀ ਸੂਰਜ ਤੇ ਚੰਨ ਵਿਚਾਲੇ ਆ ਜਾਂਦੀ ਹੈ ਤਾਂ ਚੰਨ ਨੂੰ ਗ੍ਰਹਿਣ ਲੱਗ ਜਾਂਦਾ।

ਮੇਰੇ ਤੇ ਦੁਲੇ ਵਿਚਕਾਰ ਸੁੱਖੋ ਸੀ। ਇਸੇ ਲਈ ਤਾਂ ਮੇਰਾ ਚੰਨ ਵਰਗਾ ਰੂਪ ਕਦੀ ਦਿਸਿਆ ਨਹੀਂ ਸੀ ਉਸਨੂੰ। ਉਹ ਸੁੱਖੋ ਦੇ ਬੁੱਢੇ ਹੱਡਾਂ ਨੂੰ ਚੂੰਡਦਾ ਰਿਹਾ।

### (ਮੇਲੇ ਦਾ ਦਿਨ:-ਲਾਲ ਚੂੜੀਆਂ)

ਸਾਡੇ ਪਿੰਡ ਤੋਂ ਚਾਰ ਮੀਲ 'ਤੇ ਲੱਗਦਾ ਘਰਿਆਲੇ ਵਾਲਾ ਮੇਲਾ, ਮੈਂ ਇੱਕੋ ਵਾਰ ਦੇਖਿਆ ਸੀ ਜਵਾਨੀ ਵੇਲੇ।

ਕਿੰਨਾ ਚਾਅ ਸੀ ਮੇਲੇ ਦਾ।

ਕਿਉਂਕਿ ਮੇਲੇ 'ਚ ਮੇਲੇ ਹੋਣੇ ਸੀ ਸੱਜਣਾ ਨਾਲ। ਸੋਹਣ ਦਾ ਸੁਨੇਹਾ ਮਿਲਿਆ ਸੀ। ਸਾਉਣ ਦੇ ਚਮਾਸਿਆਂ ਭਰੇ ਦਿਨ। ਧੁੱਪ ਪਿੰਡੇ ਨੂੰ ਖਾਂਦੀ। ਮੈਂ ਤੇ ਮੇਰੀ ਸਹੇਲੀ ਕੰਤੀ ਸੜਦੀਆਂ-ਭੁਜਦੀਆਂ ਮੇਲੇ ਪਹੁੰਚ ਗਈਆਂ। ਸੋਹਣ ਸਾਨੂੰ ਉਡੀਕ ਰਿਹਾ ਸੀ। ਮੈਨੂੰ ਸੋਹਣ ਕੋਲ ਛੱਡ ਕੇ ਕੰਤੀ ਕਿੱਧਰੇ ਛੂ-ਮੰਤਰ ਹੋ ਗਈ।

ਮੈਂ ਤੇ ਸੋਹਣ ਨੇ ਮੇਲਾ ਦੇਖਿਆ।

ਜਲੇਬੀਆਂ ਖਾਧੀਆਂ। ਚੰਡੋਲ ਝੂਟੇ।

ਉਹਨੇ ਮੈਨੂੰ ਲਾਲ ਚੂੜੀਆਂ ਦੀ ਦਰਜਨ ਲੈ ਕੇ ਦਿੱਤੀ ਤੇ ਕਿਹਾ-

"ਪੰਜ ਦਿਨ ਮੇਲਾ ਚੱਲਣਾ। ਮੇਲਾ ਮੁਕੇ ਤੋਂ ਦੂਜੇ ਦਿਨ ਬਾਅਦ ਆਹੀ ਲਾਲ ਚੂੜੀਆਂ ਪਾ ਕੇ ਲੋਅ ਲੱਗਦੀ ਨੂੰ ਮਾਡਲਾਂ ਵਾਲੇ 'ਟੇਸ਼ਨ 'ਤੇ ਆ ਜੀਂ। ਸਵਾ ਪੰਜ ਵਾਲੀ ਗੱਡੀ। ਬਹੁਤ ਦੂਰ ਚਲੇ ਜਾਣੈ ਆਪਾਂ।"

ਮੈਂ ਚੂੜੀਆਂ ਹਿੱਕ ਨਾਲ ਘੁੱਟ ਲਈਆਂ।

ਭੀੜ ਵਿਚੋਂ ਕਿੱਧਰੇ ਕੰਤੀ ਆਣ ਪ੍ਰਗਟ ਹੋਈ।

ਸੂਰਜ ਦੇਵਤਾ ਲਹਿੰਦੇ ਵੱਲ ਨੂੰ ਤੁਰਨ ਲੱਗਾ ਸੀ। ਦਿਨ ਢਲਦਾ ਦੇਖ ਅਸੀਂ ਵੀ ਪਿੰਡ ਨੂੰ ਤੁਰ ਪਈਆਂ। ਕਦਮਾਂ ਵਿਚ ਜਿਵੇਂ ਕਾਹਲ ਸੀ ਤੇ ਮਨ ਵਿਚ ਇੱਕ ਸਰੂਰ ਜਿਹਾ। ਪਰ ਮੇਲਾ ਮੁਕਣ ਤੋਂ ਪਹਿਲਾਂ ਹੀ ਸਾਡਾ ਸਾਥ ਮੁਕ ਗਿਆ। ਬਾਪੂ ਨੇ ਮੇਰਾ ਰਿਸ਼ਤਾ ਤਹਿ ਕਰ ਦਿੱਤਾ।

ਮੇਲੇ ਤੋਂ ਮੁੜੀ ਤਾਂ ਮਾਂ ਬਹੁਤ ਖੁਸ਼ ਦਿਸ ਰਹੀ ਸੀ। ਉਸਨੇ ਮੇਰਾ ਮੂੰਹ ਮਿੱਠਾ ਕਰਵਾਇਆ। ਪਰ ਮੇਰਾ ਅੰਦਰ ਕੁਸੈਲਾ ਹੋ ਗਿਆ। ਜਿਸ ਦਿਨ ਸੋਹਣ ਦੀ ਬੁੱਕਲ ਵਿਚ ਜਾਣਾ ਸੀ, ਉਸੇ ਦਿਨ ਮੈਂ ਦੁੱਲੇ ਦੀ ਬੁੱਕਲ ਵਿਚ ਪਈ ਸਾਂ। ਦਿਲ ਕੀਤਾ ਲਾਲ ਚੂੜੀਆਂ ਭੰਨ ਸੁੱਟਾਂ। ਪਰ ਫਿਰ ਪਤਾ ਨਹੀਂ ਕੀ ਸੋਚ ਕੇ ਸੰਭਾਲ ਲਈਆਂ।

ਉਹ ਚੂੜੀਆਂ ਕਿੰਨੇ ਹੀ ਸਾਲਾਂ ਤੋਂ ਮੇਰੇ ਦਾਜ ਵਾਲੇ ਸੰਦੂਕ ਵਿਚ ਸੰਭਾਲੀਆਂ ਪਈਆਂ ਸਨ।

ਅਗਲੇ ਵਰ੍ਹੇ, ਸਾਉਣ ਤੀਜੇ ਦਿਨ ਗਿਆ। ਮੈਂ ਮੁੜ ਉਹੀ ਚੂੜੀਆਂ ਕੱਢ ਕੇ ਪਾ ਲਈਆਂ ਕਿਉਂਕਿ ਉਸ ਦਿਨ ਮੇਲਾ ਸੀ।

ਦੁੱਲਾ ਮੇਲੇ ਗਿਆ।

ਸੁੱਖੋ ਲਈ ਕਈ ਸੁਗਾਤਾਂ ਲੈ ਕੇ ਆਇਆ। ਪਰ ਮੈਨੂੰ ਕਿਸੇ ਵੀ ਚੀਜ਼ ਦੀ ਜ਼ਰੂਰਤ ਨਹੀਂ ਸੀ ਰਹੀ। ਮੈਂ ਕੰਮ ਕਰਦੀ ਤਾਂ ਚੂੜੀਆਂ ਛਣਕਦੀਆਂ। ਮੈਨੂੰ ਸੋਹਣ ਦਿੱਸਣ ਲੱਗਦਾ। ਮੱਠਾ-ਮੱਠਾ ਮੁਸਕਰਾਉਂਦਾ। ਲੱਗਦਾ ਜਿਵੇਂ ਕਹਿ ਰਿਹਾ ਹੋਵੇ-

"ਨਾਮੋ! ਤੂੰ ਬੜੀ ਸੋਹਣੀ ਲੱਗਦੀ ਏ ਮੈਨੂੰ। ਪਰੀ ਵਰਗੀ।"

ਦੁੱਲਾ ਮੇਲੇ ਵਿਚੋਂ ਯੂ.ਪੀ. ਦੀ ਮਠਿਆਈ ਲੈ ਕੇ ਆਇਆ। ਮੈਂ ਤੋੜ ਕੇ ਮੂੰਹ ਵਿਚ ਪਾਈ। ਅੰਦਰ ਕੁਸੈਲਾ ਹੋ ਗਿਆ। ਦੁੱਲੇ ਦਾ ਬੀਜ ਮੇਰੇ ਅੰਦਰ ਵੱਧਣ ਫੁੱਲਣ ਲੱਗਾ ਸੀ।

ਸੋਹਣ ਆਖਦਾ ਸੀ ਅਸੀਂ ਆਪਣੇ ਮੁੰਡੇ ਦਾ ਨਾਮ ਤੇਜਪਾਲ ਰੱਖਣਾ।



ਮੇਰੇ ਪਹਿਲਾ ਜਵਾਕ ਜੰਮਿਆਂ। ਮੈਂ ਸੋਹਣ ਨੂੰ ਯਾਦ ਕਰਦਿਆਂ ਉਸਦਾ ਨਾਂ ਤੇਜਪਾਲ ਰੱਖਿਆ।

ਤੇਜਪਾਲ...ਜਿਸ ਦੀ ਧੀ ਸੁਨੇਹਾ ਹੈ। ਯਾਨਿ ਕੀ ਮੇਰੀ ਪੋਤੀ।

ਸੁਨੇਹਾ ਨੇ ਸੋਹਣ ਤੇ ਸਾਉਣ ਯਾਦ ਕਰਵਾਇਆ। ਮੈਂ ਚੂੜੀਆਂ ਸੁਨੇਹਾ ਨੂੰ ਪਾ ਦਿੱਤੀਆਂ। ਸਾਉਣ ਦੀਆਂ ਕਣੀਆਂ ਡਿੱਗਣ ਲੱਗੀਆਂ। ਤੇਜਪਾਲ ਤੇ ਬਹੂ ਮੇਲੇ ਨੂੰ ਤੁਰ ਪਏ। ਬਾਬੇ ਕੋਲੋਂ ਦੁਆ ਮੰਗਣ ਲਈ।

## (ਸੁਨੇਹਾ: ਇਤਿਹਾਸ ਦਾ ਦੁਹਰਾਉ)

ਤੇਜਪਾਲ ਦੀ ਲਾਡਲੀ ਧੀ ਸੁਨੇਹਾ।

ਮੇਰਾ ਤੇ ਉਹਦਾ ਬਹੁਤ ਸੁਨੇਹਾ ਹੈ।

ਰੱਜ ਕੇ ਸੋਹਣੀ। ਉਸਨੂੰ ਦੇਖ ਕੇ ਮੈਨੂੰ ਆਪਣੀ ਜਵਾਨੀ ਯਾਦ ਆਉਂਦੀ। ਠਾਠਾ ਮਾਰਦੀ ਜਵਾਨੀ। ਮੇਰੀ ਪੋਤੀ ਡਾਕਟਰੀ ਦੀ ਪੜ੍ਹਾਈ ਕਰਦੀ। ਦੂਜੇ ਸ਼ਹਿਰ।

ਇੱਕ ਦਿਨ ਮੇਰਾ ਸੰਦੂਖ ਦੇਖ ਕੇ ਸੁਨੇਹਾ ਨੇ ਪੁੱਛਿਆ।

"ਦਾਦੀ ਕੀ ਹੈ ਇਹਦੇ ਵਿੱਚ?"

"ਬੜਾ ਕੁਝ ਕੀਮਤੀ।"

ਮੈਂ ਦੱਸਿਆ।

"ਮੈਨੂੰ ਵੀ ਦਿਖਾਓ ਨਾ। ਤੁਸੀਂ ਹਰ ਵੇਲੇ ਇਹਨੂੰ ਜਿੰਦਾ ਕਿਉਂ ਲਾਈ ਰੱਖਦੇ ਹੋ?"

"ਧੀਏ ਕੀਮਤੀ ਸ਼ੈਆਂ ਨੂੰ ਸੰਭਾਲ ਕੇ ਰੱਖੀਦਾ।"

ਮੈਂ ਸੁਨੇਹਾ ਨੂੰ ਪਿਆਰ ਕਰਦੀ।

ਪਰ ਉਹਨੂੰ ਨਜ਼ਰਾਂ ਲੱਗ ਗਈਆਂ। ਤੇਜਪਾਲ ਨਰਾਜ਼ ਹੋ ਗਿਆ। ਬਹੂ ਨੂੰ ਡੋਬ ਪੈਣ ਲੱਗੇ। ਮੈਨੂੰ ਲੱਗਿਆ ਜਿਵੇਂ ਇਤਿਹਾਸ ਦੁਹਰਾਇਆ ਜਾਣ ਲੱਗਾ ਹੋਵੇ। ਸੁਨੇਹਾ ਰਮਨ-ਰਮਨ ਕਰਦੀ। ਉਹਦੇ ਗੁਣ ਗਾਉਂਦੀ। ਮੈਂ ਡਰ ਗਈ। ਮੈਨੂੰ ਆਪਣੇ ਦਿਨ ਯਾਦ ਆਉਂਦੇ।

ਉਸਦੀਆਂ ਅੱਖਾਂ ਵਿਚ ਜੋ ਤੜਫ਼ ਸੀ। ਉਹ ਮੈਂ ਆਪਣੀਆਂ ਅੱਖਾਂ ਵਿਚ ਹੰਢਾਈ ਸੀ। ਮੈਂ ਫੈਸਲਾ ਕਰ ਲਿਆ। ਸੰਦੂਖ ਖੋਲਿਆ।

ਸੁਨੇਹਾ ਬੋਲੀ- "ਦਾਦੀ ਮਾਂ। ਇਹਦੇ 'ਚ ਤਾਂ ਬੱਸ ਆਹੀ ਕੱਪੜੇ ਈ ਨੇ। ਕੀਮਤੀ ਸਮਾਨ ਕਿਹੜਾ ਏ ਭਲਾ?"

"ਮੈਂ ਰੇਸ਼ਮੀ ਫੁੱਲਕਾਰੀ ਵਿਚ ਲਪੇਟੀਆਂ ਲਾਲ ਚੂੜੀਆਂ ਖੋਲ੍ਹੀਆਂ।"

"ਆਹ ਦੇਖ... ਮੇਰੀ ਉਮਰਾਂ ਦੀ ਖੱਟੀ।"

ਮੈਂ ਚੂੜੀਆਂ ਸੁਨੇਹਾ ਦੇ ਹੱਥੀਂ ਪਾ ਦਿੱਤੀਆਂ।

"ਜੁੱਗਾਂ ਜੀਵੇ ਤੂੰ। ਬੁੱਢ ਸੁਹਾਗਣ ਹੋਵੇ।"

ਮੈਂ ਅਸੀਸ ਦਿੱਤੀ।

ਮੱਥਾ ਚੁੰਮਿਆ।

ਉਸਨੂੰ ਗਲੇ ਲਗਾ ਲਿਆ।

ਸੁਨੇਹਾ ਨੇ ਪਹਿਲਾ ਕਦਮ ਬਾਹਰ ਰੱਖਿਆ। ਮੈਂ ਭੁੱਬ ਮਾਰੀ। ਉਸਦੀ ਤੁਰੀ ਜਾਂਦੀ ਦੀ ਪਿੱਠ ਦੇਖਦੀ ਰਹੀ।

## (ਸੋਹਣ: ਲੰਮੀਆਂ ਉਡੀਕਾਂ)

ਕਿੰਨਾ ਪਿਆਰ ਸੀ ਮੇਰਾ ਤੇ ਸੋਹਣ ਦਾ।

ਅਸੀਂ ਜਿਉਂਣ ਮਰਨ ਦੀਆਂ ਸਹੁੰਆਂ ਖਾਧੀਆਂ।

ਮੇਰੀ ਜਵਾਨੀ ਨੇ ਅਜੇ ਰੰਗ ਹੀ ਫੜੇ ਸੀ ਜਦੋਂ ਮੈਂ ਸੋਹਣ ਦੇ ਰੰਗ ਵਿਚ ਰੰਗੀ ਗਈ। ਸਾਡੀ ਬਾਹਰਲੀ ਹਵੇਲੀ ਦੇ ਬੂਹੇ-ਬਾਰੀਆਂ ਚੜਾਉਣ ਆਇਆ ਸੀ ਸੋਹਣ। ਉਹਦੇ ਹੱਥਾਂ ਵਿਚ ਹੁਨਰ ਸੀ। ਮੈਂ ਝਾਈ ਨਾਲ ਹਵੇਲੀ ਚਲੀ ਜਾਂਦੀ। ਰੋਟੀ ਵੇਲਦਿਆਂ ਸੋਹਣ ਵੱਲ ਵੇਖਦੀ ਰਹਿੰਦੀ। ਰੋਟੀਆਂ ਵਿੰਗੀਆਂ ਟੇਡੀਆਂ ਹੋ ਜਾਂਦੀਆਂ।

ਉਧਰ ਹਵੇਲੀ ਦੇ ਬੂਹੇ-ਬਾਰੀਆਂ ਸਿਰੇ ਚੜ੍ਹ ਗਏ ਇੱਧਰ ਸਾਡਾ ਪਿਆਰ।

ਮੁਰਗੇ ਦੀ ਬਾਂਗ ਨਾਲ ਸੋਹਣ ਮੈਨੂੰ ਮਿਲਣ ਲਈ ਆਉਂਦਾ।

ਅਸੀਂ ਡੇਰੇ ਦੇ ਪਿਛਲੇ ਪਾਸੇ ਮਿਲਦੇ।

ਚੁਫੇਰੇ ਦੀ ਚੁੱਪ ਬੀਂਡਿਆਂ ਦੀ ਟੀਂ.ਟੀਂ. ਨਾਲ ਟੁੱਟਣ ਲੱਗਦੀ।

ਮੈਂ ਹਵੇਲੀ ਦਾ ਦਰਵਾਜ਼ਾ ਖੋਲ੍ਹ ਕੇ ਦਹਿਲੀਜ਼ ਟੱਪ ਜਾਂਦੀ। ਆਪਣੇ ਪਿਆਰ ਦੀ ਸਲਾਮਤੀ ਲਈ ਦੁਆਵਾਂ ਮੰਗਦੀ। ਕਦੇ ਕਦੇ ਦਿਲ ਡੁੱਬਣ ਲੱਗਦਾ।

ਸੋਹਣ ਪੁੱਛਦਾ- "ਇਹ ਉਚੀਆਂ ਹਵੇਲੀਆਂ ਵਾਲੇ ਸਰਦਾਰ ਮੰਨ ਜਾਣਗੇ ਸਾਡੇ ਰਿਸ਼ਤੇ ਲਈ?"

"ਹਾਂ !ਕਿਉਂ ਨਹੀਂ ! ਸਾਡੀ ਜੋੜੀ ਤਾਂ ਰੱਬ ਨੇ ਬਣਾਈ ਹੈ।"

ਮੈਂ ਮਾਣ ਨਾਲ ਆਖਦੀ।

ਉਹ ਸੋਚਦਾ ਤੇ ਫੇਰ ਆਖਦਾ-"ਮੈਂ ਇਹਨਾਂ ਸਰਦਾਰਾਂ ਦੇ ਟੁਕੜਿਆਂ 'ਤੇ ਪਲਣ ਵਾਲਾ। ਇਹ ਡਾਢੇ...।"

"ਮੇਰੇ ਪਿਆਰ 'ਤੇ ਉਸ ਰੱਬ 'ਤੇ ਭਰੋਸਾ ਰੱਖ।"

ਮੈਂ ਦੇਖਦੀ, ਉਹ ਉਦਾਸ ਹੋ ਜਾਂਦਾ।

ਮੈਂ ਵੀ ਡੂੰਘੀਆਂ ਸੋਚਾਂ ਵਿਚ ਗੁਆਚ ਜਾਂਦੀ।

ਲੱਗਦਾ ਕਿੰਨੀਆਂ ਔਖੀਆਂ ਨੇ ਇਹ ਰਸਮਾਂ ਦੀਆਂ ਕੰਧਾਂ ਟੱਪਣੀਆਂ। ਮੈਂ ਡਰ ਜਾਂਦੀ। ਸੋਹਣ ਨੂੰ ਆਖਦੀ ਲੈ ਚੱਲ ਮੈਨੂੰ। ਇਸ ਸਮਾਜ ਕੋਹਾਂ ਦੂਰ। ਜਿੱਥੇ ਬੱਸ ਤੂੰ ਤੇ ਮੈਂ



ਹੋਈਏ। ਤੇਰਾ ਤੇ ਮੇਰਾ ਸੋਹਣਾ ਸੰਸਾਰ ਹੋਵੇ। ਮੈਂ ਹਾੜੇ ਕੱਢਦੀ। ਰਾਤਾਂ ਖਾਣ ਨੂੰ ਪੈਂਦੀਆਂ। ਅਸੀਂ ਲੁਕ-ਲੁਕ ਮਿਲਦੇ ਰਹੇ। ਇੱਕ ਦਿਨ ਸੋਹਣ ਦਾ ਸੁਨੇਹਾ ਮਿਲਿਆ। ਮੇਰੇ ਪੈਰਾਂ ਹੇਠਾਂ ਅੱਗ ਮੱਚ ਗਈ। ਸੀਸੇ ਵਿਚ ਦੇਖਕੇ ਖ਼ੁਦ ਨੂੰ ਨਿਹਾਰਦੀ ਰਹੀ। ਮੇਰਾ ਰੂਪ ਮੈਨੂੰ ਹੋਰ ਨਿਖਰ ਆਇਆ ਜਾਪਿਆ। ਮੈਂ ਟਰੰਕ ਵਿਚੋਂ ਬੂਟੀਆਂ ਵਾਲਾ ਸੂਟ ਕੱਢ ਲਿਆ। ਸਬਾਤ ਉੱਤੋਂ ਉੱਚੀ ਅੱਡੀ ਵਾਲੀ ਜੁੱਤੀ ਲਾਹ ਲਈ। ਦੋ ਦਿਨਾਂ ਬਾਅਦ ਮੇਲਾ ਸੀ। ਮੇਲੇ ਦੇ ਪਹਿਲੇ ਦਿਨ ਸੋਹਣ ਨੇ ਮਿਲਣ ਲਈ ਬੁਲਾਇਆ। ਮੈਂ ਕੰਤੀ ਨੂੰ ਨਾਲ ਤਿਆਰ ਕਰ ਲਿਆ। ਹਾੜੇ ਕੱਢ-ਕੱਢ ਝਾਈ ਨੂੰ ਮਨਾਇਆ। ਮੈਂ ਤੇ ਕੰਤੀ ਅਗਵਾੜ ਦੀਆਂ ਸਭ ਕੁੜੀਆਂ-ਬੁੜੀਆਂ ਤੋਂ ਅੱਡ ਹੋ ਕੇ ਗਈਆਂ। ਕੰਤੀ ਛੇੜਦੀ। ਮਿੰਨ੍ਹਾ-ਮਿੰਨ੍ਹਾ ਮੁਸਕਰਾਉਂਦੀ। ਗਾਉਂਦੀ:-

ਪੰਜ ਬਾਰੀਆਂ<br>ਪਚਾਸੀ ਬੂਹੇ ਟੱਪਕੇ<br>ਮੈਂ ਆਵਾਂਗੀ ਹਵਾ ਬਣਕੇ।

ਘਰ ਮੁੜੀ ਤਾਂ ਘਰ ਦੀਆਂ ਹਵਾਵਾਂ ਪਿੰਡਾ ਸਾੜਣ ਲੱਗੀਆਂ।

ਬਾਪੂ ਦੀਆਂ ਅੱਖਾਂ ਦੀ ਲਾਲੀ ਮੈਨੂੰ ਖਾਣ ਲਈ ਆਉਂਦੀ। ਸਾਡੇ ਪਿੰਡ ਪਹੁੰਚਣ ਤੋਂ ਪਹਿਲਾਂ ਹੀ ਕਿਸੇ ਮੇਲੇ ਦਾ ਹਾਲ ਪਿੰਡ ਪਹੁੰਚਾ ਦਿੱਤਾ। ਪੱਗ ਸਲਾਮਤ ਰੱਖਣ ਲਈ ਬਾਪੂ ਨੇ ਮੈਨੂੰ ਦੁੱਲੇ ਨਾਲ ਜੂੜ ਦਿੱਤਾ। ਪੰਜ ਦਿਨ ਮੇਲਾ ਚੱਲਿਆ ਤੇ ਸੱਤਵੇਂ ਦਿਨ ਮੇਰੀ ਡੋਲੀ ਚੱਲ ਪਈ। ਸੋਹਣ 'ਟੇਸ਼ਨ 'ਤੇ ਖੜ੍ਹਾ ਉਡੀਕਦਾ ਰਿਹਾ। ਸਵਾ ਪੰਜ ਵਾਲੀ ਗੱਡੀ ਆਈ ਤੇ ਚਲੀ ਗਈ। ਮੈਂ ਕੀਤਾ ਵਾਅਦਾ ਪੁਗਾ ਨਾ ਸਕੀ। ਉਹ ਉਡੀਕਦਾ ਰਿਹਾ। ਪਰ ਇਹ ਲੰਮੀਆਂ ਉਡੀਕਾਂ ਕਦੇ ਵੀ ਨਾ ਮੁੱਕੀਆਂ।

## (ਦੁੱਲਾ: ਸਜ਼ਾ ਤੇ ਸੰਤਾਪ)

ਬਾਪੂ ਨੂੰ ਮੇਰੇ ਤੇ ਸੋਹਣ ਦੇ ਪਿਆਰ ਦਾ ਪਤਾ ਲੱਗਿਆ ਤਾਂ ਉਹਨੇ ਬਿਨ੍ਹਾਂ ਦਰ-ਘਰ ਦੇਖੇ ਮੇਰਾ ਰਿਸ਼ਤਾ ਪੱਕਾ ਕਰ ਦਿੱਤਾ।

ਮੇਰਾ ਲਾੜਾ ਦੁੱਲਾ... ਨਾਮ ਲਿਆ ਮੂੰਹ ਭਰ ਜਾਂਦਾ।

ਸੋਚਿਆ... ਮੇਰੇ ਸਰਦਾਰ ਬਾਪ ਨੇ ਉੱਚੇ ਸਰਦਾਰਾਂ ਨਾਲ ਮੱਥਾ ਲਾਇਆ ਹੋਣਾ, ਪਰ ਦੁੱਲਾ ਨਾਮ ਦਾ ਹੀ ਦੁੱਲਾ ਸੀ। ਉਹ ਦੁੱਲਾ ਸੀ। ਦੁੱਲਾ ਭੱਟੀ ਨਹੀਂ। ਦੁੱਲਾ ਮੇਰੀ ਸਜ਼ਾ ਸੀ। ਸੋਹਣ ਨਾਲ ਪਿਆਰ ਕਰਨ ਕਰਕੇ ਕੀਤੀ ਗਲਤੀ ਦੀ ਸਜ਼ਾ। ਚਾਰ ਕਿੱਲੇ ਭੌਇ ਸੀ ਮੇਰੇ ਸਹੁਰੇ ਬਿਸ਼ਨ ਸਿਹੁੰ ਕੋਲ। ਦੋ ਕਿੱਲੇ ਦੁੱਲੇ ਨੂੰ ਆਉਂਦੀ ਦੋ ਕਿੱਲੇ ਫੌਜੀ ਨੂੰ। ਖੇਤੀ ਸਾਂਝੀ ਸੀ। ਮੇਰੇ ਸਹੁਰੇ ਦੇ ਜਿਊਂਦਿਆਂ ਵੀ ਤੇ ਉਹਦੇ ਮਰਨ ਪਿੱਛੋਂ ਵੀ। ਦੁੱਲਾ ਫੀਮ ਖਾਂਦਾ। ਨਿੱਤ ਸ਼ਰਾਬ ਪੀਂਦਾ। ਮੇਰੇ ਪੇਕਿਆ ਦਾ ਪਾਇਆ ਕੁੱਲ ਟੂਮ-ਟੱਲਾ ਹੌਲੀ-ਹੌਲੀ ਖੁਰ ਗਿਆ। ਫੀਮ ਤੇ ਸ਼ਰਾਬ ਬਿਨ੍ਹਾਂ ਇੱਕ ਹੋਰ ਵੈਲ ਵੀ ਪਾਲ ਰੱਖਿਆ ਸੀ ਦੁੱਲੇ ਨੇ। ਉਹ ਸੀ ਸੁੱਖੋ ਦਾ ਵੈਲ। ਦੁੱਲਾਂ ਸੁੱਖੋ ਨਾਲ ਰਿਸ਼ਤਾ ਹੰਢਾਉਂਦਾ ਰਿਹਾ।

ਇਹ ਮੇਰਾ ਸਭ ਤੋਂ ਵੱਡਾ ਸੰਤਾਪ ਸੀ।

ਮੈਂ ਅੰਦਰ ਹੀ ਅੰਦਰ ਟੁੱਟਦੀ ਰਹੀ। ਰੋਂਦੀ ਰਹੀ। ਕੌਣ ਸੀ ਜਿਸ ਨਾਲ ਢਿੱਡ ਫੋਲਦੀ। ਦੁੱਲਾ ਹਰੇਕ ਗੱਲ ਤੋਂ ਕਲੇਸ਼ ਪਾਈ ਰੱਖਦਾ। ਮੇਰੇ ਪਹਿਲਾਂ ਪੁੱਤ ਜੰਮਿਆ। ਮੈਨੂੰ ਜਿਵੇਂ ਸਾਰੇ ਦੁੱਖ ਭੁੱਲ ਗਏ। ਮੈਂ ਮੁੰਡੇ ਦਾ ਨਾਂ ਤੇਜਪਾਲ ਰੱਖਿਆ ਤੇਜਪਾਲ ਸੋਹਣ ਦੀ ਪਸੰਦ ਸੀ।

ਮੈਂ ਜਵਾਕ ਵਿਚ ਪਚਰ ਗਈ।

ਪਰ ਬਾਪ ਬਣਕੇ ਵੀ ਦੁੱਲੇ ਨੇ ਲੱਥ ਪੁਣਾ ਨਾ ਛੱਡਿਆ।

ਤੇਜਪਾਲ ਅਜੇ ਉਡਾਰ ਹੀ ਹੋਇਆ ਸੀ ਕਿ ਦੁੱਲਾ ਮੋਟਰ ਵਾਲੀ ਖੂਹੀ ਵਿਚ ਡਿੱਗ ਕੇ ਮਰ ਗਿਆ। ਪਰ ਮੇਰੀ ਅੱਖ ਵਿਚੋਂ ਇੱਕ ਅੱਥਰੂ ਵੀ ਨਾ ਕਿਰਿਆ। ਦੁੱਲੇ ਦੇ ਭੋਗ ਮਗਰੋਂ ਮੈਂ ਪੇਕੇ ਗਈ। ਕੰਤੀ ਨੇ ਦੱਸਿਆ– “ਸੋਹਣ ਤਾਂ ਕਿੱਧਰੇ ਰੂਹ-ਪੋਸ਼ ਹੋ ਗਿਆ। ਤੈਨੂੰ ਉਡੀਕਦਾ-ਉਡੀਕਦਾ ਖ਼ੁਦ ਕਿਧਰੇ ਤੁਰ ਗਿਆ। ਪਤਾ ਨਹੀਂ ਜਿਉਂਦਾ ਏ ਜਾਂ ਮਰ ਗਿਆ।”

ਮੈਂ ਉਸ ਦਿਨ ਬਹੁਤ ਰੋਈ ਸਾਂ। ਹੰਝੂਆਂ ਵਾਲਾ ਜਿਵੇਂ ਕੜ ਪਾਟ ਗਿਆ। ਝਾਈ ਨੇ ਗਲ ਨਾਲ ਘੁੱਟ ਲਿਆ। ਇੰਨੀ ਵੱਡੀ ਦੁਨੀਆਂ ਵਿਚ ਕਿੱਥੇ ਜਾ ਬੈਠਾ ਹੈ ਸੋਹਣ, ਮੈਨੂੰ ਸਮਝ ਨਾ ਆਉਂਦੀ।

(**ਸਮਾਂ: ਬਦਲਦਾ ਚੱਕਰ**)

ਇਸ ਵੱਡੀ ਸਾਰੀ ਕੋਠੀ ਵਿਚ ਮੈਂ ਸਾਰਾ ਦਿਨ ਇਕੱਲੀ ਰਹਿੰਦੀ ਹਾਂ। ਮੇਰਾ ਪੁੱਤ ਤੇਜਪਾਲ ਤੇ ਬਹੂ ਰਾਜਬੀਰ ਸਾਰਾ ਦਿਨ ਆਪਣਿਆਂ ਰੁਝੇਵਿਆਂ ਵਿਚ ਰੁਝੇ ਰਹਿੰਦੇ ਹਨ। ਸੁਨੇਹਾ ਬਾਹਰ ਰਹਿੰਦੀ ਹੈ। ਕਦੇ ਹਫਤੇ-ਦਸ ਦਿਨਾਂ ਬਾਅਦ ਘਰ ਗੇੜਾ ਮਾਰਦੀ।

ਪਰ ਉਸਨੇ ਹੁਣ ਕਦੀ ਨਹੀਂ ਮੁੜਨਾ।

ਘਰ ਦੇ ਬਾਹਰ ਤੇਜਪਾਲ ਦੇ ਨਾਮ ਦਾ ਵੱਡਾ ਸਾਰਾ ਬੋਰਡ ਟੰਗਿਆ ਹੈ ਤੇ ਅੰਦਰ ਸਾਰਾ ਦਿਨ ਮੈਂ ਟੰਗੀ ਰਹਿੰਦੀ ਹਾਂ। ਚੁੱਪ। ਸ਼ਾਂਤ।

ਮੇਰਾ ਤੇ ਚੁੱਪ ਦਾ ਰਿਸ਼ਤਾ ਹੈ ਜਿਵੇਂ ਕੋਈ।

ਵਕਤ ਕਿੰਨਾ ਬਦਲ ਗਿਆ ਹੈ। ਅੱਜ ਕਿੰਨੇ ਵਰ੍ਹੇ ਪਿਛਾਂਹ ਚਲੀ ਗਈ ਹਾਂ। ਦੁੱਲੇ ਦੀ ਮੌਤ ਮਗਰੋਂ ਤੇਜਪਾਲ ਦੀ ਪੜ੍ਹਾਈ ਲਿਖਾਈ ਬਾਪੂ ਹੁਣਾਂ ਕਰਵਾਈ। ਤੇਜਪਾਲ ਨੂੰ ਵੱਡਾ ਅਫਸਰ ਬਣਾਇਆ। ਕਦੇ ਘਰ ਵਿਚ ਭੰਗ-ਭੁਜਦੀ ਸੀ। ਅੱਜ ਇਸ ਘਰ ਦੇ ਕੁੱਤੇ ਵੀ ਕੰਬਲਾਂ ਵਿਚ ਸੌਂਦੇ ਨੇ। ਕਿੰਨਾ ਕੁਝ ਬਦਲ ਗਿਆ ਹੈ। ਪਰ ਫਿਰ ਵੀ ਕਿੰਨਾ ਕੁਝ ਹੈ ਜੋ ਕਦੀ ਨਹੀਂ ਬਦਲ ਸਕਨਾ। ਮੇਰੇ ਮਨ ਵਿਚ ਵੱਸਦੀ ਸੋਹਣ ਦੀ ਯਾਦ ਅੱਜ ਵੀ ਜਿਉਂ ਦੀ ਤਿਉਂ ਤਾਜ਼ਾ ਦਮ ਹੈ। ਉਹਦੀ ਦਿੱਤੀ ਪਿਆਰ ਨਿਸ਼ਾਨੀ ਨਾਲ ਚੂੜੀਆਂ, ਮੈਂ ਕਿੰਨੇ ਸਾਲਾਂ ਤੋਂ ਕਿਸੇ ਕੀਮਤੀ ਸ਼ੈਅ ਵਾਂਗ ਸੰਭਾਲੀ ਬੈਠੀ ਸਾਂ। ਜਦੋਂ ਕਦੇ ਵੀ ਸੋਹਣ ਯਾਦ ਆਇਆ ਮੈਂ ਚੂੜੀਆਂ ਨੂੰ ਵੇਖ ਲਿਆ। ਇੰਜ ਮੇਰੀਆਂ ਨਸ਼ਾਂ ਵਿਚ ਖ਼ੂਨ ਤੇਜ਼-ਤੇਜ਼ ਚੱਲਣ ਲੱਗਦਾ। ਅੱਜ ਵੀ ਮੈਂ ਇਕੱਲੀ ਬੈਠੀ ਗਾਉਂਦੀ ਹਾਂ–



ਸੋਹਣਾ ਮੇਰਾ ਸਾਰਿਆਂ ਤੋਂ ਸੋਹਣਾ
ਸਭ ਦੇ ਦਿਲਾਂ ਨੂੰ ਮੋਹਣਾ
ਸੋਹਣਾ!!

ਪਿਆਰ ਉਮਰਾਂ ਨਹੀਂ ਵੇਖਦਾ। ਇਹ ਜਾਤਾਂ ਨਹੀਂ ਪੁਛਦਾ। ਪਿਆਰ ਤਾਂ ਅਹਿਸਾਸ ਹੈ, ਜੋ ਮੇਰੇ ਅੰਦਰ ਜਿਉਂਦਾ ਹੈ।

(**ਲੰਮੀਆਂ ਵਾਟਾਂ: ਸਵਾ ਪੰਜ ਵਾਲੀ ਗੱਡੀ**)

ਸੁਨੇਹਾ ਦੋ ਦਿਨ ਪਹਿਲਾਂ ਘਰ ਆਈ ਸੀ।

ਸ਼ਾਇਦ ਆਖਰੀ ਵਾਰ। ਹੁਣ ਉਹਨੇ ਕਦੇ ਵੀ ਇੱਥੇ ਨਹੀਂ ਆਉਣਾ। ਸ਼ਾਮੀ ਪਈ ਬਹੂ ਤੇ ਤੇਜਪਾਲ ਘਰ ਮੁੜੇ ਤਾਂ ਉਹਨੇ ਰਮਨ ਵਾਲੀ ਗੱਲ ਕੀਤੀ। ਤੇਜਪਾਲ ਭੜਕ ਪਿਆ।

ਮੈਂ ਕਮਰੇ ਵਿਚ ਬੈਠੀ ਉਹਨਾਂ ਦੀ ਕਿੜ-ਕਿੜ ਸੁਣਦੀ ਰਹੀ। ਮੇਰੇ ਕੁਝ ਪੱਲ੍ਹੇ ਨਹੀਂ ਸੀ ਪਿਆ। ਸਨੇਹਾ ਮੇਰੇ ਕਮਰੇ ’ਚ ਆਈ ਤਾਂ ਉਹਦੀਆਂ ਅੱਖਾਂ ਭਿੱਜੀਆਂ ਪਈਆਂ ਸਨ। ਮੈਂ ਪਿੱਠ ਪਲੋਸੀ ਪੁਛਿਆ।

“ਕੀ ਹੋਇਆ ਧੀਏ। ਮੈਨੂੰ ਦੱਸ।”

ਉਹ ਚੁੱਪ ਰਹੀ। ਮੈਂ ਪਿਆਰ ਨਾਲ ਵਰਾਇਆ।

“ਮੈਂ ਪਸੰਦ ਕਰਦੀ ਹਾਂ ਕਿਸੇ ਨੂੰ।”

ਉਹ ਅੱਖਾਂ ਪੂੰਝਦੀ ਬੋਲੀ।

ਮੇਰੀਆਂ ਅੱਖਾਂ ਅੱਗੇ ਹਨ੍ਹੇਰਾ ਛਾ ਗਿਆ।

“ਕੌਣ ਏ ਉਹ?”

“ਰਮਨ ਨਾਂ ਏ ਉਹਦਾ। ਤਲਵੰਡੀ ਸੋਭਾ ਸਿੰਹੁ ਦਾ। ਮੇਰੇ ਨਾਲ ਪੜ੍ਹਦਾ।”

ਸਨੇਹਾ ਦੀ ਗੱਲ ਸੁਣ ਕੇ ਮੈਂ ਅੰਦਰ ਤੱਕ ਠਰ ਗਈ।

ਤਲਵੰਡੀ ਸੋਭਾ ਸਿਹੁੰ ਤਾਂ ਸੋਹਣ ਦਾ ਪਿੰਡ ਹੈ।

“ਕਿੰਨ੍ਹਾਂ ਦਾ ਮੁੰਡਾ ਏ ਉਹ ਧੀਏ?”

“ਮਿਸਤਰੀਆਂ ਦਾ। ਤਾਂ ਹੀ ਤਾਂ ਪਾਪਾ....।”

“ਪਰ ਤੂੰ ਪੜ੍ਹਾਈ ਤਾਂ ਮੁਕਾ ਲੈ ਆਪਣੀ।”

ਮੈਂ ਸਮਝਾਉਣ ਵਾਂਗ ਆਖਿਆ।

“ਪੜ੍ਹਾਈ ਤਾਂ ਮੁਕ ਜਾਣੀ ਏ। ... ਤੇ ਸ਼ਾਇਦ ਇੰਜ ਹੀ ਜ਼ਿੰਦਗੀ। ਪਸੰਦ ਦੱਸੀ ਏ। ਕੀ ਗੁਨਾਹ ਕੀਤਾ ਮੈਂ।”

ਉਹਦੀਆਂ ਅੱਖਾਂ ਛਲਕ ਆਈਆਂ।

“ਧੀਏ ਇੱਥੇ ਕੁੜੀਆਂ ਨੂੰ ਆਪਣੀ ਪਸੰਦ ਦੱਸਣ ਦਾ ਹੱਕ ਨਹੀਂ ਹੈ। ਕਦੀ ਨਹੀਂ ਮੰਨਣਾ ਤੇਰੇ ਪਿਉ ਨੇ ਜਾਣਦੀ ਹਾਂ ਮੈਂ।”

ਮੈਨੂੰ ਆਪਣੇ ਦਿਨ ਯਾਦ ਆ ਗਏ।
"ਪਤਾ ਏ ਮੈਨੂੰ ਵੀ।"
"ਫੇਰ!"
"ਅਸੀਂ ਚਲੇ ਜਾਵਾਂਗੇ ਕਿਤੇ ਦੂਰ।"
"ਕਿੱਥੇ ?"
"ਜਿੱਥੇ ਵੀ ਰਮਨ ਲੈ ਜਾਊ।"
"ਤਿਆਰ ਏ ਉਹ ?"
"ਹਾਂ।"
"ਸੌ ਵਾਰ ਸੋਚ ਲਿਓ, ਕੁਝ ਵੀ ਕਰਨ ਤੋਂ ਪਹਿਲਾਂ।"
ਮੈਂ ਸਮਝਾਇਆ।
ਪਰ ਸਨੇਹਾ ਤਾਂ ਫੈਸਲਾ ਕਰੀ ਬੈਠੀ ਸੀ। ਅਗਲੀ ਸਵੇਰ ਉਹ ਤੜਕਸਾਰ ਮੇਰੇ ਕਮਰੇ 'ਚ ਆਈ। ਹੱਥ ਵਿਚ ਬੈਗ ਸੀ ਉਹਦੇ।
"ਕਿੱਥੇ ਜਾ ਰਹੀ ਏ ਤੂੰ ?"
ਮੈਂ ਪੁਛਿਆ।
"ਇਥੋਂ ਕਿਤੇ ਦੂਰ...। ਰਮਨ ਉਡੀਕ ਰਿਹਾ ਮੈਨੂੰ।"
"ਪਰ...।"
"ਮੈਨੂੰ ਮਾਫ਼ ਕਰ ਦਿਓ।"
ਉਹ ਮੇਰੇ ਗਲ ਲੱਗ ਕੇ ਰੋਣ ਲੱਗੀ।
"ਦਾਦੀ ਮਾਂ। ਰੋਕੋਗੇ ਨਹੀਂ ਮੈਨੂੰ ?"
"ਨਹੀਂ। ਤੂੰ ਹਿੰਮਤ ਕੀਤੀ ਹੈ। ਜੋ ਕਦੇ ਮੈਂ ਨਾ ਕਰ ਸਕੀ। ਆਹ ਲੈ ਲਾਲ ਚੂੜੀਆਂ ਪਾ ਲੈ। ਖੁਸ਼ ਰਹੀ।"
ਮੈਂ ਅਸੀਸ ਦਿੱਤੀ।
ਉਸਨੇ ਅੱਖਾਂ ਪੂੰਝੀਆਂ। ਬੈਗ ਚੁੱਕ ਲਿਆ।
"........"
ਮੈਂ ਲਫ਼ਜ਼ ਅੰਦਰੇ ਰੋਕ ਲਏ।
ਸਨੇਹਾ ਨੇ ਕਦਮ ਬਾਹਰ ਰੱਖਿਆ।
ਮੈਂ ਉਸਦੀ ਪਿੱਠ ਦੇਖਦੀ ਰਹੀ। ਜਿਸ ਲਛਮਣ ਰੇਖਾ ਨੂੰ ਮੈਂ ਨਾ ਟੱਪ ਸਕੀ। ਉਸਨੂੰ ਸੁਨੇਹਾ ਪਾਰ ਕਰ ਗਈ ਸੀ।

*********



# ਅਧੂਰੀ ਕਹਾਣੀ ਤੇ ਉਹ

ਅੱਜ ਸਵੇਰੇ ਡਾਕ ਵਿਚ ਆਇਆ ਮੈਰਿਜ਼ ਕਾਰਡ ਖੋਲ੍ਹਿਆ।
ਲੱਗਿਆ ਜਿਵੇਂ ਕੁਝ ਡੋਲ ਰਿਹਾ ਹੋਵੇ।
"ਇਹ ਪ੍ਰਬਲ...।"
ਮੈਂ ਦਿਮਾਗ 'ਤੇ ਜ਼ੋਰ ਪਾਇਆ।
ਪਰ ਕੁਝ ਯਾਦ ਨਹੀਂ ਸੀ ਆ ਰਿਹਾ।
ਸੋਚਦਿਆਂ-ਸੋਚਦਿਆਂ, ਮੈਂ ਤਿੰਨ ਵਰ੍ਹੇ ਪਿੱਛੇ ਚਲਾ ਗਿਆ ਸਾਂ।... ਤੇ ਇਕਦਮ ਯਾਦ ਆਇਆ।
ਪ੍ਰਬਲ ਫਰੌਮ ਆਸਟ੍ਰੇਲੀਆ।
ਹਾਂ ਪ੍ਰਬਲ ਫਰੌਮ ਆਸਟ੍ਰੇਲੀਆ।
ਉਹੀ ਹੈ ਇਹ।
ਢਿੱਲੋਂ ਸਾਬ੍ਹ ਦੇ ਦੋਸਤ ਦਾ ਬੇਟਾ। 'ਆਪਣਾ' ਬਿਜ਼ਨੈਸ ਹੈ ਜਿਸਦਾ ਆਸਟ੍ਰੇਲੀਆ ਵਿਚ। ਦਿਮਾਗ ਵਿਚ ਸਟੋਰ ਹੋਇਆ ਸਾਰਾ ਡਾਟਾ ਅੱਖਾਂ ਸਾਹਮਣੇ ਘੁੰਮਣ ਲੱਗਿਆ।
"ਕਿਸਦਾ ਵਿਆਹ ਹੈ ?"
ਕਾਰਡ ਹੱਥ ਵਿਚ ਫੜ੍ਹਿਆ ਦੇਖ, ਫੈਮਿਲੀ 'ਚੋਂ ਪੁਛ ਲਿਆ ਸੀ ਕਿਸੇ।
"ਦੋਸਤ ਹੈ ਕੋਈ। ਬਹੁਤਾਂ ਨਹੀਂ ਖਾਸ...।"
ਖਬਰੈ ਕਿਉਂ ਬੋਲ ਹੋ ਗਿਆ ਸੀ ਮੈਂਥੋਂ ਇੰਜ।
ਉਹ ਤਾਂ ਮੇਰੇ ਲਈ ਸਭ ਤੋਂ ਵੱਧ 'ਖਾਸ' ਸੀ ਕਦੇ। ਪਰ.. ਇਹ ਕੀ ਉਸਦੀ ਮੈਰਿਜ਼। ਕਿਵੇਂ ਹੋ ਸਕਦਾ ਇਹ ? ਉਸਨੇ ਤਾਂ ਕਦੇ ਜ਼ਿਕਰ ਤੱਕ ਨਹੀਂ ਸੀ ਕੀਤਾ ਕਿ ਉਹ ਤੇ ....। ਸਾਰਾ ਕੁਝ ਬਾਹਰ ਹੈ ਮੈਂ ਮੇਰੀ ਸਮਝ ਤੋਂ। ਵੈਸੇ ਸਮਝ ਤਾਂ ਮੈਨੂੰ ਉਸਦੀ ਵੀ ਕਦੀ ਨਹੀਂ ਸੀ ਆਈ। ਜਿਵੇਂ ਕੋਈ ਅਣਬੁੱਝੀ ਬੁਝਾਰਤ ਹੋਵੇ।
ਮੈਂ ਉਸ ਦੀਆਂ ਅੱਖਾਂ ਪੜ੍ਹਨ ਦੀ ਕੋਸ਼ਿਸ਼ ਕਰਦਾ।
ਪਰ ਉਸਦੇ ਮਨ ਦੀ ਇਹ ਲਿੱਪੀ ਮੇਰੇ ਸਮਝ ਨਾ ਪੈਂਦੀ।
ਕਦੇ ਉਸਦੀਆਂ ਅੱਖਾਂ ਵਿਚ ਢੇਰ ਸਾਰਾ ਉਤਸ਼ਾਹ ਹੁੰਦਾ ਤੇ ਕਦੇ ਮਰਨ ਦੀ ਤਮੰਨਾ।
ਮਰਨਾ ਵੀ ਤਾਂ ਜੋਬਨ ਰੁੱਤੇ ਪਸੰਦ ਸੀ ਉਸਨੂੰ।
ਬਿਲਕੁੱਲ ਸ਼ਿਵ ਵਾਂਗ....।
ਉਸਦੀਆਂ ਕਵਿਤਾਵਾਂ ਉਤੇ ਵੀ ਤਾਂ ਸ਼ਿਵ ਦੀ ਰੰਗਤ ਸੀ।
ਕਿਸੇ ਪਲ ਉਸਦੇ ਚਿਹਰੇ ਉਤੇ ਗੰਭੀਰਤਾ ਛਾਈ ਹੁੰਦੀ ਤੇ ਦੂਜੇ ਹੀ ਪਲ ਉਸਦਾ

ਉਹੀ ਸ਼ਰਾਰਤੀ ਚਿਹਰਾ ਸਾਹਮਣੇ ਆ ਜਾਂਦਾ।

ਐਸੇ ਇਨਸਾਨ ਬਹੁਤ ਘੱਟ ਦੇਖੇ ਨੇ ਮੈਂ ਆਪਣੀ ਜ਼ਿੰਦਗੀ 'ਚ। ਕਿੰਨੀ ਅਜੀਬ ਹੈ ਇਹ ਜ਼ਿੰਦਗੀ। ਕਿਸੇ ਗੁੰਝਲ ਵਰਗੀ। ਕਦੀ ਨਹੀਂ ਸੀ ਸੋਚਿਆ...।

ਮੈਂ ਸਵੀ।

ਸਵਿੰਦਰਪਾਲ ਆਖਦੇ ਨੇ ਜਿਸਨੂੰ।

ਇੱਕ ਕਹਾਣੀਕਾਰ। ਸ਼ਬਦਾਂ ਨਾਲ ਖੇਡਦਾ ਹੈ ਜੋ। ਆਪਣੇ ਪਾਤਰਾਂ ਨੂੰ ਆਪਣੇ ਇਸ਼ਾਰਿਆਂ 'ਤੇ ਨਚਾਉਂਦਾ ਹੈ। ਪਰ ਇਹ ਜ਼ਿੰਦਗੀ ਦੀ ਕਹਾਣੀ ਮੇਰੀ ਸਮਝ ਨਹੀਂ ਆਉਂਦੀ। ਮੇਰੀ ਆਪਣੀ ਹੀ ਪਹਿਚਾਣ ਗੁੰਮ ਗਈ ਹੈ ਜਿਵੇਂ....।

"ਪਹਿਚਾਣਦੇ ਨਹੀਂ ਤੁਸੀਂ ਗਰੀਬਾਂ ਨੂੰ। ਮੈਂ ਜੈਸਮੀਨ ਹਾਂ। ਪਵਨ ਦੀ ਭੈਣ।"

ਖਿੱਚ ਸੀ ਉਸਦੀ ਅਵਾਜ਼ ਵਿਚ ਤੇ ਸ਼ਬਦਾਂ ਵਿਚ ਸ਼ਰਾਰਤ।

"ਦੀਦੀ ਗੱਲਾਂ ਕਰਦੇ ਹੁੰਦੇ ਨੇ ਤੁਹਾਡੀਆਂ। ਸੋਚਿਆਂ ਮੈਂ ਵੀ ਵੇਖਾਂ ਇਹ ਸਵੀ ਹੈ ਕੌਣ ਭਲਾ?"

ਉਹ ਗੱਲ ਮੁੱਕਾ ਕੇ ਹੱਸ ਪਈ।

"ਹਾਂ ਜੀ! ਦੱਸਦੀ ਸੀ ਪਵਨ ਤੁਹਾਡੇ ਬਾਰੇ। ਸਾਡੇ ਹੀ ਸ਼ਹਿਰ ਪੜ੍ਹਾਉਂਦੇ ਹੋ ਤੁਸੀਂ ਤਾਂ ....।"

"ਜੀ ਹਾਂ....। ਤੁਹਾਡੇ ਹੀ ਸ਼ਹਿਰ। ਟੁੱਟਾ ਜਿਹਾ ਸ਼ਹਿਰ ਹੈ ਤੁਹਾਡਾ। ਪੱਟੀ ਸ਼ਹਿਰ ਨਗੀਨਾ। ਕਣੀਆਂ ਚਾਰ ਤੇ ਚਿਕੜ ਮਹੀਨਾ।"

"ਅੱਛਾ ਜੀ! ਬਦਨਾਮ ਕਰ ਰਹੇ ਹੋ ਸਾਨੂੰ।"

"ਨਾ ਜੀ... ਮੇਰੀ ਇੰਨੀ ਮਜਾਲ ਕਿੱਥੇ। ਦੋਸਤੀ ਕਰੋਗੇ ਮੇਰੇ ਨਾਲ?"

"ਮੈਂ ਤਾਂ ਕਰ ਲਈ ਜੀ।"

"ਅੱਛਾ ਜੀ ਇੰਨੇ ਕਾਹਲੇ।"

"ਹਾਂ ਜੀ... ਵਕਤ ਹੀ ਐਸਾ ਝੱਲਦਾ। ਧੀਮੀ ਰਫ਼ਤਾਰ ਨਾਲ ਗੱਲ ਨਹੀਂ ਬਣਦੀ।"

"ਪਰ ਉਸਦੀ ਤਾਂ ਬਣ ਗਈ ਸੀ।"

"ਉਸਦੀ ਕਿਸਦੀ?"

"ਕੱਛੂ ਦੀ!"

"ਕੱਛੂ ਦੀ?"

"ਹਾਂ ਜੀ! ਕੀ ਗੱਲ ਸਕੂਲ ਨਹੀਂ ਗਏ। ਉਹ ਕੱਛੂ ਤੇ ਖਰਗੋਸ਼ ਵਾਲੀ ਕਹਾਣੀ ਨਹੀਂ ਪੜ੍ਹੀ?"

ਮੈਂ ਖੁਲ ਕੇ ਹੱਸਿਆ।

"ਬਹੁਤ ਖ਼ੂਬ! ਜੀਨੀਅਸ।"

"ਹਾਂ ਜੀ! ਸਾਰੇ ਹੀ ਮੰਨਦੇ ਨੇ।"

ਅਸੀਂ ਦੋਸਤ ਬਣ ਗਏ। ਮੈਂ ਪਹਿਲੀ ਵਾਰ ਉਸਨੂੰ ਉਸਦੇ ਕਾਲਜ ਜਾ ਕੇ ਮਿਲਿਆ



ਸੀ। ਉਸਦੀ ਪਸੰਦ ਦੇ 'ਗੋਭੀ ਵਾਲੇ' ਪਰੌਂਠੇ ਦੇਣ। ਉਹ ਹੁੱਬ ਕੇ ਮਿਲੀ।

ਰੱਜ ਕੇ ਖ਼ੂਬਸੂਰਤ।

ਸ਼ਰਾਰਤੀ।

ਸਾਦਗੀ ਨਾਲ ਸਰਸ਼ਾਰ!

ਸਾਡੀ ਦੋਸਤੀ ਹੋਰ ਪਕੇਰੀ ਹੋ ਗਈ।

ਸਾਡੀਆਂ ਮੁਲਾਕਾਤਾਂ ਅਕਸਰ ਹੋਣ ਲੱਗੀਆਂ। ਉਹ ਮੇਰੀਆਂ ਕਹਾਣੀਆਂ ਨੂੰ ਪਸੰਦ ਕਰਦੀ ਤੇ ਕਹਾਣੀਆਂ ਨਾਲੋਂ ਵੱਧ ਮੇਰੀਆਂ ਗੱਲਾਂ।

"ਸਵੀ ਜੀ! ਕਦੇ ਮੇਰੇ 'ਤੇ ਵੀ ਕਹਾਣੀ ਲਿਖ ਦਿਓ ਕੋਈ।"

ਇਕ ਦਿਨ ਆਖਿਆ ਸੀ ਉਸਨੇ।

"ਤੁਸੀਂ ਤਾਂ ਖ਼ੁਦ ਇੱਕ ਕਹਾਣੀ ਹੋ ਹਜ਼ੂਰ।"

ਮੈਂ ਉਹਦੀਆਂ ਅੱਖਾਂ ਵਿਚ ਦੇਖ ਕੇ ਆਖਿਆ।

"ਅੱਛਾ ਜੀ! ਬੜੇ ਸ਼ਾਇਰਾਨਾ ਮੂਡ 'ਚ ਲੱਗਦੇ ਹੋ।"

ਉਹ ਮੁਸਕੁਰਾਈ।

ਮੈਂ ਜੈਸਮੀਨ ਉਪਰ ਕਹਾਣੀ ਲਿਖੀ। ਪਰ ਉਹ ਕਹਾਣੀ ਕਦੇ ਪੂਰੀ ਨਾ ਕਰ ਸਕਿਆ।

ਕਿੰਨਾ ਕੁਝ ਸੀ ਜੋ ਅਧੂਰਾ ਰਹਿ ਗਿਆ। ਮੇਰੀ ਇਸ ਜ਼ਿੰਦਗੀ ਵਾਂਗ। ਖਾਲੀ-ਖਾਲੀ ਤੇ ਨੀਰਸ ਜਿਹਾ। ਕੀ ਬਚਿਆ ਸੀ ਮੇਰੇ ਕੋਲ?

"ਯਾਦਾਂ!"

ਗੁਰਦੇਵ ਦੀ ਗੱਲ ਯਾਦ ਆ ਰਹੀ ਹੈ।

"ਯਾਦਾਂ ਬਚੀਆਂ ਨੇ ਤੇਰੇ ਕੋਲ। ਯਾਦਾਂ ਦਾ ਮਰਸੀਆਂ ਗਾਇਆ ਕਰ।"

ਕਿੰਨੀ ਸਚਾਈ ਸੀ ਉਸਦੇ ਬੋਲਾਂ ਵਿਚ।

ਮੈਂ ਉਦਾਸ ਹੋ ਕੇ ਤੁਰ ਪਿਆ। ਆਪਣਾ ਬਹੁਤ ਕੁਝ ਗੁਆ ਕੇ।

"ਕੀ ਲੱਭ ਰਹੇ ਹੋ ਤੁਸੀਂ?"

ਜੈਸਮੀਨ ਨੂੰ ਲਾਇਬ੍ਰੇਰੀ ਵਿਚ ਕਿਤਾਬਾਂ ਫਰੋਲ ਦੇ ਦੇਖ ਕੇ ਮੈਂ ਪੁਛਿਆ ਸੀ।

ਉਸਨੇ ਹਲਕੀ ਜਿਹੀ ਸਮਾਈਲ ਨਾਲ ਕਿਹਾ।

"ਸ਼ਿਵ ਦਾ ਕਾਵਿ ਸੰਗ੍ਰਹਿ ਅਲਵਿਦਾ।"

"ਕਾਫ਼ੀ ਮੁਰੀਦ ਲੱਗਦੇ ਹੋ ਤੁਸੀਂ ਸ਼ਿਵ ਦੇ।"

ਮੈਂ ਪੁੱਛਿਆ।

"ਹਾਂ..... ਅੱਗ ਦੇ ਅੱਖਰ ਲਿਖੇ ਨੇ ਸ਼ਿਵ ਨੇ। ਬਿਰਹੋ ਦਾ ਸੇਕ ਹੈ ਉਸਦੀਆਂ ਰਚਨਾਵਾਂ ਵਿਚ।"

"ਬਿਲਕੁੱਲ! ਯੂਨੀਵਰਸਲ ਹੁੰਦੀ ਹੈ ਉਦਾਸੀ ਤਾਂ....।"

ਹੌਲੀ-ਹੌਲੀ ਪੈਰ ਪੁੱਟਦੇ ਅਸੀਂ ਆਹਮੋ-ਸਾਹਮਣੀਆਂ ਕੁਰਸੀਆਂ ਉਪਰ ਆਣ

ਬੈਠੇ ਸੀ।

"ਅੱਛਾ! ਤੁਸੀਂ ਰੋਜ਼ ਆਉਂਦੇ ਹੋ ਲਾਇਬ੍ਰੇਰੀ?"

ਮੈਂ ਪੁੱਛਿਆ।

"ਹਾਂ ਬਸ ਜਦੋਂ ਵਿਹਲ ਮਿਲੇ। ਕਿਤਾਬਾਂ ਨਾਲ ਗੱਲਾਂ ਕਰਨ ਲਈ ਆ ਜਾਂਦੀ ਹਾਂ ਇੱਥੇ।"

ਉਸ ਨੇ ਥੋੜ੍ਹਾ ਰੁੱਕ ਕੇ ਫੇਰ ਪੁੱਛਿਆ।

"ਤੁਸੀਂ ਕਵਿਤਾ ਵਿਚ ਵੀ ਇਨਟਰੱਸਟ ਰੱਖਦੇ ਹੋ?"

"ਹਾਂ ਕਿਉਂ ਨਹੀਂ। ਮੇਰੇ ਖਿਆਲ ਨਾਲ ਹਰ ਸੰਵੇਦਨਸ਼ੀਲ ਬੰਦਾ ਕਵਿਤਾ ਨਾਲ ਮੁਹੱਬਤ ਕਰਦਾ।"

ਉਹ ਬੜੀ ਗੰਭੀਰਤਾ ਨਾਲ ਸੁਣ ਰਹੀ ਸੀ।

"ਮੈਂ ਵੀ ਕਦੀ-ਕਦੀ ਕੁਝ ਕਵਿਤਾ ਵਰਗਾ ਲਿਖਦੀ ਹਾਂ। ਪੜ੍ਹੋਗੇ?"

ਉਸਨੇ ਮੇਰੀਆਂ ਅੱਖਾਂ ਵਿਚ ਝਾਕਦਿਆਂ ਪੁਛਿਆ।

"ਬਿਲਕੁੱਲ! ਕਵਿਤਾ ਲਿਖਣਾ ਤਾਂ ਬੜਾ ਸੂਖਮ ਕਾਰਜ ਹੈ।"

ਉਸਨੇ ਆਪਣੀ ਕਵਿਤਾਵਾਂ ਵਾਲੀ ਡਾਇਰੀ ਮੈਨੂੰ ਫੜਾ ਦਿੱਤੀ।

"ਕੱਲ ਮੂਨ ਲਾਈਟ ਮਿਲੋਗੇ?"

"ਮੂਨ ਲਾਈਟ ਕਿਉਂ? ਕੁਝ ਖਾਸ ਹੈ?"

"ਹਾਂ.... ਕੱਲ ਤੇਈ ਜਨਵਰੀ ਹੈ। ਮੇਰਾ ਜਨਮ ਦਿਨ। ਆਪਾ ਸੈਲੀਬ੍ਰੇਟ ਕਰਾਂਗੇ।"

"ਦੇਟਸ ਵੈਰੀ ਗੁੱਡ। ਮੈਂ ਜ਼ਰੂਰ ਆਵਾਂਗਾ।"

"ਮੈਂ ਦੇਰ ਰਾਤ ਤੱਕ ਜਾਗ ਕੇ ਉਸਦੀਆਂ ਸਾਰੀਆਂ ਕਵਿਤਾਵਾਂ ਪੜ੍ਹੀਆਂ। ਇਨ੍ਹਾਂ ਖ਼ੂਬਸੂਰਤ ਅੰਦਾਜ਼ ਮੈਂ ਹੈਰਾਨ ਰਹਿ ਗਿਆ।"

ਅੱਖਾਂ ਵਿਚ ਨੀਂਦ ਰੜਕਣ ਲੱਗੀ।

ਅਗਲੀ ਸ਼ਾਮ ਮੈਂ ਮੂਨ ਲਾਈਟ ਰਿਜੋਰਟ ਪਹੁੰਚਿਆ। ਮੇਰੇ ਹੱਥਾਂ ਵਿਚ ਉਸਦੀ ਕਵਿਤਾਵਾਂ ਨਾਲ ਭਰੀ ਡਾਇਰੀ ਸੀ।

ਖ਼ੂਬ ਜਸ਼ਨ ਮਨਾਏ ਗਏ। ਉਹ ਆਪਣੇ ਦੋਸਤਾਂ ਦੀ ਭੀੜ ਵਿਚ ਘਿਰੀ ਹੋਈ ਸੀ। ਸਭ ਇਕ ਦੂਜੇ ਨਾਲ ਰੁਝ ਗਏ। ਅਸੀਂ ਇੱਕ ਪਾਸੇ ਬੈਠੇ ਸਾਂ।

"ਬਹੁਤ ਖ਼ੂਬਸੂਰਤ ਨੇ ਤੁਹਾਡੀਆਂ ਕਵਿਤਾਵਾਂ।"

ਮੈਂ ਉਸਦੀ ਡਾਇਰੀ ਉਸ ਵੱਲ ਵਧਾਉਂਦੇ ਹੋਏ ਕਿਹਾ।

"ਕਦੇ ਕਿਤੇ ਛਪਣ ਲਈ ਨਹੀਂ ਭੇਜੀਆਂ?"

'ਸ਼ੁਕਰੀਆ ਸਵੀ। ਇਸ ਬਾਰੇ ਸੋਚਣ ਦੀ ਕਦੇ ਫੁਰਸਤ ਹੀ ਨਹੀਂ ਮਿਲੀ। ਉਂਜ ਵੀ ਮੇਰੇ ਪਾਪਾ ਆਖਦੇ ਹੁੰਦੇ ਕਿ ਇਹ ਤਾਂ ਐਵੇ ਫਾਲਤੂ ਜਿਹਾ... ਇਸ ਲਈ ਕਦੇ ਹਿੰਮਤ ਹੀ ਨਹੀਂ ਪਈ।"

"ਗ਼ਲਤ ਸੋਚਦੇ ਨੇ ਤੁਹਾਡੇ ਪਾਪਾ। ਇਹ ਤਾਂ...।"



"ਹਾਂ ਪਰ ਛੱਡੋ। ਤੁਸੀਂ ਕਹਾਣੀ ਬਹੁਤ ਖ਼ੂਬਸੂਰਤ ਲਿਖਦੇ ਹੋ। ਕਿੰਨੀਆਂ ਕੁ ਲਿਖ ਚੁੱਕੇ ਹੋ?"

ਉਸਨੇ ਗੱਲ ਦਾ ਰੁੱਖ ਬਦਲ ਦਿੱਤਾ।

"ਬਸ ਕਹਾਣੀ ਸੰਗ੍ਰਹਿ ਛਪ ਰਿਹਾ ਹੈ ਜਲਦੀ।"

"ਵਾਹ ਜੀ! ਸਾਨੂੰ ਵੀ ਦਿਓਗੇ ਨਾ ਪੜ੍ਹਨ ਲਈ?"

"ਇਹ ਵੀ ਕੋਈ ਪੁਛਣ ਵਾਲੀ ਗੱਲ ਹੈ। ਤੁਹਾਡੇ ਵਰਗੇ ਦੋਸਤ ਭਲਾ ਭੁਲਾਏ ਜਾ ਸਕਦੇ ਨੇ..।"

"ਸਵੀ ਦਾ ਗ੍ਰੇਟ। ਕੁਝ ਗੱਲਾਂ ਭੁਲ ਜਾਣ ਵਿਚ ਹੀ ਫਾਇਦਾ ਹੁੰਦਾ। ਜ਼ਿੰਦਗੀ ਤੇ ਤੇਰੀ ਕਹਾਣੀ ਵਿਚ ਬਸ ਇਹੀ ਫਰਕ ਹੈ। ਸ਼ਬਦਾਂ ਦੇ ਹੇਰ ਫੇਰ ਨਾਲ ਕਹਾਣੀ ਬਦਲੀ ਜਾ ਸਕਦੀ ਹੈ। ਜ਼ਿੰਦਗੀ ਨਹੀਂ।"

ਗੁਰਦੇਵ ਦੇ ਬੋਲ ਅੱਜ ਵੀ ਮੇਰੇ ਕੰਨਾਂ ਵਿਚ ਗੂੰਜਦੇ ਨੇ...।

ਮੈਂ ਹੱਸ ਪਿਆ ਸੀ ਉਸਦੀ ਇਸ ਗੱਲ 'ਤੇ।

"ਡਾਕਟਰ ਸਾਬ੍ਹ! ਤੁਹਾਡੀ ਆਹ ਫਿਲਾਸਫੀ ਉਪਰ ਦੀ ਲੰਘ ਜਾਂਦੀ ਮੇਰੇ।"

"ਸਵੀ! ਇਹ ਫਿਲਾਸਫੀ ਨਹੀਂ ਜ਼ਿੰਦਗੀ ਦਾ ਸੱਚ ਹੈ। ਅੰਦਰੋਂ ਟੁੱਟਿਆ ਹੈ ਤੂੰ। ਸਾਫ਼ ਦਿੱਸ ਰਿਹਾ ਤੇਰੀ ਸ਼ਕਲ ਤੋਂ।"

ਖਾਲਸਾ ਕਾਲਜ ਦੇ ਗੇਟ ਅੱਗੇ ਖੜ੍ਹ ਕੇ ਕਿਹਾ ਸੀ ਉਸਨੇ।

ਮੈਂ ਉਸਨੂੰ ਗਲਵਕੜੀ ਪਾਈ। ਜਾਣ ਲਈ ਇਜ਼ਜ਼ਤ ਮੰਗੀ। ਰੋਕਿਆ ਨਹੀਂ ਸੀ ਉਸਨੇ। ਉਹ ਜਾਣਦਾ ਸੀ ਨਹੀਂ ਰੁਕਾਂਗਾ ਮੈਂ।

"ਥੋੜ੍ਹਾ ਰੁੱਕ ਜਾਂਦੇ। ਕਿੰਨੀ ਖ਼ੂਬਸੂਰਤ ਸ਼ਾਮ ਹੈ।"

ਜੈਸਮੀਨ ਨੇ ਫਿਜ਼ਾ ਵਿਚ ਬਾਹਾਂ ਫੈਲਾਉਂਦੇ ਹੋਏ ਕਿਹਾ ਸੀ।

"ਨਹੀਂ ਕਦੇ ਫੇਰ। ਤੁਸੀਂ ਆਪਣੇ ਦੋਸਤਾਂ ਨਾਲ ਇੰਨਜੁਆਏ ਕਰੋ।"

ਮੈਂ ਮੂਨ ਲਾਈਟ ਵਿਚੋਂ ਬਾਹਰ ਆ ਗਿਆ।

ਸੋਖ ਸ਼ਾਮ ਹੋਰ ਵੀ ਪਿਆਰੀ ਲੱਗ ਰਹੀ ਸੀ।

ਜੈਸਮੀਨ ਜਦੋਂ ਵੀ ਮਿਲਦੀ ਉਸਦੀਆਂ ਗੱਲਾਂ ਨਾ ਮੁਕਦੀਆਂ। ਉਹ ਕਿਤਾਬਾਂ ਬਾਰੇ। ਕਹਾਣੀਆਂ ਬਾਰੇ। ਲੇਖਕਾਂ ਬਾਰੇ ਕਈ ਕੁਝ ਪੁਛਦੀ। ਉਸਦੇ ਸਵਾਲਾਂ ਦਾ ਜਵਾਬ ਦੇ ਕੇ ਮੈਨੂੰ ਅਸੀਮ ਖੁਸ਼ੀ ਮਿਲਦੀ। ਕਦੇ ਨਾ ਮਿਲਦੇ ਤਾਂ ਫੋਨ ਸਾਨੂੰ ਨੇੜੇ ਕਰ ਦਿੰਦਾ। ਉਹ ਫੋਨ ਉੱਪਰ ਵੀ ਕਦੇ-ਕਦੇ ਆਪਣੀ ਕੋਈ ਕਵਿਤਾ ਸੁਣਾਉਣ ਲੱਗਦੀ।

ਪਰ ਅਚਾਨਕ ਜੈਸਮੀਨ ਨੇ ਕਾਲਜ ਆਉਣਾ ਬੰਦ ਕਰ ਦਿੱਤਾ। ਮੈਂ ਕਈ ਵਾਰ ਉਸਦੇ ਕਾਲਜ ਗਿਆ। ਪਰ ਉਹ ਨਾ ਮਿਲੀ। ਉਸਦਾ ਮੋਬਾਇਲ ਲਗਾਤਾਰ ਆਫ ਆ ਰਿਹਾ ਸੀ। ਮੈਂ ਪ੍ਰੇਸ਼ਾਨ ਹੋ ਗਿਆ। ਕਿਸ ਤੋਂ ਪੁਛਦਾ ਜੈਸਮੀਨ ਬਾਰੇ। ਮੈਨੂੰ ਸਮਝ ਨਾ ਆਉਂਦਾ।

ਅਚਾਨਕ ਇੱਕ ਦਿਨ ਉਸਨੇ ਮੈਨੂੰ ਮਿਲਣ ਲਈ ਬੁਲਾਇਆ।

"ਕਿਤੇ ਬਾਹਰ ਗਏ ਸੀ?"

ਮੈਂ ਕਾਹਲੀ ਨਾਲ ਪੁਛਿਆ।

"ਨਹੀਂ।"

ਉਹ ਬੋਲੀ।

"ਪਹਿਲਾਂ ਆਪਾਂ ਕਿਤੇ ਬਾਹਰ ਚੱਲੀਏ। ਖੁੱਲੀ ਹਵਾ ਵਿਚ।"

ਅਸੀਂ ਗਾਰਡਨ ਵਿਚ ਆ ਗਏ। ਰੌਲੇ ਰੱਪੇ ਤੋਂ ਕੋਹਾਂ ਦੂਰ।

"ਮੈਂ ਬਹੁਤ ਪ੍ਰੇਸ਼ਾਨ ਹਾਂ।"

ਗਾਰਡਨ ਵਿਚ ਟਹਿਲਦਿਆਂ ਉਸਨੇ ਚੁੱਪ ਤੋੜੀ।

"ਪਾਪਾ ਦਾ ਰੁੱਖਾ ਰਵੱਈਆ ਬਰਦਾਸ਼ਤ ਨਹੀਂ ਹੁੰਦਾ ਮੇਰੇ ਕੋਲੋ। ਤੰਗ ਆ ਗਈ ਹਾਂ ਮੈਂ।"

"ਪਰ ਹੋਇਆ ਕੀ ਏ ? ਕੁਝ ਸਮਝ ਵੀ ਤਾਂ ਲੱਗੇ।"

"ਇੱਕ ਗੱਲ ਦੱਸਾਂ ? ਮੈਂ ਕਦੀ ਕਿਸੇ ਹੋਰ ਨੂੰ ਨਹੀਂ ਦੱਸਿਆ। ਢਿੱਲੋਂ ਸਾਬ੍ਹ ਮੇਰੇ ਅੰਕਲ ਨੇ ਮੇਰੇ ਪਾਪਾ ਨਹੀਂ। ਅਡੌਂਪਟ ਕੀਤਾ ਹੈ ਉਨ੍ਹਾਂ ਮੈਨੂੰ। ਮੈਂ ਛੇ ਸਾਲ ਦੀ ਸੀ ਜਦੋਂ ਮੇਰੇ ਬਾਪ ਦੀ ਇੱਕ ਐਕਸੀਡੈਂਟ ਵਿਚ ਮੌਤ ਹੋ ਗਈ। ਪਾਪਾ ਦਾ ਛੋਟਾ ਜਿਹਾ ਬਿਜ਼ਨੈਸ ਸੀ ਜੋ ਉਹਨਾਂ ਦੀ ਮੌਤ ਤੋਂ ਬਾਅਦ ਬੰਦ ਹੋ ਗਿਆ। ਮੇਰੇ ਤੋਂ ਵੱਡੀਆਂ ਮੇਰੀਆਂ ਦੋ ਹੋਰ ਭੈਣਾਂ ਨੇ...। ਅੰਕਲ ਮੈਨੂੰ ਇੱਥੇ ਲੈ ਆਏ। ਮੇਰੀ ਪੜਾਈ-ਲਿਖਾਈ ਇੱਥੇ ਆ ਕੇ ਹੋਈ। ਇੱਥੇ ਆ ਕੇ ਐਸ਼ ਦੀ ਜ਼ਿੰਦਗੀ ਮਿਲੀ ਮੈਨੂੰ। ਪਰ ਉਸ ਘਰ ਨਾਲੋਂ ਜਿਵੇਂ ਨਾਤਾ ਹੀ ਟੁੱਟ ਗਿਆ। ਕਦੀ ਪਿੰਡ ਨਹੀਂ ਜਾਣ ਦਿੱਤਾ ਮੈਨੂੰ ਅੰਕਲ ਨੇ। ਮੈਂ ਆਪਣੀ ਮਾਂ ਨਾਲੋਂ ਟੁੱਟ ਕੇ ਰਹਿ ਗਈ।"

ਉਸਦੀਆਂ ਅੱਖਾਂ ਛਲਕ ਆਈਆਂ।

"ਪਰ ਜੈਸਮੀਨ ਹੁਣ ਕੀ ਹੋਇਆ ?"

"ਹੁਣ ਫੌਰਨ ਭੇਜਣਾ ਚਾਹੁੰਦੇ ਨੇ ਮੈਨੂੰ। ਮੇਰੀ ਮਰਜੀ ਦੇ ਵਿਰੁੱਧ। ਮੇਰੀਆਂ ਭਾਵਨਾਵਾਂ ਲਈ ਕੋਈ ਥਾਂ ਨਹੀਂ ਹੈ।"

ਅਚਾਨਕ ਉਹ ਮੇਰੇ ਗਲ ਆਣ ਲੱਗੀ।

ਉਸਦੀਆਂ ਅੱਖਾਂ ਵਿਚ ਅੱਥਰੂ ਸਨ।

"ਜ਼ਿੰਦਗੀ ਕਰਦੀ ਹੈ ਕਈ ਵਾਰ ਸਾਡੇ ਨਾਲ ਇੰਜ। ਪਿਆਰ ਨਾਲ ਗੱਲ ਕਰੋ, ਮੰਨ ਜਾਣਗੇ ਤੁਹਾਡੇ ਅੰਕਲ। ਉਦਾਸ ਨਾ ਹੋਵੋ।"

*****

ਹੁਣ ਉਹ ਆਮ ਵਾਂਗ ਮਿਲਣ ਲੱਗੀ।

ਸ਼ਾਇਦ ਉਸ ਨੂੰ ਮੇਰਾ ਸਾਥ ਵਧੇਰੇ ਚੰਗਾ ਲੱਗਣ ਲੱਗਿਆ ਸੀ। ਉਸਦੇ ਚਿਹਰੇ ਦੀ ਰੌਣਕ ਮੁੜ ਪਰਤ ਆਈ। ਮੈਂ ਕਦੀ ਗੰਭੀਰ ਹੁੰਦਾ ਤਾਂ ਉਹ ਆਖਦੀ, "ਸਵੀ ਸਾਬ੍ਹ ! ਕੀ ਗੱਲ ਕਿਉਂ ਬਾਰਾਂ ਵਜੇ ਨੇ ਇਸ ਚੰਗੇ ਭਲੇ ਚਿਹਰੇ 'ਤੇ ?"

"ਨਹੀਂ ਤਾਂ। ਮੈਂ ਤਾਂ ਕੋਈ ਕਹਾਣੀ ਬੁਣ ਰਿਹਾ ਸੀ।"

"ਗੋਲ਼ੀ ਮਾਰੋ ਇਹੋ ਜਿਹੀ ਕਹਾਣੀ ਨੂੰ। ਕੀ ਲੈਣਾ ਐਸੀ ਕਹਾਣੀ ਤੋਂ ਜਿਹੜੀ



ਉਦਾਸ ਕਰ ਦੇਵੇ।"

"ਪਰ ਕੁਝ ਕਹਾਣੀਆਂ ਅਧੂਰੀਆਂ ਵੀ ਤਾਂ ਨਹੀਂ ਛੱਡੀਆਂ ਜਾ ਸਕਦੀਆਂ ਹੁੰਦੀਆਂ।"

ਉਸਦੀਆਂ ਗੱਲਾਂ ਮੈਨੂੰ ਚੰਗੀਆਂ ਲੱਗਦੀਆਂ।

ਮੈਂ ਉਸਦੇ ਚਿਹਰੇ ਵੱਲ ਤੱਕਦਾ। ਅਸਲੀ ਜੈਸਮੀਨ ਲੱਭਣ ਦੀ ਕੋਸ਼ਿਸ਼ ਕਰਦਾ। ਅਗਲੇ ਵਰ੍ਹੇ ਕਹਾਣੀ ਸੰਗ੍ਰਹਿ ਛਪ ਗਿਆ।

ਤੇਈ ਜਨਵਰੀ ਦਾ ਦਿਨ ਸੀ। ਮੈਂ ਉਸ ਦਿਨ ਪੁਸਤਕ ਰਿਲੀਜ਼ ਸਮਾਗਮ ਰੱਖਿਆ। ਲੇਖਕ ਦੋਸਤ ਬੁਲਾਏ।

ਜੈਸਮੀਨ ਨੂੰ ਖਾਸ ਤੌਰ 'ਤੇ ਆਖਿਆ ਸੀ ਮੈਂ।

"ਸ਼ਾਮੀ ਛੇ ਵਜੇ ਖਾਲਸਾ ਕਾਲਜ ਪਹੁੰਚ ਜਾਇਓ, ਮੇਰੇ ਕਥਾ ਸੰਗ੍ਰਹਿ ਦਾ ਲੋਕ ਅਰਪਣ ਹੈ। ਤੁਹਾਡੇ ਲਈ ਇੱਕ ਸਰਪ੍ਰਾਈਜ਼ ਵੀ।"

ਸਭ ਤਿਆਰੀਆਂ ਹੋ ਗਈਆਂ।

ਪਰ ਪ੍ਰੋਗਰਾਮ ਵਾਲੇ ਦਿਨ ਉਸ ਦਾ ਫੋਨ ਆਇਆ।

"ਹੈਲੋ ! ਸਵੀ। ਆਈ ਰੀਅਲੀ ਵੈਰੀ ਸੌਰੀ। ਮੈਂ ਨਹੀਂ ਆ ਸਕਦੀ। ਪ੍ਰਬਲ ਨਾਲ ਅਚਾਨਕ ਆਸਟ੍ਰੇਲੀਆ ਦਾ ਪ੍ਰੋਗਰਾਮ ਬਣ ਗਿਆ। ਸੱਤ ਵਜੇ ਦੀ ਫਲਾਇਟ ਹੈ।"

ਕਿਤਾਬ ਰਿਲੀਜ਼ ਹੋ ਗਈ। ਬਹੁਤ ਸਾਰੀਆਂ ਮੁਬਾਰਕਾਂ ਮਿਲੀਆਂ। ਪਰ ਮੈਨੂੰ ਜਿਵੇਂ ਕੋਈ ਕਮੀ ਰੜਕਦੀ ਰਹੀ। ਜਿਵੇਂ ਕੋਈ ਕਹਾਣੀ ਅਧੂਰੀ ਰਹਿ ਗਈ ਹੋਵੇ।

*****

ਪੂਰੇ ਤਿੰਨ ਸਾਲਾਂ ਬਾਅਦ ਜੈਸਮੀਨ ਇੰਡੀਆ ਮੁੜ ਰਹੀ ਹੈ। ਇਹਨਾ ਤਿੰਨਾਂ ਸਾਲਾਂ ਦੌਰਾਨ ਸਾਡੀ ਕਦੇ ਕੋਈ ਗੱਲ ਨਹੀਂ ਹੋਈ। ਉਸਦੀ ਪ੍ਰਬਲ ਨਾਲ ਮੈਰਿਜ਼ ਹੈ। ਪ੍ਰਬਲ ਬਾਰੇ ਮੈਂ ਬਹੁਤਾ ਨਹੀਂ ਜਾਣਦਾ। ਇੱਕ ਵਾਰ ਉਸਨੇ ਦੱਸਿਆ ਸੀ ਕਿ ਪ੍ਰਬਲ ਉਸਦੇ ਅੰਕਲ.. ਢਿੱਲੋਂ ਸਾਬ੍ਹ ਦੇ ਦੋਸਤ ਦਾ ਬੇਟਾ ਹੈ। ਆਸਟ੍ਰੇਲੀਆ ਵਿਚ ਵੱਡਾ ਕਾਰੋਬਾਰ ਹੈ।

ਮੈਰਿਜ਼ ਕਾਰਡ ਦੇਖਿਆ...

ਬੱਸ ਦਿਮਾਗ ਘੁੰਮੀ ਜਾ ਰਿਹਾ ਹੈ।

ਇੰਜ ਲੱਗਦਾ ਜਿਵੇਂ ਧਰਤੀ ਡੋਲ ਰਹੀ ਹੋਵੇ।

ਮੇਰੇ ਕਹਾਣੀ ਸੰਗ੍ਰਹਿ ਦੇ ਪਹਿਲੇ ਸਫ਼ੇ 'ਤੇ ਲਿਖੀ ਲਾਈਨ-

"ਜੈਸਮੀਨ ਦੇ ਨਾਂ ਜਿਸ ਨੂੰ ਮੈਂ ਦਿਲ ਦੀਆਂ ਗਹਿਰਾਈਆਂ 'ਚੋਂ ਪਿਆਰ ਕਰਦਾ ਹਾਂ।"

ਫਿੱਕੀ ਪੈ ਗਈ ਜਾਪਦੀ ਹੈ।

**********

# ਹੁਣ ਮੈਂ ਝੂਠ ਨਹੀਂ ਬੋਲਦਾ

ਸੁਣਾਓ ਬਾਈ ਜੀ ! ਕੀ ਹਾਲ ਨੇ..।

ਕਰੀ ਜਾਂਦੇ ਹੋ ਸੈਰਾਂ। ਆਜੋ ਮਾਰ ਲਓ ਦਮ ਦੋ ਘੜੀਆਂ। ਨਾਲੇ ਥੋਨੂੰ ਦੋ ਚਾਰ ਅਕਲ ਦੀਆਂ ਗੱਲਾਂ ਦੱਸਾਂ। ਐਂਵੇ ਨਾ ਸਮਝਿਓ..ਡਬਲ ਐਮ.ਏ ਕੀਤੀ ਮੈਂ। ਮੈਂ ਤਾਂ ਪੀ-ਐਚ.ਡੀ ਵੀ ਕਰਨੀ ਸੀ, ਪਰ ਮੇਰਾ ਗਾਈਡ ਹੀ ਫ਼ੰਨੇ ਖ਼ਾਂ ਨਿਕਲਿਆ। ਨਹੀਂ ਤਾਂ। ਕੀ ਪੁੱਛਿਆ, ਕੀ ਵਿਸ਼ਾ ਲੈਂਦਾ ਪੀ-ਐਚ.ਡੀ ਦਾ ?..ਮੈਂ ਤਾਂ ਜੀ ਜੱਟਾਂ ਦੀਆਂ ਗੋਤਾਂ 'ਤੇ ਕੰਮ ਕਰਦਾ। ਫ਼ੰਨੇ ਖ਼ਾਂ ਜੱਟ ਆ ਮੈਂ ਵੀ। ਬਾਈ ਜੀ ਹੌਲੀ ਬੋਲੋ। ਆਪਣੀ ਏ ਘਰ ਵਾਲੀ ਗੱਲ। ਜੇ ਹੁਣ ਪਤਾ ਏ ਵਿਚਲੀ ਗੱਲ ਦਾ ਤਾਂ ਹੋਕਾ ਕਿਉਂ ਦੇਣਾ ਪੂਰੇ ਜੱਗ ਨੂੰ।

ਸੱਚ ਦੱਸਾਂ ?

ਨਫ਼ਰਤ ਹੈ ਮੈਨੂੰ ਝੂਠ ਤੋਂ। ਪਰ ਸਿਆਣੇ ਕਹਿੰਦੇ ਨੇ ਕਿ ਇੱਕ ਝੂਠ ਲੁਕਾਉਣ ਲਈ ਬੰਦਾ ਸੌ ਝੂਠ ਬੋਲਦਾ। ਬੱਸ ਇਹੋ ਮੈਂ ਕਰਦਾ ਰਿਹਾਂ ਸਾਰੀ ਉਮਰ। ਥੋਡੇ ਤੋਂ ਕਾਹਦਾ ਉਹਲਾ। ਬਹੁਤ ਸੰਤਾਪ ਭੋਗਿਆ ਮੈਂ ਇਸਦਾ ਵੀ। ਬੱਸ ਇਹ ਵੀ ਅੰਦਰ ਦਾ ਹੀ ਯੱਭ ਸੀ ਮੇਰਾ। ਕੀ ਕਿਹਾ ਪਹਿਲਾਂ ਝੂਠ ਕਦ ਬੋਲਿਆ ਸੀ ਮੈਂ। ਹੈ ਨਾ ਅਜੀਬ ਜਿਹਾ ਸਵਾਲ। ਜਿਵੇਂ ਕੋਈ ਕਿਸੇ ਕਵੀ ਨੂੰ ਪੁੱਛੇ ਬਈ ਤੂੰ ਪਹਿਲੀ ਕਵਿਤਾ ਕਦ ਲਿਖੀ ਸੀ। ਸ਼ਾਇਦ ਉਹ ਝੂਠ ਨਹੀਂ ਮੇਰੀ ਮਜ਼ਬੂਰੀ ਸੀ ਤੇ ਮੁੜ ਉਸ ਝੂਠ ਨੂੰ ਹੀ ਸੱਚ ਸਾਬਿਤ ਕਰਨ ਲਈ ਉਲਝਦਾ ਰਿਹਾ ਮੈਂ। ਗੱਲ ਬੀ.ਏ. ਦੇ ਪਹਿਲੇ ਸਾਲ ਦੀ ਸੀ। ਇੱਕ ਦਿਨ ਅਸੀਂ ਪੰਜ-ਸੱਤ ਜਾਣੇ ਬੈਠੇ ਚਾਹ ਪੀਂਦੇ ਪਏ ਸਾਂ। ਨਵਾਂ-ਨਵਾਂ ਮੈਂ ਕਾਲਜ ਗਿਆ। ਇੱਕ ਥੋਡੇ ਵਰਗਾ ਬਾਈ ਪੁੱਛਣ ਲੱਗਾ, "ਯਾਰ ਸੁਰਜੀਤ ! ਤੇਰਾ ਬਾਪੂ ਕੀ ਕੰਮ ਕਰਦਾ ?"

ਮੈਂ ਸੋਚੀ ਪੈ ਗਿਆ। ਇੱਕ ਮਨ ਕਰੇ ਜੋ ਬਾਪੂ ਕਰਦਾ ਉਹੀ ਦੱਸਾਂ। ਫਿਰ ਮੈਨੂੰ ਪਿੰਡ ਵਾਲਾ ਸਕੂਲ ਯਾਦ ਆ ਗਿਆ। ਪਤਾ ਕੀ ਕਹਿੰਦੇ ਸੀ ਮੁੰਡੇ ? ਅਖੇ ਇਹਦੇ ਕੋਲੋਂ.....! ਗੱਚ ਭਰ ਆਉਂਦਾ ਮੇਰਾ ਅੱਜ ਵੀ ਸੋਚ ਕੇ। ਤੁਸੀਂ ਪੁੱਛਦੇ ਹੋ ਕਿਉਂ ਝੂਠ ਬੋਲਿਆ ? ਕਦ ਬੋਲਿਆ ? ਮੈਂ ਕਹਿੰਦਾ ਮੇਰੇ ਵਾਂਗ ਨਮੋਸ਼ੀ ਹੰਢਾਈ ਹੋਵੇ ਕਿਸੇ ਫੇਰ ਪਤਾ ਲੱਗੇ।

ਲਉ ਇੱਕ ਅਕਲ ਦੀ ਗੱਲ ਆ ਗਈ ਮੇਰੇ ਚੇਤੇ।

ਜਿਹੜੇ ਜਖ਼ਮ ਰੂਹ 'ਤੇ ਲੱਗ ਜਾਣ ਉਹ ਕਦੀ ਨਹੀਂ ਭਰਦੇ। ਤੇ ਮੇਰੀ ਤਾਂ ਰੂਹ ਹੀ ਜਖ਼ਮਾਂ ਨਾਲ ਭਰੀ ਪਈ ਸੀ। ਮੈਨੂੰ ਉਹ ਸਭ ਗੱਲਾਂ ਯਾਦ ਆ ਗਈਆਂ।

ਮੈਂ ਕਿਹਾ ਕਿ ਮੇਰਾ ਬਾਪੂ ਖੇਤੀ ਕਰਦਾ।

ਇਹ ਸੀ ਮੇਰਾ ਪਹਿਲਾ ਝੂਠ।

ਬਹੁਤ ਦੁੱਖ ਹੋਇਆ ਸੀ ਮੈਨੂੰ। ਕਿੱਥੇ ਕਰਦਾ ਸੀ ਬਾਪੂ ਖੇਤੀ ? ਮਾਂ ਮੇਰੀ ਦੇ ਸਿਰ 'ਚ ?

ਉਹ ਤਾਂ !

ਪਰ ਉਸ ਦਿਨ ਪਹਿਲੀ ਵਾਰ ਹੀਣ-ਭਾਵ ਪੈਦਾ ਹੋਇਆ ਸੀ ਮੇਰੇ ਮਨ 'ਚ। ਪਹਿਲੀ ਵਾਰ



ਪਤਾ ਲੱਗਿਆ ਸੀ ਮੈਨੂੰ ਕਿ ਜੱਟ ਜ਼ਮੀਨ ਲਈ ਕਿਉਂ ਲੜ-ਲੜ ਮਰਦੇ ਨੇ। ਜ਼ਮੀਨ ਤਾਂ ਧਿਰ ਹੁੰਦੀ ਹੈ ਬੰਦੇ ਦੀ। ਗੁਰੂ ਮਹਾਰਾਜ ਨੇ ਵੀ ਕਿਹਾ ਹੈ ਕਿ ਮਿੱਟੀ 'ਚੋਂ ਜੰਮ ਕੇ ਮਿੱਟੀ ਹੋ ਜਾਂਦਾ ਬੰਦਾ। ਅੰਤ ਵੇਲੇ ਤਾਂ ਜ਼ਮੀਨ ਹੀ ਪਨਾਹ ਦਿੰਦੀ ਬੰਦੇ ਨੂੰ। ਪਰ ਛੱਡੋ। ਇਹ ਸੀ ਮੇਰਾ ਪਹਿਲਾ ਝੂਠ। ਸੁਣ ਲਿਆ ? ਸਮਝ ਵੀ ਜਾਓਗੇ ਕਿ ਕਿਉਂ ਬੋਲਿਆ ਸੀ ਮੈਂ ਇਹ ਝੂਠ। ਬੱਸ ਇਸੇ ਇੱਕ ਝੂਠ ਨੂੰ ਲੁਕਾਉਣ ਲਈ।

ਸਹੀ ਗੱਲ ਦੱਸਾਂ ?...

ਨਾ ਕੋਈ ਜੰਮਦਾ ਸਾਧ ਹੁੰਦਾ। ਨਾ ਜੰਮਦਾ ਚੋਰ। ਮਤਲਬ ਸਾਰਾ ਕੁਝ ਇੱਥੇ ਆ ਕੇ ਹੀ ਬਣਦਾ ਬੰਦਾ। ਤੁਹਾਡੀ ਇਸ ਧਰਤੀ 'ਤੇ। ਇਸ ਸਮਾਜ ਵਿੱਚ। ਲੋਕ ਬਣਾਉਂਦੇ ਨੇ ਚੋਰ। ਹਾਲਾਤ ਬਣਾਉਦੇ ਨੇ ਇਨਸਾਨ ਨੂੰ ਮਾੜਾ। ਤੇ ਮੈਨੂੰ ਵੀ ਝੂਠਾ ਬਣਾਇਆ ਲੋਕਾਂ ਨੇ। ਹਲਾਤਾਂ ਨੇ। ਸਮੇਂ ਨੇ। ਮੈਨੂੰ ਜਦੋਂ ਬਹੁਤੀ ਸਮਝ ਨਹੀਂ ਸੀ ਕਾਸੇ ਦੀ, ਮੈਂ ਤਾਂ ਉਦੋਂ ਹੀ ਸਮਝ ਬੈਠਾ ਸੀ ਕਿ ਮੇਰਾ ਬਾਪੂ ਜਿਹੜਾ ਕੰਮ ਕਰਦਾ ਇਹ ਤਾਂ ਕੋਈ 'ਗੰਦਾ' ਕੰਮ ਏ, ਤਾਂ ਹੀ ਤਾਂ ਲੋਕ ਨਫ਼ਰਤ ਕਰਦੇ ਨੇ ਸਾਡੇ ਨਾਲ। ਬਹੁਤ ਖਿਝਦਾ ਸੀ ਮੈਂ। ਸੋਚਦਾ ਕਿਉਂ ਕਰਦਾ ਏ ਮੇਰਾ ਬਾਪੂ ਇਹ ਕੰਮ। ਬੜੀ ਰੀਝ ਸੀ ਮੇਰੀ ਕਿ ਮੇਰਾ ਬਾਪੂ ਵੀ ਖੇਤੀ ਕਰੇ। ਪਰ ਮੈਂ ਨਹੀਂ ਸਾਂ ਜਾਣਦਾ ਕਿ.....। ਬਸ ਉਸੇ ਦਿਨ ਤੋਂ ਲੱਗਣ ਲੱਗਿਆ ਸੀ ਮੈਨੂੰ ਕਿ 'ਜੱਟ ਕੀ ਤੇ ਘੱਟ ਕੀ'। ਤਾਂ ਹੀ ਤਾਂ ਫ਼ੰਨੇ ਖ਼ਾਂ ਜੱਟ ਦੱਸਦਾਂ ਮੈਂ ਖ਼ੁਦ ਨੂੰ। ਤੁਸੀਂ ਤਾਂ ਚਲੋ ਘਰਦੇ ਬੰਦੇ ਹੋਏ। ਤੁਹਾਡੇ ਤੋਂ ਕਾਹਦਾ ਉਹਲਾ ?ਆਹ ਡਬਲ ਐਮ.ਏ ਕਿਉਂ ਕੀਤੀ ਮੈਂ ? ਇਸੇ ਦੁੱਖ ਦੇ ਮਾਰਿਆ। ਮੈਂ ਨਿੱਕੇ ਹੁੰਦੇ ਹੀ ਸਮਝ ਗਿਆ ਸੀ ਕਿ ਤਕਦੀਰਾਂ ਖ਼ੁਦ ਬਣਾਈ ਦੀਆਂ ਨੇ। ਜੇ ਮੈਂ ਨਾ ਪੜ੍ਹਦਾ ਤਾਂ ਪਤਾ ਕੀ ਹੁੰਦਾ। ਮੈਂ ਵੀ ਬੈਠਾ ਹੁੰਦਾ ਆਪਣੇ ਬਾਪੂ ਵਾਲੀ ਗੱਦੀ 'ਤੇ। ਔਹ ਸਾਹਮਣੇ ਗੁਲਾਬੀ ਰੰਗ ਦੀ ਕੋਠੀ ਦਿੱਸਦੀ ਏ ? ਕੀਹਦੀ ਏ ਭਲਾ ? ਮੇਰੀ। ਬਾਹਰ ਨੇਮ ਪਲੇਟ 'ਤੇ ਪਤਾ ਕੀ ਲਿਖਿਆ ?

ਸਰਦਾਰ ਸੁਰਜੀਤ ਸਿੰਘ ਸੰਧੂ। ਐਸ.ਡੀ.ਐਮ.।

ਫੇਰ ਉਹੀ ਗੱਲ। ਮੈਂ ਕਿਹਾ ਨਾ ਹੌਲੀ ਬੋਲੋ। ਕੰਧਾਂ ਦੇ ਵੀ ਕੰਨ ਹੁੰਦੇ ਨੇ। ਮੈਂ ਖ਼ੁਦ ਹੀ ਸਮਝਾਉਂਦਾ ਕਿ ਅਸਲੀ ਕਹਾਣੀ ਹੈ ਕੀ ਵਿੱਚੋਂ।

ਮੈਂ ਕਿਹਾ ਸੀ ਨਾ ਤਕਦੀਰਾਂ ਆਪ ਬਣਾਉਣੀਆਂ ਪੈਂਦੀਆ ਨੇ..। ਮੈਂ ਪਿੰਡ ਵਾਲੇ ਸਕੂਲੋਂ ਪੰਜ ਕਰਕੇ ਜਾਣਾ ਸੀ ਨਾ ਜਦ ਨਾਲਦੇ ਪਿੰਡ। ਵੱਡੇ ਸਕੂਲ। ਬਾਪੂ ਮੇਰਾ ਫਸਾਦ ਪਾ ਕੇ ਬਹਿ ਗਿਆ। ਕਹਿੰਦਾ, "ਦੇਖ ਬਈ ਸੀਤਿਆ ਪੁੱਤ ਆਪਣੇ ਘਰਾਂ ਦੇ ਜਵਾਕ ਕਿਤੇ ਡੀ.ਸੀ ਲੱਗਦੇ ਨੇ। ਤੂੰ ਕੀ ਸੱਪ ਕੱਢਣਾ ਆਹ ਪੜ੍ਹਾਈਆਂ ਕਰਕੇ ?ਆਪਾਂ ਗਰੀਬਾਂ ਨੇ ਤਾਂ ਉਹੀ ਕਰਨਾ ਤੇ ਉਹੀ ਖਾਣਾ। ਉਹ ਕੀ ਕਹਿੰਦੇ ਹੁੰਦੇ ਬਈ ਘਾਹੀਆਂ ਦੇ ਪੁੱਤਾਂ ਨੇ ਤਾਂ ਘਾਹ ਹੀ ਖੋਦਣਾ।"

ਪਰ ਬਾਈ ! ਜੀ ਮੈਂ ਨਾ 'ਘਾਹੀ' ਬਣ ਕੇ ਰਾਜੀ ਸੀ ਨਾ 'ਘਾਹ' ਖੋਦ ਕੇ। ਮੈਂ ਜ਼ਿੱਦ ਕੀਤੀ। ਅੱਗੇ ਪੜ੍ਹਨ ਲੱਗਿਆ। ਮੈਂ ਨਾ ਉਦੋਂ ਹੀ ਧਾਰ ਲਿਆ ਸੀ ਮਨ 'ਚ ਕਿ ਮੈਂ ਤਾਂ ਦੱਬ ਕੇ ਪੜ੍ਹੂੰ। ਆਹ ਜਿਹੜੇ ਗੱਲਾਂ ਕਰਦੇ ਨੇ ਨਾ ਫਿਰ ਲੱਗੂ ਇਹਨਾਂ ਨੂੰ ਪਤਾ ਕਿ ਬੰਦਾ ਤਾਂ ਬੰਦਾ ਹੀ ਹੁੰਦਾ। ਪਰ ਇੱਥੇ ਕੌਣ ਸਮਝਦਾ ਬੰਦੇ ਨੂੰ ਬੰਦਾ ?ਇੱਥੇ ਤਾਂ ਕੋਈ ਸੰਧੂ। ਕੋਈ

ਢਿੱਲੋਂ। ਕੋਈ ਐਸ.ਈ ਤੇ ਕੋਈ ਬੀ.ਸੀ। ਮਾਨਸ ਕੀ ਜਾਤ ਸਭੇ ਏਕ ਸਵਾਹ ਪਹਿਚਾਨਣੀ ਇਹਨਾਂ ਮੋਟੀ ਬੁੱਧੀ ਵਾਲੇ ਜੀਵਾਂ ? ਛੇਵੀਂ 'ਚ ਜਾ ਕੇ ਕਿਹੜਾ ਖਹਿੜਾ ਛੁੱਟਿਆ ਇਹਨਾਂ ਗੱਲਾਂ ਤੋਂ। ਉਹੀ ਲੋਕ। ਉਹੀ ਸੋਚ। ਉਹੀ ਗੱਲਾਂ।

ਹੋਰ ਤਾਂ ਹੋਰ ਚੰਗੇ ਭਲੇ ਸੋਝੀ ਵਾਲੇ ਵੀ ਇਹੀ ਕੁਝ ਕਰਦੇ। ਸਾਡਾ ਇੱਕ ਮਾਸਟਰ ਹੁੰਦਾ ਸੀ ਟੀਰਾ ਜਿਹਾ। ਨਾਮ ਨਹੀਂ ਯਾਦ ਮੈਨੂੰ ਉਹਦਾ। ਕੇਰਾਂ ਉਹਨੇ ਸਾਨੂੰ ਇੱਕ ਸਵਾਲ ਪਾ ਦਿੱਤਾ। ਬੜਾ ਟੇਢਾ ਜਿਹਾ। ਕਹਿੰਦਾ ਕੱਢ ਕੇ ਲਿਆਉ। ਲੱਗ ਗਈ ਸਾਰੀ ਕਲਾਸ ਟੱਕਰਾਂ ਮਾਰਨ। ਮੈਂ ਕੱਢ ਕੇ ਸਵਾਲ ਪਹਿਲੀਆਂ 'ਚ ਸਲੇਟ ਜਾ ਮਾਸਟਰ ਜੀ ਅੱਗੇ ਕੀਤੀ।

ਇਨਾਮ ?

ਕਿਹੜਾ ਇਨਾਮ ?

ਮੈਨੂੰ ਤਾਂ ਸਜ਼ਾ ਮਿਲੀ। ਤੂਤ ਦੀ ਸੋਟੀ ਨਾਲ ਕੁੱਟਿਆ ਸੀ ਉਹਨੇ ਮੈਨੂੰ। ਪਤਾ ਕੀ ਕਹਿੰਦਾ। ਕਹਿੰਦਾ, "ਕੁੱਤਾ ਧੁੱਪ ਵੀ ਨਹੀਂ ਲੱਗਣ ਦਿੰਦਾ। ਕਿੱਦਾਂ ਮੂਹਰੇ ਖੜ੍ਹ ਗਿਆ ਕੰਧ ਬਣ ਕੇ। ਸਵਾਲ ਕੱਢ ਕੇ ਇਹਨੇ ਜੱਜ ਲੱਗਣਾ।"

ਜਦ ਕਿ ਬਾਈ ਜੀ ! ਪੂਰੀ ਕਲਾਸ 'ਚੋਂ ਮੇਰਾ ਹੀ ਸਵਾਲ ਠੀਕ ਸੀ। ਪਰ ਮੇਰੀ ਜਾਤ ਨਹੀਂ ਸੀ ਠੀਕ। ਤੁਸੀਂ ਦੱਸੋਂ...ਕੀ ਕਰ ਲਓਗੇ ਐਸੇ ਲੋਕਾਂ ਦਾ ਤੁਸੀਂ ? ਮੇਰੇ ਬਾਪੂ ਨੂੰ ਸਾਰੀ ਉਮਰ ਲੋਕ 'ਸੇਮੀ-ਸੇਮੀ' ਕਰਦੇ ਰਹੇ। ਕਿਸੇ ਗ਼ਲਤੀ ਨਾਲ ਵੀ ਉਹਨੂੰ ਤਰਸੇਮ ਸਿਹੁੰ ਨਹੀਂ ਕਿਹਾ ਹੋਣਾ ਕਦੇ।

ਤੇ ਹੁਣ ਉਹੀ ਲੋਕ ਮੇਰੇ ਕੋਲ ਆ ਕੇ ਮੱਥੇ ਰਗੜਦੇ ਨੇ। 'ਸੰਧੂ ਸਾਬ੍ਹ, ਸੰਧੂ ਸਾਬ੍ਹ' ਕਰਦਿਆਂ ਦੀ ਜ਼ੁਬਾਨ ਨਹੀਂ ਥੱਕਦੀ। ਉਦੋਂ ਬੜਾ ਸਵਾਦ ਆਉਂਦਾ ਮੈਨੂੰ।

ਬੱਸ ਜੀਹਦੇ ਹੱਥ ਬੀਨ ਉਹੀ ਸਪੇਰਾ।

ਹੁਣ ਵੀ ਮੈਨੂੰ ਸਲਾਮਾਂ ਨਹੀਂ ਜੇ ਹੁੰਦੀਆਂ। ਮੈਂ ਤਾਂ ਪਹਿਲਾਂ ਹੀ ਦੱਸ ਦਿੱਤਾ ਸੀ, ਇੱਥੇ 'ਬੰਦਾ' ਨਹੀਂ ਪੈਸਾ ਬੋਲਦਾ। ਕੁਰਸੀ ਨੂੰ ਸਲਾਮ ਹੁੰਦੇ ਨੇ ਤੇ ਜਾਂ ਫਿਰ ਥੋਡੇ ਗੇਟ ਮੂਹਰੇ ਟੰਗੀ ਨੇਮ ਪਲੇਟ ਨੂੰ ਸਲੂਟਾਂ ਵੱਜਦੀਆਂ। ਪਰ ਉਹ ਜਾਣੇ ਅੱਗੇ ਸੁਣੋ ਤੁਸੀਂ।

ਮੈਂ ਉਸ ਦਿਨ ਕਹਿ ਤਾਂ ਦਿੱਤਾ ਕਿ ਬਾਪੂ ਮੇਰਾ ਖੇਤੀ ਬਾੜੀ ਕਰਦਾ। ਬੱਸ ਕਹਿ ਕੇ ਫਸ ਗਿਆ। ਬੱਸ ਹੁਣ ਤਾਈਂ ਉਸੇ ਝੂਠ ਨੂੰ...... । ਲੋਕ ਤਾਂ ਪਿਉ ਦੇ ਪਿਉ ਨੂੰ ਫੜ੍ਹਦੇ ਨੇ। ਫੇਰ ਹੋਰ ਲੱਗ ਗਏ ਪੁਛਣ, ਅਖੇ ਥੋਡੀ ਜ਼ਮੀਨ ਕਿੰਨੀ। ਐਤਕੀ ਝੋਨਾ ਕਿਹੜਾ ਲਾਇਆ। ਪਸ਼ੂ ਕਿੰਨੇ ਰੱਖੇ। ਫਲਾਣ ਕਿਵੇਂ ਟਮਕਾਣ ਕਿਵੇਂ। ਬੱਸ ਫਿਰ ਕੀ ਇੱਕ ਝੂਠ ਬੋਲ ਕੇ ਪੰਚਾਸੀ ਸੌ ਹਰ ਰੋਜ਼ ਬੋਲਣੇ ਪੈਂਦੇ। ਮੈਂ ਜੋ ਮਨ ਆਉਂਦਾ ਆਖ ਦਿੰਦਾ। ਪਰ ਦੁੱਖ ਬਹੁਤ ਹੁੰਦਾ ਮੈਨੂੰ। ਮੈਂ ਜੇ ਝੂਠ ਬੋਲਦਾ ਰਿਹਾ ਸੀ ਤਾਂ ਕਦੀ ਕੁਝ ਜਿਤਾਉਂਣ ਲਈ ਨਹੀਂ। ਮੇਰੀ ਮਜ਼ਬੂਰੀ ਸੀ। ਬਹੁਤ ਦੁੱਖ ਭੋਗਿਆ ਮੈਂ। ਬੜਾ ਹੀਣ ਮਹਿਸੂਸ ਕੀਤਾ ਮੈਂ ਖ਼ੁਦ ਨੂੰ। ਪਿੰਡ ਇਕ ਯਾਰ ਸੀ ਮੇਰਾ ਮੰਗੀ। ਬੜਾ ਕੈਮ ਬੰਦਾ ਸੀ ਉਹ। ਦਸ ਕਿੱਲੇ ਜ਼ਮੀਨ ਸੀ ਉਨ੍ਹਾਂ ਦੀ। ਮੈਂ ਤੇ ਮੰਗੀ ਦੋ-ਦੋ ਘੰਟੇ ਉਨ੍ਹਾਂ ਦੀ ਮੋਟਰ 'ਤੇ ਬੈਠੇ ਗੱਲਾਂ ਕਰਦੇ ਰਹਿੰਦੇ। ਮੈਂ ਮੰਗੀ ਨੂੰ ਆਪਣਾ ਦੁੱਖ ਦੱਸਿਆ। ਬਾਈ ਜੀ ! ਬੜੀ ਸਿਆਣੀ ਗੱਲ ਕਹੀ ਸੀ ਉਸ ਬੰਦੇ ਨੇ।

ਕਹਿੰਦਾ, "ਆੜੀ ਝੂਠ ਉਹ ਹੁੰਦਾ ਜਿਹੜਾ ਕਿਸੇ ਦਾ ਕੁਝ ਵਿਗਾੜੇ। ਤੂੰ ਤਾਂ



'ਸਾਬ ਨਾਲ ਆਪਣੀ ਜਾਨ ਲਕਾਉਂਦਾ ਫਿਰਦਾ। ਕੋਈ ਨਾ ਪਰਵਾਹ ਨਾ ਕਰ। ਜੇ ਕੋਈ ਮੇਰਾ ਸਾਲਾ ਬਹੁਤਾ ਕਹੂ ਤਾਂ ਇੱਥੇ ਫੜ੍ਹ ਲਿਆਈ। ਕਿਸੇ ਰਿਸ਼ਤਾ ਕਰਨਾ ਤੈਨੂੰ। ਕਹਿ ਦਈਂ ਸਾਡੀ ਏ ਮੋਟਰ।"

ਮੈਨੂੰ ਇੱਕ ਵਾਰ ਤਾਂ ਹਾਸਾ ਆ ਗਿਆ।

ਫਿਰ ਤਾਂ ਮੰਗੀ ਦੀ ਜ਼ਮੀਨ ਦੇ ਸਿਰ 'ਤੇ ਛਾਲਾਂ ਮਾਰ ਛੱਡੀਆਂ ਸਾਰੀ ਉਮਰ। ਪਰ ਬਾਈ ਜੀ ! ਇਹ ਖ਼ੁਦਕੁਸ਼ੀ ਕਰ ਲੈਣ ਵਾਲੀ ਗੱਲ ਸੀ ਮੇਰੇ ਲਈ। ਪਰ ਜਦ ਮੈਨੂੰ ਲੋਕਾਂ ਦੀਆਂ ਗੱਲਾਂ ਯਾਦ ਆਉਂਦੀਆਂ। ਚੀਸ ਜਿਹੀ ਉਠਦੀ ਸੀ ਮੇਰੇ ਅੰਦਰ। ਮੈਂ ਸਾਲਮ ਸਬੂਤ ਬੈਠਾਂ ਨਾ ਤੁਹਾਡੇ ਸਾਹਮਣੇ। ਮੇਰੇ ਦੋ ਨੱਕ ਨੇ ਜਾਂ ਚਾਰ ਅੱਖਾਂ ?...ਜਾਂ ਫਿਰ ਤੁਹਾਡੀਆਂ ਚਾਰ ਅੱਖਾਂ ਨੇ ? ਰੱਬ ਨੇ ਸਭ ਨੂੰ ਇੱਕੋ ਜਿਹਾ ਬਣਾਇਆ। ਪੜ੍ਹਿਆ-ਲਿਖਿਆ ਇੱਜ਼ਤਦਾਰ ਬੰਦਾ ਮੈਂ। ਪਰ ਤੁਸੀਂ ਵੀ ਆਖ਼ਿਰ 'ਚ ਇਹੋ ਕਹਿਣਾ, ਐਵੇਂ ਕੁੱਤਾ ਭਕਾਈ ਮਾਰਦਾ..।

ਇਹ ਤਾਂ ਮਿਹਣੇ ਵਾਂਗੂੰ ਸਹਿਣਾ ਪੈਂਦਾ ਹੈ ਸਾਨੂੰ।

ਕਦੀ ਵੱਡੀ ਜਾਤ ਵਾਲੇ ਨੂੰ ਉਹਦੀ ਜਾਤ ਦਾ ਨਾਮ ਲੈ ਕੇ ਬੁਲਾਇਆ ਕਿਸੇ। ਕਦੀ ਕਿਸੇ ਗਾਹਲ ਕੱਢੀ ਉਹਨੂੰ ਉਹਦੀ ਜਾਤੀ ਦਾ ਨਾਮ ਲੈ ਕੇ। ਉਹਦੇ ਲਈ ਜਾਤ ਮਿਹਣਾ ਨਹੀਂ ਹੁੰਦੀ। ਫ਼ਰਕ ਤਾਂ ਪੈਂਦਾ ਮੇਰੇ ਵਰਗੇ ਉਨ੍ਹਾਂ ਨੂੰ ਜਿਹੜੇ ਜਾਤੀਵਾਦ ਦਾ ਸ਼ਿਕਾਰ ਹੁੰਦੇ ਨੇ। ਜਮਾਤੀ ਮੁੰਡੇ ਪਤਾ ਕੀ ਕਿਹਾ ਕਰਦੇ ਸੀ ?

ਕਹਿੰਦੇ ਸੀ, "ਤੇਰੇ ਕੋਲੋਂ ਚਮੜੇ ਦੀ ਬੋ ਆਉਂਦੀ। ਤੇਰਾ ਬਾਪੂ ਮਰੇ ਪਸ਼ੂ ਕਿਉਂ ਚੁੱਕਦਾ ? ਗੰਦੇ ਤੁਸੀਂ। ਤੁਸੀਂ ਚੰਮ ਖਾਂਦੇ ਜੇ ?"

ਦੱਸੋ ਕੀ ਜਵਾਬ ਦਿੰਦਾ ਮੈਂ। ਜਿਹੜੇ 'ਫ਼ੰਨੇ ਖਾਂ' ਮਾਸਟਰ ਸੀ ਨਾ ਸਕੂਲ 'ਚ ਉਹ ਪਤਾ ਕੀ ਆਖਦੇ ਸੀ, "ਤੂੰ ਕੀ ਲੈਣਾ ਓਏ ਪੜ੍ਹ ਕੇ। ਕਿਉਂ ਮਗਜ਼ ਖਰਾਬ ਕਰਦਾ। ਆਪਣੇ ਬਾਪੂ ਨਾਲ ਕੰਮ ਕਰਾਇਆ ਕਰ।"

ਦੱਸੋ ਮੈਂ ਰੱਬ ਦੇ ਮਾਂਹ ਮਾਰੇ ਸੀ। ਮੈਂ ਰੱਜ ਕੇ ਪੜ੍ਹਿਆ। ਮੈਂ ਤਾਂ ਪੀ.ਐਚ-ਡੀ ਵੀ ਕਰਨੀ ਸੀ। ਪਰ ਮੇਰਾ ਗਾਈਡ। ਗਾਈਡ ਦੀ ਵੀ ਸੁਣ ਲਉ। ਵੀਹ ਕੁ ਦਿਨ ਤਾਂ ਮੇਰੀ ਭੰਮੀਰੀ ਘੁਮਾ ਛੱਡੀ ਉਹਨੇ। ਚੱਕੀ ਤੋਂ ਆਟਾ ਲਿਆ ਦੇ। ਆਹ ਨਿਆਣੇ ਸਕੂਲ ਛੱਡ ਆ। ਆਹ ਕਰਦੇ। ਔਹ ਕਰਦੇ। ਮੈਂ ਕੰਮ ਕਰੀ ਜਾਂਦਾ। ਪਰ ਇੱਕ ਦਿਨ ਥੋਡੇ ਵਰਗੇ ਨੇਕ ਬੰਦੇ ਨੇ ਦੱਸਿਆ ਕਿ ਇਹ ਤਾਂ ਜੱਟਾਂ ਦੇ ਮੁੰਡਿਆ ਨੂੰ ਹੀ ਕਰਾਉਂਦਾ ਪੀ.ਐਚ-ਡੀ.। ਤੈਥੋਂ ਤਾਂ ਬੱਸ ਕੰਮ ਹੀ ਕਰਾਊ। ਗ਼ੈਰ ਜੱਟਾਂ ਨੂੰ ਤਾਂ ਇਹ ਬੋਝ ਸਮਝਦਾ ਧਰਤੀ 'ਤੇ। ਮੈਂ ਕਿਹਾ ਛੱਡ ਮਨਾਂ। ਇਹ ਸਿਕੰਦਰ ਸਿਹੁੰ ਵੀ ਫ਼ੰਨੇ ਖਾਂ ਹੀ ਹੈ। ਕੀ ਫਾਇਦਾ। ਜੇ ਪੜ੍ਹ-ਲਿਖ ਕੇ ਇਹ ਸਿਆਣਾ ਨਹੀਂ ਬਣਿਆ ਤਾਂ ਇਹਦੀ ਕਰਾਈ ਪੀ.ਐਚ-ਡੀ ਨਾਲ ਮੈਂ ਕਿਹੜਾ....। ਮੈਂ ਸਿਕੰਦਰ ਸਿਹੁੰ ਨੂੰ ਰਾਮ-ਰਾਮ ਬੁਲਾ ਕੇ ਆ ਗਿਆ ਘਰ ਨੂੰ। ਜਈ-ਤਈ ਮਰਾਵੇ ਪੀ.ਐਚ-ਡੀ। ਮੈਂ ਖ਼ਿਆਲ ਹੀ ਛੱਡ 'ਤਾ। ਚਲੋ ਪੜ੍ਹ-ਪੜ੍ਹ ਗੱਡੇ ਲੱਦੀਏ ਵਾਲੀ ਗੱਲ ਦਾ ਵੀ ਕੀ ਫਾਇਦਾ। ਡਿਗਰੀਆਂ ਨਾਲ ਕੀ ਹੁੰਦਾ। ਵੇਖ ਹੀ ਲਿਆ ਤੁਸੀਂ ਸਿਕੰਦਰ ਸਿਹੁੰ ਵਰਗਿਆਂ ਦਾ ਹਾਲ।

ਆਪਾਂ ਕਿਹੜੀ ਗੱਲ ਕਰਦੇ ਸੀ। ਹਾਂ ਇੰਜ ਹੀ ਲੱਲੇ-ਭੱਭੇ ਲਾਉਂਦਿਆ ਟਾਈਮ ਟੱਪਦਾ ਗਿਆ। ਇੱਕ ਦਿਨ ਮੇਰੀ ਜਮਾਤ ਦੇ ਚਾਰ-ਪੰਜ ਜਾਣੇ ਕਹਿੰਦੇ ਬਈ ਅਸੀਂ ਥੋਡੇ ਗੁਆਂਢ ਪਿੰਡ ਆਉਣਾ ਮੇਲੇ 'ਤੇ। ਤੂੰ ਵੀ ਆ ਜਾਈਂ। ਮੈਂ ਚਲਿਆ ਗਿਆ। ਨਾਲ ਮੇਰੇ ਮੰਗੀ। ਦੋ ਕੁ ਘੰਟੇ ਮੇਲੇ 'ਚ ਕੱਟਕੇ ਸਾਰੇ ਕਹਿੰਦੇ ਬਈ ਗਰਮੀ ਬਹੁਤ ਹੈ ਚਲੋ ਸੀਤੇ ਦੇ ਪਿੰਡ ਚੱਲੀਏ। ਮੈਨੂੰ ਤਾਂ ਗਰਮੀ 'ਚ ਵੀ ਕਾਂਬਾ ਛਿੜ ਗਿਆ। ਮੈਂ ਸੋਚਾਂ ਬਈ ਕਿੱਥੇ ਲਿਜਾਊ ਇਹਨਾਂ ਨੂੰ। ਬੱਸ ਸੱਪ ਦੇ ਮੂੰਹ 'ਚ ਕੋਹੜ ਕਿਰਲੀ ਆ ਗਈ। ਤੁਰ ਪਏ ਅਸੀਂ ਪਿੰਡ ਨੂੰ। ਸਾਰੇ ਰਾਹ ਮੈਂ ਚੁੱਪ ਰਿਹਾ। ਵੀਹ ਤਰ੍ਹਾਂ ਦੀਆਂ ਸੋਚਾਂ ਮਨ ਵਿੱਚ ਆਉਂਦੀਆਂ ਜਾਂਦੀਆਂ ਰਹੀਆਂ।

ਮੈਂ ਸਭ ਨੂੰ ਮੰਗੀ ਦੀ ਮੋਟਰ 'ਤੇ ਲੈ ਗਿਆ। ਮੰਗੀ ਆਪਣੇ ਘਰੋਂ ਜਾ ਕੇ ਚਾਹ ਪਾਣੀ ਲੈ ਆਇਆ। ਸਾਰਾ ਦਿਨ ਬੀਤ ਗਿਆ।

ਆਥਣੇ ਜਿਹੇ ਮੈਂ ਵੇਖਿਆ ਮੇਰਾ ਬਾਪੂ ਵੱਟੇ-ਵੱਟ ਮੰਗੀ ਦੀ ਮੋਟਰ ਵੱਲ ਨੂੰ ਤੁਰਿਆ ਆਵੇ। ਅਚਾਨਕ ਮੈਨੂੰ ਯਾਦ ਆਇਆ..ਬਾਪੂ ਨੇ ਤਾਂ ਕੋਠਾ ਲਿਪਣ ਲਈ ਮਿੱਟੀ ਲਿਆਉਣ ਲਈ ਕਿਹਾ ਸੀ। ਤੇ ਮੈਂ ਦੋ ਘੰਟਿਆ 'ਚ ਮੁੜ ਆਉਣ ਦਾ ਵਚਨ ਦੇ ਕੇ ਆਇਆ ਸੀ। ਪਰ ਹੁਣ ਤਾਂ ਪੂਰਾ ਦਿਨ ਹੀ।

ਮੈਂ ਉਠ ਕੇ ਬਾਪੂ ਵੱਲ ਨੂੰ ਹੋ ਤੁਰਿਆ। ਕਿਉਂਕਿ ਜਾਣਦਾ ਸਾਂ ਗੁੱਸੇ ਵਿੱਚ ਆਇਆ ਬਾਪੂ ਵੱਖੀਓਂ ਬੋਲਦਾ ਹੁੰਦਾ। ਬਾਪੂ ਨੇ ਮੇਰੀ ਧੀ-ਭੈਣ ਇੱਕ ਕਰ ਦਿੱਤੀ। ਮੈਂ ਕਰ-ਕਰਾ ਕੇ ਬਾਪੂ ਨੂੰ ਘਰ ਨੂੰ ਮੋੜ ਦਿੱਤਾ। ਪਰ ਜਦ ਪਿਛਾਂਹ ਮੁੜਿਆ ਤਾਂ ਸਾਰੇ ਲੱਗ ਗਏ ਪੁੱਛਣ ਕਿ ਕੌਣ ਸੀ ਇਹ?

ਮੈਨੂੰ ਤ੍ਰੇਲੀ ਜਿਹੀ ਆ ਗਈ। ਬਾਪੂ ਦੇ ਸਿਰ 'ਤੇ ਲਪੇਟਿਆ ਮੈਲਾ ਜਿਹਾ ਸਾਫਾ। ਟੁੱਟੇ ਬਟਨਾਂ ਵਾਲਾ ਕੁੜਤਾ। ਅੱਧੋ-ਰਾਣੀ ਜਿਹੀ ਤੇੜ ਦੀ ਚਾਦਰ ਤੇ ਪੈਰੀਂ ਪਾਈ ਟੁੱਟੀ ਜਿਹੀ ਜੁੱਤੀ। ਕਿਵੇਂ ਕਹਿੰਦਾ ਇਹ ਬਾਪੂ ਹੈ ਮੇਰਾ। ਦਸ ਕਿੱਲੇ ਇੱਕੋ ਟੱਕ ਦਾ ਮਾਲਕ। ਜੀਹਦੀ ਮੋਟਰ 'ਤੇ ਜਾਮਣਾਂ ਦੀ ਛਾਂਵੇ ਬੈਠੇ ਸੀ ਸਾਰੇ।

ਸਰਦਾਰ ਤਰਸੇਮ ਸਿਹੁੰ ਫ਼ੰਨੇ ਖਾਂ ਜੱਟ।

ਇਹੋ ਜਿਹਾ ਕਿਵੇਂ ਹੋ ਸਕਦਾ ਸੀ ਉਹ। ਮੈਂ ਜਿਵੇਂ ਕਿਸੇ ਧਰਮ ਸੰਕਟ ਵਿੱਚ ਫਸ ਗਿਆ। ਸਾਰੀ ਊਰਜਾ ਇਕੱਠੀ ਕਰਕੇ ਮੈਂ ਕਿਹਾ, "ਸਾਂਝੀ ਸੀ ਸਾਡਾ।"

ਗੱਲ ਹੋਰ ਪਾਸੇ ਤੁਰ ਗਈ। ਪਰ ਮੇਰੀ ਜ਼ੁਬਾਨ ਤਾਲੂਏ ਜਾ ਲੱਗੀ। ਗਲਾ ਖੁਸ਼ਕ ਹੋ ਗਿਆ ਤੇ ਅੱਖਾਂ ਨਮ। ਮੇਰਾ ਅੰਦਰਲਾ ਲਾਹਨਤਾਂ ਪਾਉਣ ਲੱਗਿਆ ਸੀ ਮੈਨੂੰ।

ਇੱਕ ਪਲ ਲਈ ਤਾਂ ਲੱਗਿਆ 'ਜਈ-ਤਈ' ਮਰਾਵੇ ਇਹੋ ਜਿਹੀ ਸਰਦਾਰੀ। ਜਿਹੜੀ ਪਿਉ ਨੂੰ ਪਿਉ ਕਹਿਣੋਂ ਰੋਕਦੀ। ਪਰ ਕੀ ਕਰਦਾ ਮੈਂ ਮੇਰੇ ਅੰਦਰ ਬੈਠਾ ਨੀਵੇਂ ਹੋਣ ਦਾ ਅਹਿਸਾਸ ਜਿਊਂਣ ਨਹੀਂ ਸੀ ਦਿੰਦਾ ਮੈਨੂੰ। ਮੇਰੇ ਅੰਦਰ ਦੀ ਗੰਢ ਹੋਰ ਪੀਚਦੀ ਜਾਂਦੀ।

ਜਦ ਸਾਰੇ ਆਪਣੇ ਪਿੰਡਾਂ ਨੂੰ ਮੁੜ ਗਏ, ਮੈਂ ਤੇ ਮੰਗੀ ਵੀ ਘਰ ਨੂੰ ਤੁਰ ਪਏ। ਸਾਡੇ ਦੋਹਾਂ ਵਿਚਾਲੇ ਚੁੱਪ ਸੀ। ਉਹ ਸਮਝਦਾ ਸੀ ਮੇਰੀ ਹਾਲਤ। ਜਦ ਮੰਗੀ ਹੁਣਾਂ ਦੀ ਬੀਹੀ ਦਾ ਮੋੜ ਆਇਆ। ਉਹਨੇ ਮੈਨੂੰ ਬਾਹੋਂ ਫੜ੍ਹ ਕੇ ਹਲੂਣਿਆ।



"ਜਾਵਾਂ ਮੈਂ?"

ਮੈਂ ਬੱਸ ਸਿਰ ਹਿਲਾਇਆ ਤੇ ਉਹ ਚਲਾ ਗਿਆ। ਘਰ ਵੜਿਆ ਤਾਂ ਬਾਪੂ ਘਰੇ ਨਹੀਂ ਸੀ। ਮੈਂ ਅੰਦਰ ਵੜ ਕੇ ਦੇਰ ਤੀਕ ਰੋਂਦਾ ਰਿਹਾ। ਪਹਿਲੀ ਵਾਰ ਝੂਠ ਬੋਲਣ ਦਾ ਅਹਿਸਾਸ ਮੈਨੂੰ ਵੱਢ-ਵੱਢ ਖਾ ਰਿਹਾ ਸੀ। ਮੈਂ ਜਦ ਬਾਹਰ ਨਿਕਲਿਆ ਤਾਂ ਵਿਹੜੇ ਵਿੱਚ ਬਾਪੂ ਬੈਠਾ ਸੀ। ਉਹ ਫਿਰ ਸ਼ੁਰੂ ਹੋ ਗਿਆ।

"ਲੱਗ ਗਿਆ ਸਾਬ੍ਹ ਜੀ ਦਾ ਟੈਮ। ਕਦੇ ਘਰ ਦਾ ਕੰਮ ਵੀ ਵੇਖ ਲਿਆ ਕਰ ਕੋਈ। ਮੈਂ ਹੀ ਰੱਖਿਆ ਹਰ ਥਾਂ ਫਾਹੇ ਲਾਉਣ ਨੂੰ। ਸਵੇਰ ਦਾ ਦਫ਼ਾ ਹੋਇਆਂ। ਦੋ ਘੰਟੇ ਨ੍ਹੀ ਹੋਏ ਤੇਰੇ। ਖਪ ਗਿਆ ਮੈਂ ਰੇਹੜਾ ਲੱਦਦਾ। ਦੋ ਬਾਲਟੇ ਚੁੱਕਾ ਦਿੰਦੋਂ ਤਾਂ ਲਿੱਸਾ ਨਹੀਂ ਸੀ ਹੋਣ ਲੱਗਿਆ ਤੂੰ। ਸੁਥਣੀ ਜਿਹੀ ਫਸਾ ਕੇ ਕਾਲਜ ਜਾਣ ਦਾ ਪਤਾ। ਅਖੇ ਮੈਂ ਤਾਂ ਅਬਸਰ ਲੱਗਣਾ। ਖੂਹ ਖਲੋਤਾ ਸੀ ਜੰਮਣ ਖੁਣੋਂ।"

ਬਾਪੂ ਇੱਕੋ ਸਾਹੇ ਕਿੰਨਾ ਕੁਝ ਬੋਲ ਗਿਆ।

ਮੇਰੀਆਂ ਅੱਖਾਂ ਫੇਰ ਭਰ ਆਈਆਂ। ਗਲਾ ਭਾਰਾ ਹੋ ਗਿਆ।

"ਕਿਉਂ ਆਇਆ ਤੂੰ ਮੰਗੀ ਦੀ ਮੋਟਰ 'ਤੇ। ਮੈਂ ਨੇਪਾਲ ਤਾਂ ਨਹੀਂ ਸੀ ਚਲਾ ਗਿਆ। ਮਿੱਟੀ ਭੱਜੀ ਜਾਂਦੀ ਸੀ ਕਿਤੇ। ਕਿਨ੍ਹੇ ਕਿਹਾ ਸੀ ਖਪਣ ਨੂੰ। ਅੱਜ ਆਪਣੇ ਜਮਾਤੀਆਂ ਸਾਹਮਣੇ....।"

ਮੈਂ ਰੋਂਦੇ ਹੋਏ ਸਾਰੀ ਗੱਲ ਦੱਸ ਦਿੱਤੀ। ਇੱਕ ਪਲ ਲਈ ਸਾਡੇ ਵਿਚਾਲੇ ਚੁੱਪ ਵਰਤ ਗਈ। ਬਾਪੂ ਡੌਰ-ਭੌਰ ਜਿਹਾ ਝਾਕਣ ਲੱਗਿਆ। ਫਿਰ ਸੁਰਤ ਸਿਰ ਹੁੰਦਾ ਬੋਲਿਆ।

"ਦੇਖ ਪੁੱਤ ਸੀਤਿਆ! ਕੇਰਾਂ ਇੱਕ ਕਾਂ ਨੂੰ ਮੋਰ ਦੇ ਖੰਭ ਲੱਭ ਗਏ। ਮੋਰ ਦੇ ਖੰਭ ਲਾ ਕੇ ਕਾਂ ਸੋਚੇ ਬਈ ਮੈਂ ਵੀ ਮੋਰ ਬਣ ਗਿਆ।"

ਕਥਾ ਸੁਣਾ ਕੇ ਬਾਪੂ ਮੇਰੇ ਮੂੰਹ ਵੱਲ ਝਾਕਣ ਲੱਗਾ।

"ਪੁੱਤ ਜੋ ਰੱਬ ਨੇ ਬਣਾ ਕੇ ਭੇਜ 'ਤਾ ਇਹਨੂੰ ਕੌਣ ਬਦਲੇ। ਝੂਠ ਦੇ ਪੈਰ ਨਹੀਂ ਹੁੰਦੇ। ਲੋਕਾਂ ਕੋਲੋਂ ਤਾਂ ਲੁਕਾ ਲਏਗਾ ਪਰ ਆਪਣੇ ਆਪ ਤੋਂ ਕਿਵੇਂ।"

ਬਾਪੂ ਦੀ ਅਵਾਜ਼ ਵਿੱਚ ਨਰਮੀ ਸੀ। ਉਹ ਬੋਲਦਾ ਗਿਆ। ਪਰ ਮੈਨੂੰ ਜਿਵੇਂ ਕੁਝ ਸੁਣਦਾ ਹੀ ਨਹੀਂ ਸੀ। ਕਿੰਨਾ ਗ਼ਲਤ ਸੋਚਦਾ ਸੀ ਬਾਪੂ ਵੀ।

"ਅਖੇ ਰੱਬ ਨੇ।"

ਦੱਸੋ! ਰੱਬ ਨੇ ਬਣਾਈਆਂ ਆਹ ਜਾਤਾਂ-ਗੋਤਾਂ? ਰੱਬ ਨੇ ਬਣਾਏ ਇਹ ਉਚੇ-ਨੀਵੇਂ। ਨਹੀਂ ਬਿਲਕੁਲ ਨਹੀਂ। ਰੱਬ ਨੇ ਤਾਂ ਬੱਸ ਬੰਦਾ ਹੀ ਬਣਾਇਆ ਸੀ। ਬੰਦੇ ਨੇ ਅੱਗੇ ਪਤਾ ਨਹੀਂ ਕੀ-ਕੀ ਬਣਾ ਧਰਿਆ। ਖ਼ੂਨ ਤਾਂ ਸਭ ਦਾ ਲਾਲ ਹੀ ਹੁੰਦਾ। ਹਾਂ ਪਰ ਦਿਲ ਜ਼ਰੂਰ ਕਾਲੇ ਹੁੰਦੇ ਕਈਆਂ ਦੇ। ਦਿਲ ਤੋਂ ਯਾਦ ਆਇਆ। ਮੈਂ ਵੀ ਦਿਲ ਵਟਾਇਆ ਸੀ ਕਿਸੇ ਨਾਲ। ਪਰ ਮੇਰਾ ਸੰਸਾਰ ਉਜੜ ਗਿਆ।

ਕਿਉਂ?

ਬਸ ਮੇਰੇ ਝੂਠ ਕਰਕੇ। ਮੇਰੀ ਜਾਤ ਨੀਵੀਂ ਸੀ ਇਸ ਕਰਕੇ। ਤੇ ਮੇਰੇ ਬਾਪੂ ਕੋਲ

ਜ਼ਮੀਨ ਨਹੀਂ ਸੀ ਇਸ ਕਰਕੇ।

ਉੱਚੀ ਜਾਤ ਦੀ ਸੀ ਉਹ। ਪਰ ਪਿਆਰ ਕਿਤੇ ਜਾਤਾਂ ਵੇਖ ਕੇ ਹੁੰਦਾ ? ਪਿਆਰ ਤਾਂ ਅਹਿਸਾਸ ਨੂੰ ਕਹਿੰਦੇ ਨੇ। ਅਹਿਸਾਸਾਂ ਦੀ ਕੋਈ ਜਾਤ ਨਹੀਂ ਹੁੰਦੀ। ਪਰ ਉਹ ਉੱਚੀ ਜਾਤ ਵਾਲਾ ਹੀ ਸਮਝਦੀ ਸੀ ਮੈਨੂੰ। ਮੈਂ ਸੱਚ ਦੱਸ ਦੇਣਾ ਚਾਹੁੰਦਾ ਸੀ ਉਸਨੂੰ। ਪਰ ਸੱਚ ਦੱਸਣ ਤੋਂ ਪਹਿਲਾਂ ਹੀ ਮੇਰਾ ਝੂਠ ਫੜ੍ਹਿਆ ਗਿਆ। ਪਤਾ ਨਹੀਂ ਕਿੱਥੋਂ ਮੇਰਾ 'ਬਾਇਓਡੇਟਾ' ਪਤਾ ਲੱਗ ਗਿਆ ਸੀ ਉਸਨੂੰ। ਮੈਂ ਬੜੇ ਵਾਸਤੇ ਪਾਏ। ਸੌ ਸਹੁੰਆਂ ਖਾਧੀਆਂ ਕਿ ਮੈਂ ਕੋਈ 'ਝੂਠਾ ਬੰਦਾ' ਨਹੀਂ। ਮੈਂ ਕਿਸੇ ਨੂੰ ਧੋਖਾ ਦੇਣ ਲਈ ਝੂਠ ਨਹੀਂ ਸੀ ਬੋਲਿਆ। ਪਰ ! ਮੈਂ ਗੁਆ ਲਿਆ ਸੀ ਉਸਨੂੰ। ਮੇਰੇ ਝੂਠ ਦੀ ਥਾਂਏ ਸਜ਼ਾ ਮਿਲ ਗਈ ਸੀ ਮੈਨੂੰ। ਪਰ ਇਸ ਤੋਂ ਵੀ ਵੱਡਾ ਦੁੱਖ ਤਾਂ ਇਹ ਸੀ ਕਿ ਉਸ ਕੁੜੀ ਨੇ ਮੇਰੇ ਨਾਲ ਨਹੀਂ ਮੇਰੀ ਜਾਤ ਨਾਲ ਪਿਆਰ ਕੀਤਾ ਸੀ। ਉਸਨੇ ਕਦੇ ਇਨਸਾਨ ਦੇ ਤੌਰ 'ਤੇ ਵੇਖਿਆ ਹੀ ਨਹੀਂ ਸੀ ਮੈਨੂੰ। ਮੈਂ ਦਿਲ ਪੱਥਰ ਕਰ ਲਿਆ। ਸੋਚਿਆ ਛੱਡ ਮਨਾਂ। ਜੇ ਪਿਆਰ ਹੀ ਹੁੰਦਾ ਤਾਂ ਉਹ ਇੰਜ ਨਾ ਕਰਦੀ। ਬੱਸ ਰਾਤ ਗਈ। ਬਾਤ ਗਈ।

ਆਪਾਂ ਗੱਲ ਅੱਗੇ ਤੋਰੀਏ। ਵੇਖੋ ਨਾ ਕੀ ਲੈ ਜਾਣਾ ਬੰਦੇ ਨੇ ਨਾਲ। ਦੋ ਘੜੀਆਂ ਗੱਲਾਂ ਕੀਤਿਆਂ ਦਿਲ ਹੌਲਾ ਹੋ ਜਾਂਦਾ। ਉਹ ਕੀ ਕਹਿੰਦੇ ਨੇ ਸਿਆਣੇ ਬਈ ਦੁੱਖ ਵੰਡਿਆਂ ਘੱਟਦਾ ਤੇ ਖ਼ੁਸ਼ੀ ਵੰਡਿਆਂ ਵੱਧਦੀ ਹੈ। ਹੈ ਕਿ ਨਹੀਂ ?

ਬਸ ਬਾਈ ਜੀ ਜਿਵੇਂ-ਕਿਵੇਂ ਕਰ ਕੇ ਦਿਨ ਕੱਟੀਦੇ ਗਏ। ਮੈਂ ਬੀ.ਏ.ਕਰਕੇ ਐਮ.ਏ.ਕੀਤੀ। ਫਿਰ ਇੱਕ ਹੋਰ ਐਮ.ਏ. ਕੀਤੀ। ਪੀ.ਐਚ-ਡੀ.ਸਿਕੰਦਰ ਸਿਹੁੰ ਕਰਕੇ ਹੁੰਦੀ-ਹੁੰਦੀ ਰਹਿ ਗਈ। ਮੈਂ ਲੱਗ ਗਿਆ ਕੋਈ ਕੰਮ-ਧੰਦਾ ਲੱਭਣ। ਪਰ ਕੋਈ ਕੰਮ ਕਾਰ ਕਿਤੇ ਰੱਖਿਆ ਪਿਆ ਹੁੰਦਾ। ਬੜੇ ਪਾਪੜ ਵੇਲੇ ਮੈਂ। ਅਖੀਰ ਬੱਤੀ ਸੌ ਧੱਕੇ ਖਾ ਕੇ ਇਸ ਥਾਂ ਅੱਪੜਿਆ ਮੈਂ।

ਹੁਣ ਪੁੱਛੋ ਬਈ ਇਹ ਸੰਧੂ ਵਾਲਾ ਕੀ ਮਸਲਾ ?

ਆਪਣੇ ਦੁਆਲੇ ਭਰਮ ਜਾਲ ਤਾਂ ਮੈਂ ਪਹਿਲਾਂ ਹੀ ਵਿਛਾਈ ਬੈਠਾ ਸੀ। ਕਈ ਸਾਲ ਬੀਤ ਗਏ। ਕਿੰਨਾ ਕੁਝ ਬਦਲ ਗਿਆ। ਮੈਂ ਕੀ ਤੋਂ ਕੀ ਬਣ ਗਿਆ। ਪਰ ਹੁਣ ਵੀ ਸਕੂਨ ਹੈ ਨ੍ਹੀ ਇਸ ਰੂਹ ਨੂੰ। ਪਤਾ ਕਿਉਂ ? ਕਿਉਂਕਿ ਹੁਣ ਮੈਨੂੰ ਜ਼ਰੂਰਤ ਹੈ ਨਹੀਂ ਇਸ ਸਭ ਕਾਸੇ ਦੀ। ਜਦ ਜ਼ਰੂਰਤ ਸੀ ਉਦੋਂ ਧੁਰ ਤੱਕ ਤਰਸੇਵਾਂ ਹੰਢਾਇਆ ਮੈਂ। ਮੇਰੀ ਮਾਂ ਦੇ ਮੋਤੀਆ ਉਤਰ ਆਇਆ ਸੀ ਅੱਖਾਂ ਵਿੱਚ। ਪਰ ਕਿਸੇ ਵੱਡੇ ਹਸਪਤਾਲ ਜਾ ਕੇ ਇਲਾਜ ਕਰਾਉਣ ਜੋਗੇ ਪੈਸੇ ਹੈ ਨਹੀਂ ਸੀ ਮੇਰੇ ਬਾਪੂ ਕੋਲ। ਮੈਂ ਬੇਬੇ ਨੂੰ ਸਰਕਾਰੀ ਹਸਪਤਾਲ ਲੈ ਗਿਆ। ਪਰ ਉਥੇ ਵੀ ਮਾੜੇ ਬੰਦੇ ਨੂੰ ਕੌਣ ਪੁੱਛਦਾ। ਡਾਕਟਰ ਨੇ ਲਿਖ ਕੇ ਪਰਚੀ ਹੱਥ ਫੜ੍ਹਾ ਦਿੱਤੀ ਮੇਰੇ। ਕਹਿੰਦਾ ਬਜ਼ਾਰੋਂ ਆਹ ਸਮਾਨ ਲੈ ਕੇ ਆ। ਮੈਂ ਜਦੋਂ ਮੈਡੀਕਲ ਸਟੋਰ ਤੋਂ ਸਮਾਨ ਲੈ ਕੇ ਪੈਸੇ ਪੁਛੇ ਤਾਂ ਮੇਰੇ ਪੈਰਾਂ ਹੇਠੋਂ ਧਰਤੀ ਖਿਸਕ ਗਈ।

"ਮੇਰੇ ਕੋਲ ਇੰਨੇ ਪੈਸੇ ਤਾਂ ਹੈ ਨ੍ਹੀ ਜੀ।"

ਮੈਂ ਦੁਕਾਨ ਵਾਲੇ ਨੂੰ ਦੱਸਿਆ।



"ਕਿੰਨੇ ਨੇ ? ਹੌਲਾ ਲੈ ਲਓ ਸਮਾਨ। ਲੈਂਸ ਸਸਤਾ ਦੇ ਦਿੰਦੇ..।"

ਤੇ ਉਸ ਦੁਕਾਨਦਾਰ ਦੀ ਗੱਲ ਸੁਣ ਕੇ ਸੋਚੀ ਪੈ ਗਿਆ ਸੀ ਮੈਂ। ਸੋਚੋ ਤੁਸੀਂ ਕੀ ਬੀਤੀ ਹੋਊ ਮੇਰੇ 'ਤੇ। ਮੈਨੂੰ ਦੁਨੀਆਂ ਦਿਖਾਉਣ ਵਾਲੀ ਮੇਰੀ ਮਾਂ ਦੀਆਂ ਅੱਖਾਂ ਬਣਾਉਣ ਜੋਗਾ ਵੀ ਨਹੀਂ ਸੀ ਮੈਂ। ਕਿੱਥੇ ਮਾਰ ਲੈਂਦਾ ਮੈਂ ਡਾਕਾ...ਤੇ ਉਸ 'ਸਸਤੇ' ਸਮਾਨ ਨਾਲ ਬਣੀ ਮੇਰੀ ਮਾਂ ਦੀ ਅੱਖ ਉਹਦੇ ਮਰਨ ਤੀਕ ਠੀਕ ਨਹੀਂ ਸੀ ਹੋਈ। ਤੇ ਮੇਰੇ ਬਾਪੂ ਨੇ ਕਦੇ ਚੰਗਾ ਖਾ-ਹੰਢਾ ਕੇ ਨਹੀਂ ਸੀ ਵੇਖਿਆ। ਰੱਜ ਕੇ ਥੁੜ ਹੰਢਾਈ ਸੀ ਉਸਨੇ। ਅਜੀਬ ਕਥਾ ਹੈ ਮੇਰੇ ਬੀਤੇ ਦੀ। ਬਾਪੂ ਵਿਚਾਰਾ ਧੁਰ ਦੀ ਟਿਕਟ ਕਟਾ ਗਿਆ। ਮੈਂ ਪਿੰਡ ਛੱਡ ਦਿੱਤਾ। ਸੀਤੇ ਤੋਂ ਸੁਰਜੀਤ ਬਣ ਗਿਆ। ਸਕੂਲੇ ਮੈਂ ਪੜ੍ਹਾਇਆ। ਕਲਰਕੀ ਮੈਂ ਕਰੀ। ਬੈਂਕ 'ਚ ਸਫ਼ਾਈਆਂ ਮੈਂ ਕੀਤੀਆਂ। ਲੋਕਾਂ ਦੇ ਜੂਠੇ ਭਾਂਡੇ ਮੈਂ ਧੋਤੇ। ਪਰ ਹਰ ਥਾਂ ਜੱਟ ਦੱਸਿਆ ਮੈਂ ਖ਼ੁਦ ਨੂੰ। ਬਸ ਇੰਜ ਹੀ ਇਥੇ ਆ ਕੇ ਬਣ ਗਿਆ ਸੁਰਜੀਤ ਸਿੰਘ ਸੰਧੂ। ਸਾਰਾ ਸ਼ਹਿਰ ਜਾਣਦਾ ਏ ਮੈਨੂੰ। 'ਸੰਧੂ ਸਾਬ-ਸੰਧੂ ਸਾਬ' ਕਰਦੇ ਨੇ ਲੋਕ। ਪਰ ਕਿਸੇ ਨੂੰ ਨਹੀਂ ਪਤਾ ਕਿ ਮੈਂ। ...ਕਿਉਂਕਿ ਮੇਰੇ ਮੱਥੇ 'ਤੇ ਥੋੜਾ ਲਿਖਿਆ ਕਿ.....। ਲੋਕ ਠੱਪਾ ਲਗਾਉਂਦੇ ਨੇ। ਸਮਾਜ ਮੋਹਰ ਜੜ੍ਹਦਾ ਹੈ ਥੋਡੇ ਮੱਥੇ 'ਤੇ। ਉਹ ਠੱਪਾ ਮੈਂ ਮਿਟਾਇਆ ਏ ਖ਼ੁਦ। ਇਹਨਾਂ ਹੱਥਾਂ ਨਾਲ। ਜ਼ਮੀਨ ਹੈ ਅੱਜ ਮੇਰੇ ਕੋਲ। ਪੈਸਾ ਹੈ। ਨਾਮ ਹੈ। ਹੋਰ ਦੱਸੋ 'ਸਿੰਗ' ਹੁੰਦੇ ਉਚੀ ਜਾਤ ਵਾਲੇ ਦੇ ਸਿਰ ਉਤੇ। ਬਾਈ ਜੀ ! ਜਾਤ ਕਿਸੇ ਦੇ ਖ਼ੂਨ 'ਚ ਨਹੀਂ ਹੁੰਦੀ।

ਢੋਏ ਨੇ ਮੇਰੇ ਬਾਪੂ ਨੇ ਮਰੇ ਪਸ਼ੂ। ਪਰ ਉਹ ਕਿੱਤਾ ਸੀ ਉਸਦਾ। 'ਹੱਕ ਹਲਾਲ' ਦੀ ਕਮਾਈ। ਜਿਸ ਨਾਲ ਟੱਬਰ ਪਾਲਿਆ ਉਹਨੇ। 'ਕੰਮ' ਨਹੀਂ 'ਕਿਰਦਾਰ' ਨੀਵਾਂ ਹੁੰਦਾ ਬੰਦੇ ਦਾ। ਲੋਕ ਸਾਰੀ ਉਮਰ ਨੀਵਾਂ ਸਮਝਦੇ ਰਹੇ ਸਾਨੂੰ। ਮੈਂ ਉੱਚਾ ਹੋ ਕੇ ਦਿਖਾਇਆ ਸਭ ਨੂੰ। ਖ਼ੁਦ ਨੂੰ ਫ਼ੰਨੇ ਖਾਂ ਸਮਝਣ ਵਾਲੇ ਗੋਡੇ ਰਗੜਦੇ ਨੇ ਮੇਰੇ ਕੋਲ ਆ ਕੇ।

ਇੱਕ ਵਾਰ ਸਾਡੇ ਪਿੰਡੋਂ ਬਿੱਲਿਆਂ ਦੀ ਪੱਤੀ ਵਾਲਾ ਫੱਗਣ ਸਿਹੁੰ , ਆਪਣੇ ਮੁੰਡੇ ਨੂੰ ਨਾਲ ਲੈ ਕੇ ਕੋਠੀ ਆ ਗਿਆ। ਮੈਂ ਅਜੇ ਉਠਿਆ ਹੀ ਸੀ। ਉਪਰੋਂ ਜਦੋਂ ਬੈਡਰੂਮ 'ਚੋਂ ਮੈਂ ਫੱਗਣ ਸਿਹੁੰ ਨੂੰ ਵੇਖਿਆ ਤਾਂ ਮੇਰੀਆ ਅੱਖਾਂ ਅੱਗੇ ਕਿੰਨਾ ਕੁਝ ਘੁੰਮਣ ਲੱਗਿਆ। ਪੁਰਾਣੀ ਗੱਲ ਸੀ। ਫੱਗਣ ਸਿਹੁੰ ਦੇ ਉਸੇ ਮੁੰਡੇ ਦੇ ਅਜੇ ਦਾਹੜੀ ਵੀ ਨਹੀਂ ਸੀ ਫੁੱਟੀ। ਇੱਕ ਦਿਨ ਬਾਪੂ ਉਹਨਾਂ ਦੇ ਖੇਤਾਂ ਵੱਲ ਨੂੰ ਗਿਆ ਸੀ ਕਿੱਧਰੇ। ਮੁੜਦੇ ਹੋਏ ਉਹਨੇ ਫੱਗਣ ਸਿਹੁੰ ਦੇ ਮੁੰਡੇ ਨੂੰ ਪੁੱਛ ਕੇ ਵਛੇਰੀ ਜੋਗੇ ਰੁੱਗ ਪੱਠੇ ਵੱਢ ਲਏ। ਰੇਹੜੇ 'ਤੇ ਸੁੱਟ ਕੇ ਬਾਪੂ ਅਜੇ ਤੁਰਨ ਹੀ ਲੱਗਾ ਸੀ ਕਿ ਜਦ ਨੂੰ ਉੱਤੇ ਹੀ ਫੱਗਣ ਸਿਹੁੰ ਆ ਗਿਆ। ਉਹਨੇ ਨਾ ਗੱਲ ਸੁਣੀ ਨਾ ਬਾਤ। ਲੱਗ ਗਿਆ ਬਾਪੂ ਦੀ ਬੇਇੱਜ਼ਤੀ ਕਰਨ।

"ਕੀ ਗੱਲ ਲੰਗਰ ਲਾਇਆ ਇੱਥੇ ? ਕਿਹਨੂੰ ਪੁੱਛ ਕੇ ਵੱਢੇ ਪੱਠੇ ?"

"ਸਰਦਾਰਾ ! ਕਾਕਾ ਆਪਣਾ ਕੋਲ ਹੀ ਖੜ੍ਹਾ। ਮੈਂ ਚੋਰੀ ਤਾਂ ਨ੍ਹੀ ਵੱਢੇ।"

"ਇਹਨੂੰ ਜਵਾਕ ਨੂੰ ਕੀ ਪਤਾ। ਗੰਦ ਪਾਇਆ ਤੁਸੀਂ। ਮਿਹਨਤਾਂ ਨਾਲ ਫਸਲਾਂ ਪਾਲੀਦੀਆਂ। ਤੁਰ ਪਿਆ ਰੱਖ ਕੇ। ਸੁਟ ਇੱਥੇ।"

ਉਹਨੇ ਪੱਠੇ ਉਥੇ ਹੀ ਸੁਟਾ ਲਏ। ਬਾਪੂ ਵਿਚਾਰਾ ਬੇਇੱਜ਼ਤੀ ਕਰਾ ਕੇ ਘਰ ਮੁੜ ਆਇਆ।

ਉਸੇ ਫੱਗਣ ਸਿਹੁੰ ਨੂੰ ਵੇਖ ਕੇ ਮੈਨੂੰ ਬਾਪੂ ਦਾ ਲਾਚਾਰ ਜਿਹਾ ਚਿਹਰਾ ਯਾਦ ਆ ਗਿਆ। ਮੈਂ ਬੈਡਰੂਮ 'ਚੋਂ ਬਾਹਰ ਆਇਆ ਤਾਂ ਸਾਹਮਣੇ ਨੌਕਰ 'ਆਇਆ ਹੋਇਆਂ' ਦੀ ਸੂਚਨਾ ਦੇਣ ਲਈ ਖੜਾ ਸੀ।

"ਬਾਹਰ ਹੀ ਖੜਾ ਰਹਿਣ ਦੇ ਉਨ੍ਹਾਂ ਨੂੰ। ਕਹਿ ਦੇ ਦਸ ਮਿੰਟ ਤੱਕ ਆਉਂਦਾ।" ਇੰਨਾ ਕਹਿ ਕੇ ਮੈਂ ਬਾਥਰੂਮ ਵਿੱਚ ਵੜ ਗਿਆ। ਜਦ ਬਾਥਰੂਮ 'ਚੋਂ ਬਾਹਰ ਆਇਆ ਤਾਂ ਅੱਧੇ ਘੰਟੇ ਤੋਂ ਵੀ ਉੱਤੇ ਟਾਈਮ ਹੋ ਗਿਆ ਸੀ। ਤਿਆਰ ਹੋ ਕੇ ਮੈਂ ਹੇਠਾਂ ਗਿਆ ਤੇ ਉਨ੍ਹਾਂ ਨੂੰ ਡਰਾਇੰਗ ਰੂਮ ਵਿੱਚ ਬੁਲਾ ਲਿਆ।

"ਸਾਬ੍ਹ ਜੀ! ਸੁਖ ਨਾਲ ਖਾਸਾ ਹੀ ਟੈਮ ਲਗਾ ਦਿੱਤਾ। ਅਸੀਂ ਤਾਂ ਖੜੇ ਹੀ ਸੁੱਕ ਚਲੇ ਸੀ।"

ਫੱਗਣ ਸਿਹੁੰ ਅੰਦਰ ਵੜਦਾ ਹੀ ਬੋਲਿਆ।

ਮੇਰੇ ਮਨ 'ਚ ਆਈ ਕਹਾਂ ਕਿ ਫੱਗੂਆਂ ਸਾਬ੍ਹ ਤੇਰੇ ਪਿਉ ਨੇ ਤਾਂ ਨਹੀਂ ਬਣਾਇਆ ਮੈਨੂੰ। ਮਿਹਨਤ ਨਾਲ ਬਣਿਆ। ਨੌਕਰ ਤਾਂ ਨਹੀਂ ਰੱਖਿਆ ਤੇਰਾ।

"ਕੀ ਗੱਲ ਚਾਚਾ ਨੌਕਰ ਨੇ ਬੈਠਣ ਨੂੰ ਨਹੀਂ ਕਿਹਾ। ਇੱਕ ਤਾਂ ਇਹਨਾਂ ਨੌਕਰਾਂ ਦਾ ਦਿਮਾਗ਼ ਵੀ। ਬੰਦਾ ਕੁ ਬੰਦਾ ਨਹੀਂ ਵੇਖਦੇ।"

ਮੈਂ ਜਾਣਦਾ ਹੋਇਆ ਅਣਜਾਣ ਬਣ ਗਿਆ।

"ਚੱਲ ਸੁਰਜੀਤ ਸਿਆਂ! ਕੋਈ ਨਾ। ਤੇਰੇ ਗੋਚਰਾ ਕੰਮ ਸੀ। ਮੈਂ ਕਿਹਾ ਭਤੀਜ ਏ ਆਪਣਾ ਫਿਰ ਵੀ। ਗੱਲ ਇਹ ਸੀ ਕਿ.....।"

ਲੱਗ ਗਿਆ ਫੱਗਣ ਸਿਹੁੰ 'ਬਾਤਾਂ' ਸੁਣਾਉਣ। ਮੈਂ ਸੋਚਾਂ ਬਈ ਕਦੀ ਤੂੰ ਸਾਨੂੰ ਵੱਢੀ-ਟੁੱਕੀ ਜਾਤ ਦੱਸਦਾ ਸੀ। ਅੱਜ ਮੈਂ ਤੈਨੂੰ 'ਆਪਣਾ' ਲੱਗਦਾ।

ਇਉਂ ਹੁੰਦਾ ਬਾਈ ਜੀ। ਕੀ ਕਹਿੰਦੇ ਨੇ ਸਿਆਣੇ ਬਈ ਮੰਜੀਓਂ ਭੌਂ ਨੇੜੇ ਹੁੰਦਾ। ਦਿਨ ਬਦਲਦਿਆਂ ਦੇਰ ਨਹੀਂ ਲੱਗਦੀ।

"ਪਾਸ ਨਹੀਂ ਤੋ ਦੂਰ ਹੈ। ਮੰਜ਼ਿਲ ਜ਼ਰੂਰ ਹੈ।"

ਸੈਂਕੜੇ ਝੂਠ ਬੋਲੇ ਮੈਂ ਸਾਰੀ ਉਮਰ। ਪਰ ਕਿਸੇ ਦਾ ਕੁਝ ਵਿਗਾੜਿਆ ਤਾਂ ਨਹੀਂ। ਖ਼ੁਦ ਨੂੰ ਹੀ ਧੋਖਾ ਦਿੰਦਾ ਰਿਹਾਂ ਮੈਂ।

ਬੜਾ ਤਰਸੇਵਾਂ ਹੰਢਾਇਆ ਮੈਂ। ਚੱਜ ਨਾਲ ਖਾ ਹੰਢਾ ਕੇ ਨਹੀਂ ਸੀ ਵੇਖਿਆ ਮੈਂ ਕਦੀ। ਬੰਤੇ ਸ਼ਾਹ ਦੀ ਹੱਟੀ 'ਤੇ ਪਈਆਂ 'ਚੀਜ਼ਾਂ' ਵੱਲ ਤਰਸ ਭਰੀਆ ਨਜ਼ਰਾਂ ਨਾਲ ਵੇਖਦੇ ਰਹਿਣਾ। ਪਰ ਉਨ੍ਹਾਂ ਦਾ ਸਵਾਦ ਵੇਖਣ ਲਈ ਕਦੀ ਚੁਆਨੀ ਨਹੀਂ ਸੀ ਮਿਲੀ ਘਰੋਂ। ਜਦ ਮੈਂ ਕਾਲਜ ਪੜ੍ਹਦਾ ਸੀ ਤਾਂ ਛੁੱਟੀ ਵਾਲੇ ਦਿਨ ਲੱਡੂ ਮਿਸਤਰੀ ਨਾਲ ਦਿਹਾੜੀ ਲਾਉਣ ਜਾਇਆ ਕਰਦਾ ਸੀ। ਕਦੀ ਰੁਪਈਆ ਅਪਣੀ ਮਰਜ਼ੀ ਨਾਲ ਖਰਚ ਕੇ ਨਹੀਂ ਸੀ ਵੇਖਿਆ। ਜੋ ਮਿਲਣਾ, ਘਰੇ ਲਿਆ ਫੜਾਉਣਾ। ਬੇਬੇ ਲੋਕਾਂ ਦੇ ਲੱਥੇ ਲਥਾਏ ਕੱਪੜੇ ਪਾ ਕੇ ਸਾਡਾ ਨੰਗ ਕੱਜਦੀ ਰਹੀ।

ਪਰ ਅੱਜ।



ਅੱਜ ਮੇਰਾ ਮੁੰਡਾ ਅੰਡਰਵੀਅਰ ਵੀ 'ਬਰੈਂਡਡ' ਪਾਉਂਦਾ। ਏ.ਸੀ ਬਿਨਾਂ ਨੀਂਦ ਨਹੀਂ ਆਉਂਦੀ ਉਹਨੂੰ। ਸਾਢੇ ਪੰਜ ਲੱਖ ਵਾਲੀ ਗੱਡੀ 'ਤੇ ਕਾਲਜ ਜਾਂਦਾ ਉਹ। ਮੇਰੀ ਬੇਬੇ ਸਾਰੀ ਉਮਰ ਨੱਕੋਂ-ਕੰਨੋਂ ਬੁੱਚੀ ਫਿਰਦੀ ਰਹੀ। ਪਰ ਅੱਜ ਮੇਰੀ ਘਰ ਵਾਲੀ ਕੋਲ਼ ਕਿੱਲੋਆਂ ਦੇ ਹਿਸਾਬ ਨਾਲ ਸੋਨਾ।

ਕਾਸ਼ ਕਿਤੇ ਅੱਜ ਬਾਪੂ ਜਿਊਂਦਾ ਹੁੰਦਾ। ਸਾਰੀ ਉਮਰ ਉਹਨੂੰ 'ਸੇਮੀ-ਸੇਮੀ' ਕਹਿਣ ਵਾਲੇ ਅੱਜ 'ਸਰਦਾਰ ਜੀ-ਸਰਦਾਰ ਜੀ' ਨਾ ਕਰਦੇ ਤਾਂ ਗੱਲ ਕਰਦੇ। ਬਾਪੂ ਸੀ ਨੀਵੀਂ ਜਾਤ ਦਾ। ਮੈਂ ਜੰਮਿਆਂ ਨੀਵੀਂ ਜਾਤ ਵਾਲੇ ਘਰ। ਪਰ ਅੱਜ ਕਿੱਥੇ ਖੜ੍ਹਾਂ ਮੈਂ ?

ਜਿਹੜੇ ਸਮਝਦੇ ਨੇ ਨਾ ਖ਼ੁਦ ਨੂੰ ਫ਼ੰਨੇ ਖਾਂ। ਵੱਡੀਆਂ ਜਾਤਾਂ ਵਾਲੇ। ਟਿੱਚ ਸਮਝਦਾ ਮੈਂ ਸਭ ਨੂੰ। ਗੱਲ ਤਾਂ ਕਰੇ ਕੋਈ ਮੇਰੇ ਨਾਲ।

ਤੁਸੀਂ ਵੀ ਸੋਚਦੇ ਹੋਵੋਂਗੇ ਬਈ ਜਿਹੜੀਆਂ ਗੱਲਾਂ ਮੈਂ ਸਾਰੀ ਦੁਨੀਆਂ ਤੋਂ ਲੁਕਾਉਂਦਾ ਰਿਹਾ ਉਹ ਥੋਨੂੰ ਕਿਉਂ ਦੱਸੀ ਜਾਂਦਾ।

ਹੈ ਨਾ ?...ਇਹੀ ਸੋਚ ਰਹੇ ਸੀ ਹੁਣੇ ਤੁਸੀਂ ?

ਸਹੀ ਦੱਸਾਂ ਬਾਈ ਜੀ ਥੱਕ ਗਿਆਂ ਮੈਂ ਝੂਠ ਬੋਲ-ਬੋਲ। ਹੁਣ ਦਿਲ ਕਰਦਾ ਆਪਣੀ ਹਰ ਗੱਲ ਕਿਸੇ ਦੂਜੇ ਨੂੰ ਦੱਸਾਂ ਤਾਂ ਜੋ ਮਨ ਹਲਕਾ ਹੋ ਜਾਏ।

ਬਾਈ ਜੀ! ਕਿੱਧਰ ਚੱਲੇ ਤੁਸੀਂ ?

ਜ਼ਰਾ ਬੈਠੋ ਸਹੀ। ਗੱਲ ਤਾਂ ਸੁਣੋ ਮੇਰੀ।

ਲੈ ਹੱਦ ਹੋ ਗਈ। ਕੌਣ ਕਹਿੰਦਾ ਮੈਂ ਯੱਕੜ ਮਾਰਦਾ। ਦੱਸੋ ਹਿਲ ਗਿਆ ਜਾਪਦਾ ਮੈਂ ਤੁਹਾਨੂੰ। 'ਹਿਲੇ' ਤਾਂ ਲੋਕ ਨੇ ਜੋ 'ਹਿਲ' ਗਿਆ ਦੱਸਦੇ ਮੈਨੂੰ। ਤੇ ਤੁਸੀਂ ਵੀ ਲੋਕਾਂ ਨਾਲ ਰਲ ਗਏ। ਫ਼ੰਨੇ ਖਾਂ ਬੰਦਾ ਮੈਂ। ਯਕੀਨ ਤਾਂ ਕਰੋ ਮੇਰਾ। ਦੋ ਮਿੰਟ! ਬਸ ਦੋ ਮਿੰਟ ਬੈਠੋ। ਹੁਣੇ ਯਕੀਨ ਦਵਾਉਂਦਾ ਮੈਂ ਤੁਹਾਨੂੰ। ਟਿੱਚ ਤੁਹਾਨੂੰ ਨਹੀਂ ਲੋਕਾਂ ਨੂੰ ਸਮਝਦਾ ਮੈਂ।

ਕੀ ਕਿਹਾ ?

ਤੁਸੀਂ ਵੀ ਲੋਕਾਂ 'ਚ ਹੀ ਆਉਂਦੇ ਹੋ ?

ਨਹੀਂ..ਨਹੀਂ..

ਆਹ ਗੱਲ ਮੈਂ ਤਾਂ ਨਹੀਂ ਕਹਿੰਦਾ। ਮੈਂ ਤਾਂ ਆਪਣਾ ਸਮਝ ਕੇ ਇੰਨੀਆਂ ਗੱਲਾਂ ਕਰੀਆਂ ਤੁਹਾਡੇ ਨਾਲ। ਚਲ ਬੈਠੋ। ਦੋ-ਚਾਰ 'ਅਕਲ' ਦੀਆਂ ਗੱਲਾਂ ਤਾਂ ਸੁਣ ਲਉ। ਤੁਸੀਂ ਤਾਂ ਗੁੱਸਾ ਕਰਗੇ।

ਰੁਕੋ

ਰੁਕੋ ਤਾਂ ਸਹੀ।

ਮੇਰੀ ਗੱਲ ਤਾਂ ਸੁਣੋ।

ਸੂਰਜ ਮੱਥੇ ਲੱਗਦਾ। ਮੈਂ ਸੱਚ ਦੱਸ ਦਿੱਤਾ ਤੁਹਾਨੂੰ ਸਾਰਾ ਕੁਝ।

ਬਾਈ ਜੀ! ਹੁਣ ਮੈਂ ਝੂਠ ਨਹੀਂ ਬੋਲਦਾ।

********

ਪਿਆਰੇ ਪਾਠਕ ਦੋਸਤੋ ਤੁਹਾਡੇ ਲਈ........